# ਵਿਗਿਆਨ ਜੋਤ

**ਸਾਲ 12, ਅੰਕ 4**

ਜੁਲਾਈ-ਅਗਸਤ, 2017

PUNPUN/2006/17457



ਮੁੱਖ ਸੰਪਾਦਕ:
ਮੇਘ ਰਾਜ ਮਿੱਤਰ

ਸੰਪਾਦਕ:
ਅਜਮੇਰ ਸਿੱਧੂ
ਸੁਰਜੀਤ ਗੱਗ

ਮੁੱਖ ਪ੍ਰਬੰਧਕ:
ਅਮਿੱਤ ਮਿੱਤਰ

ਸੰਪਾਦਕੀ ਬੋਰਡ
* ਰਾਜਾ ਰਾਮ ਹੰਢਿਆਇਆ
* ਮੇਘ ਰਾਜ ਰੱਲਾ
* ਸਰਜੀਤ ਤਲਵਾਰ
* ਗੁਰਪ੍ਰੀਤ ਮੱਲੋਕੇ
* ਮਨਿੰਦਰ ਰੰਧਾਵਾ
* ਨਗਿੰਦਰ ਮਾਨਾਂ

ਸਲਾਹਕਾਰੀ ਬੋਰਡ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ

ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਸ੍ਰਿਸ਼ਟੀ ਦਾ ਨਾ ਕੋਈ ਅੰਤ ਹੈ ਤੇ ਨਾ ਸ਼ੁਰੂਆਤ



ਮਾਰਚ 97 ਤੋਂ 'ਵਿਗਿਆਨ ਜੋਤ' ਲਗਾਤਾਰ ਪਾਠਕਾਂ ਦੀ ਕਚਹਿਰੀ ਵਿੱਚ ਆਪਣੀ ਹਾਜ਼ਰੀ ਲਾ ਰਿਹਾ ਹੈ। ਇਸ ਸਮੇਂ ਦੌਰਾਨ ਬਹੁਤ ਸਾਰੇ ਪਾਠਕਾਂ ਤੇ ਵਿਦਿਆਰਥੀਆਂ ਨੇ ਆਪਣੇ ਸੁਝਾਵਾਂ, ਵਿਚਾਰਾਂ ਅਤੇ ਸੁਆਲਾਂ ਰਾਹੀਂ ਸਮੱਗਰੀ ਤੇ ਦਿੱਖ ਨੂੰ ਸੁਆਰਿਆ ਹੈ। ਪਰ ਅਜੇ ਤੱਕ ਬ੍ਰਹਿਮੰਡ ਅਤੇ ਇਸ ਵਿੱਚ ਮੌਜੂਦ ਮਾਦੇ ਬਾਰੇ ਬਹੁਤ ਸਾਰੇ ਸੁਆਲ ਅਜਿਹੇ ਹਨ ਜਿਹਨਾਂ ਦੇ ਜੁਆਬ ਸਾਡੇ ਪਾਠਕਾਂ ਦੀ ਸਮਝ ਤੋਂ ਬਾਹਰ ਹਨ। ਸੋ ਮੈਂ ਆਪਣੀ ਸੰਪਾਦਕੀ ਰਾਹੀਂ ਇਹਨਾਂ ਵਰਤਾਰਿਆਂ ਨੂੰ ਸਮਝਣ ਲਈ ਕੁਝ ਸੁਝਾਅ ਜਾਂ ਅਟੱਲ ਸਚਾਈਆਂ ਪੇਸ਼ ਕਰ ਰਿਹਾ ਹਾਂ।

1. ਸਮੁੱਚਾ ਬ੍ਰਹਿਮੰਡ ਊਰਜਾ ਦਾ ਬਣਿਆ ਹੋਇਆ ਹੈ। ਸੰਸਾਰ ਦੀ ਹਰੇਕ ਵਸਤੂ ਵਿੱਚ ਊਰਜਾ ਹੈ। ਕਿਸੇ ਵਿੱਚ ਬਹੁਤੀ ਹੈ ਕਿਸੇ ਵਿੱਚ ਥੋੜ੍ਹੀ ਹੈ। ਊਰਜਾ ਦੇ ਰੂਪ ਵੱਖਰੇ-ਵੱਖਰੇ ਹਨ। ਕੋਈ ਤਰਲ, ਕੋਈ ਠੋਸ ਤੇ ਕੋਈ ਗੈਸੀ ਰੂਪ ਵਿੱਚ ਹੈ। ਊਰਜਾ ਦੇ ਰੂਪ ਪ੍ਰੀਵਰਤਨਸ਼ੀਲ ਹਨ। ਸਮੁੱਚੇ ਰੂਪ ਵਿੱਚ ਊਰਜਾ ਨਾ ਪੈਦਾ ਹੁੰਦੀ ਹੈ ਤੇ ਨਾ ਹੀ ਨਸ਼ਟ ਹੁੰਦੀ ਹੈ। ਪ੍ਰਕਾਸ਼, ਧੁਨੀ, ਰਸਾਇਣਕ, ਚੁੰਬਕੀ, ਬਿਜਲਈ ਸਭ ਊਰਜਾ ਦੀਆਂ ਹੀ ਕਿਸਮਾਂ ਹਨ। ਇਸ ਊਰਜਾ ਵਿੱਚ ਲਗਾਤਾਰ ਹੀ ਪ੍ਰੀਵਰਤਨ ਹੋ ਰਿਹਾ ਹੈ।
2. ਹਰਕੇ ਕਾਰਜ ਦੇ ਵਾਪਰਨ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਬ੍ਰਹਿਮੰਡ ਵਿੱਚ ਵਸਤੂਆਂ ਤੇ ਘਟਨਾਵਾਂ ਬੇਤਰਤੀਬੀਆਂ ਨਹੀਂ। ਇਹਨਾਂ ਵਿੱਚ ਵਿਸ਼ੇਸ਼ ਤਰਤੀਬ ਹੈ। ਬ੍ਰਹਿਮੰਡ ਵਿੱਚ ਖਰਬਾਂ ਰਹੱਸ ਸਨ। ਬਹੁਤ ਸਾਰਿਆਂ ਦੇ ਪਰਦੇ ਲਹਿ ਚੁੱਕੇ ਹਨ ਅਤੇ ਬਹੁਤ ਸਾਰਿਆਂ ਦੀ ਖੋਜ ਪੜਤਾਲ ਹੋਣੀ ਬਾਕੀ ਹੈ। ਅੱਜ ਧਰਤੀ ਤੇ ਕਰੋੜਾਂ ਵਿਗਿਆਨੀ ਇਹਨਾਂ ਖੋਜ ਕਾਰਜਾਂ ਵਿੱਚ ਲੱਗੇ ਹੋਏ ਹਨ। ਬਹੁਤ ਸਾਰੇ ਰਹੱਸਾਂ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਇਸਦਾ ਮਤਲਬ ਇਹ ਤਾਂ ਨਹੀਂ ਕਿ ਉਹਨਾਂ ਦਾ ਕੋਈ ਕਾਰਨ ਨਹੀਂ, ਕਾਰਨ ਹੈ ਪਰ ਅੱਜ ਇਹ ਸਾਡੀ ਸਮਝ ਤੋਂ ਬਾਹਰ ਹੈ। ਭਵਿੱਖ ਵਿੱਚ ਇਹ ਸਾਡੀ ਸਮਝ ਵਿੱਚ ਜ਼ਰੂਰ ਆਵੇਗਾ।
3. ਸਮਾਂ ਤੇ ਪੁਲਾੜ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਬ੍ਰਹਿਮੰਡ ਦੀ ਹਰੇਕ ਘਟਨਾ ਜਾਂ ਤਾਂ ਸਮਕਾਲੀਨ ਹੈ ਜਾਂ ਇੱਕ ਦੂਜੇ ਤੋਂ ਪਹਿਲਾਂ ਜਾਂ ਪਿੱਛੋਂ ਵਾਪਰੀ ਹੈ। ਇਹ ਸਮਾਂ ਹੈ, ਸੰਸਾਰ ਦੀਆਂ ਸਾਰੀਆਂ ਵਸਤੂਆਂ ਆਕਾਰ, ਦਿਸ਼ਾ, ਰੂਪ, ਸ਼ਕਲ ਅਤੇ ਗਤੀ ਰਾਹੀਂ ਇੱਕ ਦੂਜੇ ਨਾਲ ਸਬੰਧਿਤ ਹਨ। ਬ੍ਰਹਿਮੰਡ ਦੀਆਂ ਇਹਨਾਂ ਵਸਤੂਆਂ ਦੇ ਆਪਸੀ ਸਬੰਧਾਂ ਨੂੰ ਪੁਲਾੜ ਦਾ ਨਾਂ ਦਿੱਤਾ ਜਾਂਦਾ ਹੈ।

ਸੋ ਉਪਰੋਕਤ ਤੱਥਾਂ ਤੇ ਡੂੰਘੀ ਵਿਚਾਰ ਤੋਂ ਬਾਅਦ ਅਸੀਂ ਹੇਠ ਲਿਖੇ ਨਤੀਜੇ ਤੇ ਪਹੁੰਚਦੇ ਹਾਂ।

1. ਕੁਦਰਤ ਸਵੈ ਚਲਿਤ ਤੇ ਖੁਦ ਮੁਖਤਿਆਰ ਹੈ।
2. ਨਾ ਕੋਈ ਸਿਰਜਣਹਾਰ ਹੈ ਤੇ ਸੀ, ਨਾ ਹੀ ਉਸਦੀ ਸਿਰਜਣਾ।
3. ਸ੍ਰਿਸ਼ਟੀ ਦਾ ਨਾ ਕੋਈ ਅੰਤ ਹੈ ਤੇ ਨਾ ਸ਼ੁਰੂਆਤ।
4. ਬ੍ਰਹਿਮੰਡ ਅਨੰਤ ਹੈ, ਇਸਦੀ ਕੋਈ ਸੀਮਾ ਨਹੀਂ।

**ਮੇਘ ਰਾਜ ਮਿੱਤਰ**
ਮੁੱਖ ਸੰਪਾਦਕ

# ਯਾਦਾਂ ਦੇ ਝਰੋਖੇ 'ਚੋਂ...



**ਮੇਘ ਰਾਜ ਮਿੱਤਰ**
ਫੋਨ ਨੰ: 98887-87440

## 1. ਬਨਾਰਸ ਦੇ ਮੰਦਰ



ਮੇਰੇ ਚਾਚਾ ਜਸਵੰਤ ਰਾਏ ਜੀ ਦੀ ਉਮਰ 85 ਸਾਲ ਹੈ। ਉਹਨਾਂ ਦੀ ਯਾਦਾਸਤ ਬਹੁਤ ਤੇਜ਼ ਹੈ। ਆਪਣੀ ਜ਼ਿੰਦਗੀ ਵਿੱਚ ਉਹ ਇੱਕ ਅਧਿਆਪਕ ਰਹੇ ਹਨ। ਉਹ ਕਦੇ-ਕਦੇ ਮੇਰੇ ਨਾਲ ਆਪਣੇ ਪਰਿਵਾਰ ਦੀਆਂ ਪੁਰਾਣੀਆਂ ਯਾਦਾਂ ਵੀ ਸਾਂਝੀਆਂ ਕਰਦੇ ਰਹਿੰਦੇ ਹਨ। ਇੱਕ ਦਿਨ ਉਹਨਾਂ ਨੇ ਮੈਨੂੰ ਗੱਲ ਸੁਣਾਈ ਕਿ ਮੇਰੇ ਦਾਦਾ ਜੀ ਇੱਕ ਵਾਰ ਬਨਾਰਸ ਗਏ। ਉੱਥੇ ਉਹਨਾਂ ਨੂੰ ਕੋਈ ਵਿਅਕਤੀ ਕਹਿਣ ਲੱਗਿਆ ਕਿ ਇੱਥੇ ਤਾਂ ਐਨੇ ਮੰਦਰ ਹਨ ਕਿ ਜੇ ਤੂੰ ਇੱਕ ਰੁਪਏ ਦੇ ਚੌਲ ਲੈ ਲੈਵੇਂ ਤਾਂ ਇੱਕ ਇੱਕ ਦਾਣਾ ਸਾਰੇ ਮੰਦਿਰਾਂ ਤੇ ਚੜ੍ਹਾ ਦੇਵੇਂ ਤਾਂ ਵੀ ਚੌਲ ਖਤਮ ਹੋ ਜਾਣਗੇ ਪਰ ਮੰਦਰ ਖਤਮ ਨਹੀਂ ਹੋਣਗੇ। ਉਹਨਾਂ ਸਮਿਆਂ ਵਿੱਚ ਇੱਕ ਰੁਪਏ ਦੇ ਚਾਰ ਸੇਰ ਚਾਵਲ ਆ ਜਾਂਦੇ ਸਨ। ਇਸ ਲਈ ਮੇਰੇ ਬਾਬੇ ਨੇ ਸਾਰੇ ਮੰਦਰਾਂ ਵਿੱਚ ਜਾਣ ਦਾ ਵਿਚਾਰ ਤਿਆਗ ਦਿੱਤਾ ਤੇ ਕੁਝ ਮੰਦਰਾਂ ਦੀ ਯਾਤਰਾ ਕਰਕੇ ਵਾਪਸ ਆ ਗਿਆ।

## 2. ਸੁੱਖ

ਇਸੇ ਤਰ੍ਹਾਂ ਚਾਚਾ ਜੀ ਕਹਿਣ ਲੱਗੇ ਕਿ ਮੇਰੀ ਉਮਰ ਉਸ ਸਮੇਂ 23 ਵਰ੍ਹਿਆਂ ਦੀ ਸੀ ਕਿ ਮੈਨੂੰ ਟਾਈਫਾਈਡ ਹੋ ਗਿਆ। ਲੱਗਭੱਗ ਦੋ ਹਫ਼ਤੇ ਮੈਂ ਉਸ ਬੁਖਾਰ ਨਾਲ ਮੰਜੇ ਤੇ ਪਿਆ ਰਿਹਾ। ਮੇਰੇ ਬਚ ਜਾਣ ਦੀ ਉਮੀਦ ਨਾ ਰਹੀ। ਤਾਂ ਮੇਰੀ ਦਾਦੀ ਨੇ ਸੁਖਣਾ ਸੁਖ ਲਈ ਕਿ ਜੇ ਮੇਰਾ ਪੁੱਤਰ ਬਚ ਜਾਵੇ ਤਾਂ ਮੈਂ ਸੱਤ ਕੁੜੀਆਂ ਨੂੰ ਰੋਟੀ ਖਵਾਵਾਂਗੀ ਅਤੇ ਸਾਰੀਆਂ



ਨੂੰ ਸੂਟ ਵੀ ਦੇਵਾਂਗੀ। ਮੇਰਾ ਚਾਚਾ ਬੇਸੁਰਤੀ ਵਿੱਚ ਮੇਰੀ ਦਾਦੀ ਨੂੰ ਕਹਿਣ ਲੱਗਿਆ "ਮਾਂ ਆਪਾਂ ਪਹਿਲਾਂ ਹੀ ਇੰਨੇ ਗਰੀਬ ਹਾਂ ਤੂੰ ਇਹ ਸੁੱਖ ਕਿਵੇਂ ਪੂਰੀ ਕਰੇਂਗੀ।" ਤਾਂ ਉਹ ਕਹਿਣ ਲੱਗੀ। "ਪੁੱਤ ਤੂੰ ਠੀਕ ਹੋ ਮੈਂ ਸਾਰੀਆਂ ਸੁੱਖਾਂ ਆਪਣੇ ਆਪ ਪੂਰੀਆਂ ਕਰ ਦੇਵਾਂਗੀ।" ਸਬੱਬੀ ਮੈਨੂੰ ਮੋੜ ਪੈ ਗਿਆ, ਕੁਝ ਦਿਨਾਂ ਬਾਅਦ ਮੈਂ ਠੀਕ ਹੋ ਗਿਆ। ਮੇਰੀ ਮਾਂ ਨੇ ਚੁੱਟਕੀ-ਚੁੱਟਕੀ ਆਟੇ ਦੀਆਂ ਸੱਤ ਢੇਰੀਆਂ ਲਾ ਲਈਆਂ ਅਤੇ ਆਪਣੀ ਚੁੰਨੀ ਵਿੱਚੋਂ ਸੱਤ ਧਾਗੇ ਕੱਢਕੇ ਉਹਨਾਂ ਉਪਰ ਚੜ੍ਹਾ ਦਿੱਤੇ ਕਹਿਣ ਲੱਗੀ "ਪੁੱਤ ਮੈਂ ਸੁੱਖ ਲਾਹ ਦਿੱਤੀ ਹੁਣ ਸੱਤ ਕੁੜੀਆਂ ਆਉਣਗੀਆਂ ਅਤੇ ਆਪਣਾ ਆਪਣਾ ਖਾਣਾ ਖਾਕੇ ਕੱਪੜੇ ਵੀ ਲੈ ਜਾਣਗੀਆਂ।" ਮੈਂ ਪੁੱਛਿਆ ਕਿ ਕੁੜੀਆਂ ਕਿੱਥੇ ਨੇ ਤਾਂ ਉਹ ਕਹਿਣ ਲੱਗੀ "ਕੀੜੀਆਂ ਆਉਣਗੀਆਂ ਅਤੇ ਇਹਨਾਂ ਨੂੰ ਖਾ ਜਾਣਗੀਆਂ। ਕੀੜੀਆਂ ਵੀ ਕੁੜੀਆਂ ਹੁੰਦੀਆਂ ਹਨ।"

## 3. ਜੱਟ ਤੇ ਬ੍ਰਾਹਮਣ

ਸਰਾਧਾਂ ਦੇ ਦਿਨ ਸਨ। ਪੰਡਿਤ ਜੀ ਹਰ ਰੋਜ਼ ਖੀਰ ਖਾਕੇ ਢਿੱਡ ਤੇ ਹੱਥ ਮਾਰਦੇ ਇੱਕ ਜੱਟ ਕੋਲ ਦੀ ਹਰ ਰੋਜ਼ ਲੰਘਿਆ ਕਰਨ। ਇੱਕ ਦਿਨ ਜੱਟ ਬ੍ਰਾਹਮਣ ਨੂੰ ਕਹਿਣ ਲੱਗਿਆ, "ਤੁਸੀਂ ਰੋਜ਼ ਵਧੀਆ-ਵਧੀਆ ਖਾਣਾ ਖਾਂਦੇ ਹੋ ਤੇ ਮੈਨੂੰ ਵੀ ਬ੍ਰਾਹਮਣ ਬਣਾ ਲਵੋ।" ਪੰਡਿਤ ਜੀ ਕਹਿਣ ਲੱਗੇ ਸ਼ਾਮ ਨੂੰ ਮੇਰੇ ਘਰ ਆ ਜਾਵੀਂ ਤੈਨੂੰ ਵੀ ਬ੍ਰਾਹਮਣ ਬਣਾ ਦੇਵਾਂਗੇ। ਸ਼ਾਮੀਂ ਜੱਟ ਬ੍ਰਾਹਮਣ ਦੇ ਘਰ ਪਹੁੰਚ ਗਿਆ। ਪੰਡਿਤ ਜੀ ਮਹਾਰਾਜ ਨੇ ਗੰਗਾ ਜਲ ਦੀ ਸ਼ੀਸ਼ੀ ਅਲਮਾਰੀ ਵਿੱਚੋਂ ਚੁੱਕੀ ਅਤੇ ਜੱਟ ਤੇ ਛਿੜਕ ਦਿੱਤੀ ਅਤੇ ਕਹਿਣ ਲੱਗਿਆ। "ਹੁਣ ਤੋਂ ਤੂੰ ਬ੍ਰਾਹਮਣ ਬਣ ਗਿਆ ਹੈਂ। ਮੀਟ ਨਾ ਖਾਈਂ।" ਅਗਲੇ ਦਿਨ ਜੱਟ ਮੁਰਗਾ ਚੁੱਕੀ ਆਵੇ ਅਤੇ ਉਸ ਨੂੰ ਬ੍ਰਾਹਮਣ ਜੀ ਮਿਲ ਗਏ, ਪੁੱਛਣ ਲੱਗੇ ਤੂੰ ਤਾਂ ਬ੍ਰਾਹਮਣ ਬਣ ਗਿਆ ਸੀ ਪਰ ਮੁਰਗਾ ਅਜੇ ਵੀ ਚੁੱਕੀ ਫਿਰਦਾ ਹੈਂ। ਤਾਂ ਜੱਟ ਕਹਿਣ ਲੱਗਿਆ ਇਹ ਮੁਰਗਾ ਨਹੀਂ ਇਹ ਤਾਂ ਆਲੂ ਹੈ। ਤਾਂ ਬ੍ਰਾਹਮਣ ਕਹਿਣ ਲੱਗਿਆ ਕਿ ਮੈਨੂੰ ਇਹ ਦਿੱਸਦਾ ਨਹੀਂ ਤੂੰ ਮੁਰਗੇ ਨੂੰ ਆਲੂ ਕਹੀ ਜਾ ਰਿਹਾ ਹੈਂ। ਤਾਂ ਜੱਟ ਨੇ ਆਪਣੇ ਜੇਬ ਵਿੱਚੋਂ ਗੰਗਾ ਜਲ ਦੀ ਸ਼ੀਸ਼ੀ ਕੱਢੀ ਤੇ ਮੈਂ ਪਹਿਲਾਂ ਮੁਰਗੇ ਉਪਰ ਗੰਗਾ ਜਲ ਛਿੜਕ ਕੇ ਇਸ ਨੂੰ ਆਲੂ ਬਣਾ ਲਿਆ ਸੀ। ਪੰਡਿਤ ਜੀ ਕਹਿਣ ਲੱਗੇ ਕਿ ਕਦੇ ਗੰਗਾ ਜਲ ਛਿੜਕਣ ਨਾਲ ਮੁਰਗਾ ਵੀ ਆਲੂ ਬਣਿਆਂ ਹੈ? ਤਾਂ ਜੱਟ ਜੀ ਮਹਾਰਾਜ ਜੀ ਦਾ ਜੁਆਬ ਸੀ "ਜੇ ਗੰਗਾ ਜਲ ਦੇ ਛਿੜਕਣ ਨਾਲ ਜੱਟ ਬ੍ਰਾਹਮਣ ਬਣ ਸਕਦਾ ਹੈ ਤਾਂ ਮੁਰਗਾ ਆਲੂ ਕਿਉਂ ਨਹੀਂ।" ਬ੍ਰਾਹਮਣ ਜੀ ਕੋਲ ਕੋਈ ਜਵਾਬ ਨਹੀਂ ਸੀ।

## 4. ਜਦੋ ਮਟੀ ਮੰਦਰ ਬਣੀ

ਸਾਡੇ ਪਿੰਡ ਸਹਿਜੜੇ ਵਿੱਚ ਬਹੁਤ ਸਾਰੀਆਂ ਮਟੀਆਂ ਹੁੰਦੀਆਂ ਸਨ। ਇਹਨਾਂ ਮਟੀਆਂ ਵਿੱਚੋਂ ਇੱਕ ਸਾਡੇ ਖਾਨਦਾਨ ਦੀ ਵੀ ਹੁੰਦੀ ਸੀ। ਪਰਿਵਾਰ ਵਾਲੇ ਦੱਸਦੇ ਸਨ ਕਿ ਇਹ ਮਟੀ ਭੂਆ ਰਾਣੀ ਦੀ ਹੈ। ਕਹਿੰਦੇ ਹਨ ਸਾਡੇ ਪਰਿਵਾਰ ਵਿੱਚੋਂ ਕੋਈ ਕੁੜੀ ਆਪਣੇ ਪਤੀ ਦੀ ਮੌਤ ਨਾਲ ਹੀ ਸਤੀ ਹੋ ਗਈ ਸੀ। ਇਸ ਲਈ ਉਸ ਦੇ ਪੇਕੇ ਸਾਡੇ ਪਰਿਵਾਰ ਵਿੱਚ ਸਨ। ਇਸ ਲਈ ਉਸ ਦੀ ਮਟੀ ਬਣਾ ਦਿੱਤੀ ਗਈ ਇਹ ਮਟੀ ਛੱਪੜ ਕਿਨਾਰੇ ਹੋਣ ਕਾਰਨ ਕਦੇ ਪਾਣੀ ਵਿੱਚ ਡੁੱਬ ਜਾਂਦੀ ਸੀ ਕਦੇ ਪਾਣੀ ਵਿੱਚੋਂ ਇਸ ਦੀਆਂ ਇੱਟਾਂ ਬਾਹਰ ਨਿੱਕਲ ਆਉਂਦੀਆਂ। ਚਾਰ-ਪੰਜ ਇੱਟਾਂ ਦੀ ਇਹ ਮਟੀ ਸੀ। ਜਿਉਂ-ਜਿਉਂ ਸਾਡਾ ਪਰਿਵਾਰ ਵੱਡਾ ਹੁੰਦਾ ਗਿਆ ਤਾਂ ਇਸ ਦੇ ਬਹੁਤ ਸਾਰੇ ਮੈਂਬਰ ਅਲੱਗ-ਅਲੱਗ ਸ਼ਹਿਰਾਂ ਦੇ ਵਾਸੀ ਹੋ ਗਏ। ਪਰ ਹਰ ਸਾਲ ਉਹ ਮਿੱਟੀ ਕੱਢਣ ਲਈ ਮਟੀ ਕੋਲ ਛੱਪੜ ਕਿਨਾਰੇ ਪਹੁੰਚਦੇ। ਹਰ ਵਾਰ ਉਹਨਾਂ ਦੀ ਇੱਛਾ ਦਾਨ ਪੁੰਨ ਕਰਨ ਦੀ ਵੀ ਹੁੰਦੀ ਸੀ। ਇਸ ਲਈ ਇਹ ਮਟੀ ਵੱਡੀ ਹੁੰਦੀ ਗਈ ਅੱਜ ਇਹ ਮਟੀ ਨਹੀਂ ਰਹੀ ਸਗੋਂ ਮੰਦਰ ਬਣ ਗਿਆ ਹੈ। ਇਸੇ ਸਾਲ ਪਿੰਡ ਰਹਿਣ ਵਾਲੇ ਸਾਡੇ ਸਰੀਕੇ ਚਾਰ-ਪੰਜ ਮੁੰਡੇ ਮੇਰੇ ਕੋਲ ਆਏ ਕਹਿਣ ਲੱਗੇ ਕਿ ਅਸੀਂ ਮੰਦਰ ਵਿੱਚ ਜਾਗਰਾਤਾ ਕਰਨਾ ਹੈ, ਕੁਝ ਦਾਨ ਪੁੰਨ ਦਿਉਂ। ਮੈਂ ਉਹਨਾਂ ਨੂੰ ਪੁੱਛਿਆ ਕਿ ਜਾਗਰਾਤਾ ਕਰਨ ਨਾਲ ਪਿੰਡ ਨੂੰ ਜਾਂ ਤੁਹਾਨੂੰ ਕੀ ਫਰਕ ਪਵੇਗਾ? ਤਾਂ ਉਹ ਕਹਿਣ ਲੱਗੇ ਫਰਕ ਤਾਂ ਕੀ ਪੈਣਾ ਹੈ। ਮੈਂ ਉਹਨਾਂ ਨੂੰ ਕਿਹਾ





ਕਿ ਵਧੀਆ ਗੱਲ ਹੋਵੇਗੀ ਤੁਸੀਂ ਮੈਥੋਂ ਪਿੰਡ ਦੇ ਸਕੂਲ, ਹਸਪਤਾਲ ਜਾਂ ਧਰਮਸ਼ਾਲਾ ਲਈ ਕੁਝ ਮੰਗਣ ਆਉਂਦੇ। ਪਰ ਉਹ ਨੌਜਵਾਨ ਚੁੱਪ ਸਨ। ਕਾਸ਼ ਮੇਰੇ ਪਿੰਡ ਦੇ ਨੌਜਵਾਨ ਜਾਗਰੂਕ ਹੁੰਦੇ। ਇਸ ਤਰ੍ਹਾਂ ਮੇਰੀ ਸੁਰਤ ਵਿੱਚ ਪਿੰਡਾਂ ਦੀਆਂ ਬਹੁਤ ਸਾਰੀਆਂ ਮਟੀਆਂ ਮੰਦਰਾਂ ਵਿੱਚ ਅਤੇ ਗੁਰਦੁਆਰਿਆਂ ਵਿੱਚ ਬਦਲ ਗਈਆਂ ਹਨ। ਹਰ ਸਾਲ ਇਹਨਾਂ ਦੀ ਗਿਣਤੀ ਵੱਧ ਰਹੀ ਹੈ।

**5. ਦਰੱਖਤਾਂ ਵਿੱਚੋਂ ਪਾਣੀ ਦੀਆਂ ਫੁਹਾਰਾਂ**

ਬਰਨਾਲੇ ਤੋਂ 15 ਕਿਲੋਮੀਟਰ ਦੀ ਵਿੱਥ ਤੇ ਇੱਕ ਚੌਂਕ ਬਣਿਆ ਹੋਇਆ ਹੈ। ਇਸ ਨੂੰ ਪੱਖੋ ਕੈਂਚੀਆਂ ਕਿਹਾ ਜਾਂਦਾ ਹੈ। ਇੱਥੋਂ 50 ਮੀਟਰ ਤੇ ਭਗਤੇ ਵਾਲੀ ਸਾਈਡ ਤੇ ਇੱਕ ਖੂਹ ਦੇ ਕਿਨਾਰੇ ਪਿੱਪਲ ਦਾ ਰੁੱਖ ਲੱਗਿਆ ਹੋਇਆ ਹੈ। ਅਤੇ ਕੁਝ ਛੋਟੇ ਜਿਹੇ ਦਰੱਖਤ ਸਿੰਬਲ ਵਾਲੇ ਦਰੱਖਤਾਂ ਦੀ ਕਿਸਮ ਦੇ ਹਨ। ਇਹਨਾਂ ਬੂਟਿਆਂ ਤੋਂ ਪਾਣੀ ਦੀਆਂ ਬਾਰੀਕ ਫੁਹਾਰਾਂ ਡਿੱਗਦੀਆਂ ਸਨ। ਬਹੁਤ ਸਾਰੇ ਲੋਕਾਂ ਨੇ ਇਹਨਾਂ ਪਾਣੀ ਦੀਆਂ ਫੁਹਾਰਾਂ ਨੂੰ ਚਮਤਕਾਰ ਸਮਝਣਾ ਸ਼ੁਰੂ ਕਰ ਦਿੱਤਾ। ਇਹ ਦਰੱਖਤ ਸੜਕ ਦੇ ਇੱਕ ਪਾਸੇ ਸਨ। ਇਸ ਲਈ ਜਾਣ ਆਉਣ ਵਾਲੀਆਂ ਕਾਰਾਂ ਨੇ ਵੀ ਇੱਥੇ ਬਰੇਕ ਮਾਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਵਾਹਵਾ ਰੌਣਕਾਂ ਲੱਗਣ ਲੱਗ ਪਈਆਂ। ਕੁਝ ਸਾਧ ਸੰਤ ਅਜਿਹੇ ਸਥਾਨ ਦੀ ਭਾਲ ਵਿੱਚ ਸਨ ਤਾਂ ਜੋ ਉਹ ਕੋਈ ਕੁਟੀਆ ਬਣਾਕੇ ਵੱਡਾ ਮੰਦਰ, ਡੇਰਾ ਜਾਂ ਗੁਰਦੁਆਰਾ ਬਣਾ ਸਕਣ। ਜ਼ਮੀਨ ਸਾਫ਼ ਕਰਨੀ ਸ਼ੁਰੂ ਕਰ ਦਿੱਤੀ ਗਈ। ਪਾਣੀ ਦੀਆਂ ਛਬੀਲਾਂ ਲਾ ਦਿੱਤੀਆਂ ਗਈਆਂ। ਲੰਗਰ ਲਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਪੱਤਰਕਾਰਾਂ ਨੇ ਅਖਬਾਰਾਂ ਵਿੱਚ ਖਬਰਾਂ ਲਾ ਦਿੱਤੀਆਂ। ਤਰਕਸ਼ੀਲਾਂ ਦੀਆਂ ਟੋਲੀਆਂ ਇਸ ਦੀ ਪੜਤਾਲ ਲਈ ਪਹੁੰਚ ਗਈਆਂ। ਹਰ ਇੱਕ ਨੇ ਆਪਣੇ ਹਿਸਾਬ ਨਾਲ ਇਸ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ। ਮੈਂ ਵੀ ਆਪਣੇ ਕੁਝ ਸਾਥੀਆਂ ਨਾਲ ਇਸ ਸਥਾਨ ਤੇ ਪੁੱਜ ਗਿਆ। ਮੈਂ ਵੇਖਿਆ ਕਿ ਇਸ ਦਰੱਖਤ ਦੇ ਉਪਰ ਕੁਝ ਟਿੱਡੇ ਦਰੱਖਤ ਦੀਆਂ ਨਵੀਆਂ ਪੈਦਾ ਹੋਈਆਂ ਟਾਹਣੀਆਂ ਦੇ ਜੋੜਾਂ ਵਿੱਚ ਬੈਠੇ ਸਨ। ਅਤੇ ਉਹ ਟਿੱਡੇ ਉਹਨਾਂ ਵਿੱਚੋਂ ਪਾਣੀ ਪੀਂਦੇ ਰਹਿੰਦੇ ਅਤੇ ਆਪਣੇ ਹਾਰਮੋਨਾਂ ਅਤੇ ਪਿਸ਼ਾਬ ਦੀਆਂ ਫੁਹਾਰਾਂ ਛੱਡਦੇ ਰਹਿੰਦੇ। ਸਾਡਾ ਇੱਕ ਸਾਥੀ ਇਹਨਾਂ ਦਰੱਖਤਾਂ ਉਪਰ ਚੜ੍ਹਕੇ ਉਹਨਾਂ ਟਿੱਡਿਆਂ ਦੀਆਂ ਤਸਵੀਰਾਂ ਵੀ ਖਿਚ ਲਿਆਇਆ। ਅਗਲੇ ਦਿਨ ਉਹ ਟਿੱਡਾ ਵੀ ਫੜ ਲਿਆਇਆ। ਇਹ ਟਿੱਡੇ ਦਰੱਖਤਾਂ ਵਿੱਚੋਂ ਏਨਾ ਪਾਣੀ ਪੀ ਜਾਂਦੇ ਸਨ ਕਿ ਦਰੱਖਤਾਂ ਦੀਆਂ ਟਾਹਣੀਆਂ ਵੀ ਸੁੱਕ ਰਹੀਆਂ ਸਨ। ਜਦੋਂ ਮੈਂ ਇਹਨਾਂ ਟਿੱਡਿਆਂ ਦੀ ਨੈੱਟ ਤੋਂ ਕਹਾਣੀ ਪੜ੍ਹੀ ਤਾਂ ਪਤਾ ਚੱਲਿਆ ਕਿ ਗਰਮੀ ਦੇ ਮੌਸਮ ਵਿੱਚ ਇਹ ਟਿੱਡੇ ਆਪਣੇ ਵਾਤਾਵਰਨ ਨੂੰ ਠੰਡਾ ਕਰਨ ਲਈ ਅਤੇ ਆਪਣੀਆਂ ਸਾਥਣਾਂ ਨੂੰ ਸੱਦਣ ਲਈ ਇਹ ਤਕਨੀਕ ਦਾ ਇਸਤੇਮਾਲ ਕਰਦੇ ਹਨ। ਅਖਬਾਰਾਂ ਵਿੱਚ ਇਹਨਾਂ ਖਬਰਾਂ ਦਾ ਬਹੁਤਾ ਪ੍ਰਚਾਰ ਹੋ ਜਾਣ ਕਾਰਨ ਇੱਥੋਂ ਦਾ ਸਰਕਾਰੀ ਜੰਗਲਾਤ ਵਿਭਾਗ ਵੀ ਹਰਕਤ ਵਿੱਚ ਆ ਗਿਆ। ਤੇ ਉਹਨਾਂ ਨੇ ਇਹਨਾਂ ਦਰੱਖਤਾਂ ਤੇ ਸਪਰੇਅ ਵੀ ਕਰਵਾ ਦਿੱਤਾ। ਥਾਂ ਤੇ ਕਬਜ਼ਾ ਕਰਨ ਦੇ ਯਤਨ ਕਰਨ ਵਾਲੇ ਵਿਅਕਤੀਆਂ ਵਿਰੁੱਧ ਵੀ ਸਕਾਇਤ ਪੁਲੀਸ ਵਿੱਚ ਦਰਜ਼ ਕਰਾ ਦਿੱਤੀ ਗਈ। ਅਜਿਹੇ ਦਰਖੱਤਾਂ ਵਿੱਚੋਂ ਨਿੱਕਲਦੀਆਂ ਫੁਹਾਰਾਂ ਦੀਆਂ ਖਬਰਾਂ ਕਈ ਹੋਰ ਪਾਸਿਆਂ ਤੋਂ ਵੀ ਆਈਆਂ ਹਨ। ਇਹਨਾਂ ਦਰੱਖਤਾਂ ਉਪਰ ਇਹਨਾਂ ਟਿੱਡਿਆਂ ਦਾ ਹਮਲਾ ਫਸਲਾਂ ਉਪਰ ਆਉਣ ਵਾਲੀ ਕਿਸੇ ਬੀਮਾਰੀ ਦਾ ਸੰਕੇਤ ਹੈ। ਇਸ ਸੰਬਧੀ ਮੈਨੂੰ ਦੋ ਤਿੰਨ ਰੇਡਿਓ ਸ਼ਟੇਸ਼ਨਾਂ, ਚੈਨਲਾਂ ਅਤੇ ਅਖ਼ਬਾਰਾਂ ਵਿੱਚ ਵੀ ਬਿਆਨ ਦੇਣੇ ਪਏ ਹਨ। ਲੋਕਾਂ ਦੀਆਂ ਭੀੜਾਂ ਇਸ ਤਰ੍ਹਾਂ ਕੰਟਰੋਲ ਕੀਤੀਆਂ ਗਈਆਂ ਹਨ। ਚੈਨਲ ਵਾਲਿਆਂ ਨੇ ਇੱਕ 5 ਮਿੰਟ ਦੀ ਵੀਡੀਓ ਯੂ ਟਿਊਬ ਉੱਤੇ ਵੀ ਲੋਡ ਕਰ ਦਿੱਤੀ ਅਤੇ ਲੱਗਭੱਗ ਸਾਢੇ ਪੰਜ ਲੱਖ ਤੋਂ ਉਪਰ ਦਰਸ਼ਕਾਂ ਨੇ ਇਸ ਨੂੰ ਵੇਖਿਆ ਹੈ।

**6. ਭੂਤ ਦਾ ਵੀਡੀਓ**

ਅੱਜ ਕੱਲ ਸੋਸ਼ਲ ਮੀਡੀਆ ਤੇ ਅਜੀਬ-ਅਜੀਬ ਕਿਸਮ ਦੀਆਂ ਅਫਵਾਹਾਂ ਛੱਡੀਆਂ ਜਾਂਦੀਆਂ ਹਨ। ਇਹ ਕੁੱਝ ਸ਼ਰਾਰਤੀ ਵਿਅਕਤੀਆਂ ਦਾ ਕੰਮ ਹੁੰਦਾ ਹੈ। ਪਿੱਛੇ ਜਿਹੇ ਵਿਖਾਇਆ ਗਿਆ ਕਿ ਚੰਡੀਗੜ੍ਹ ਦੇ ਹਸਪਤਾਲ ਪੀ. ਜੀ. ਆਈ. ਵਿੱਚ ਭੂਤਾਂ ਨੇ ਆ ਕੇ ਡੇਰੇ ਲਾ ਲਏ ਹਨ। ਉਹ ਬੈਂਚਾਂ ਨੂੰ ਇੱਧਰ-ਉੱਧਰ ਕਰ ਦਿੰਦੀਆਂ ਹਨ ਅਤੇ ਉਲਟਾ ਵੀ ਦਿੰਦੀਆਂ ਹਨ ਪਰ ਜਦੋਂ ਅਸੀਂ ਇਸ ਗੱਲ ਦੀ ਪੜਤਾਲ ਕੀਤੀ ਤਾਂ ਸਾਨੂੰ ਪਤਾ ਲੱਗਿਆ ਕਿ ਇਹ ਵੀਡੀਓ ਅਸਲ ਵਿੱਚ ਪੀ. ਜੀ. ਆਈ. ਦੀ ਹੈ ਹੀ ਨਹੀਂ ਸੀ। ਸਗੋਂ ਮਾਰਚ ਮਹੀਨੇ ਵਿੱਚ ਫਿਲਮਾਈ ਗਈ ਬਰਾਜੀਲ ਦੇ ਕਿਸੇ ਹਸਪਤਾਲ ਦੀ ਸੀ। ਜਿਸ ਵਿੱਚ ਬੈਂਚ ਨੂੰ ਖਿੱਚਣ ਲਈ ਅਦਿੱਖ ਪੁਤਲੀਆਂ ਨੂੰ ਹਿਲਾਉਣ ਵਾਲੇ ਧਾਗੇ ਦਾ ਇਸਤੇਮਾਲ ਕੀਤਾ ਗਿਆ ਸੀ। ਇਸ ਤਰ੍ਹਾਂ ਇੱਕ ਹੋਰ ਵੀਡੀਓ ਵੀ ਚੱਲਦੀ ਦਿਖਾਈ ਗਈ ਹੈ। ਜਿਸ ਵਿੱਚ ਇੱਕ ਭੂਤ ਨੂੰ ਛੱਤ ਤੇ ਬੈਠਾ ਵਿਖਾਇਆ ਗਿਆ ਹੈ। ਅਸਲ ਵਿੱਚ ਇਹ ਵੀਡੀਓ ਛੱਤ ਤੇ ਬੈਠੇ ਵਿਅਕਤੀਆਂ ਦੀਆਂ ਹਨ ਜਿੰਨਾਂ ਨੇ ਅਜੀਬ ਕੱਪੜੇ ਪਹਿਨੇ ਹਨ। ਜਿਵੇਂ ਅਸੀਂ ਪਹਿਲਾਂ ਵੀ ਦੱਸਦੇ ਰਹੇ ਹਾਂ ਕਿ ਭੂਤਾਂ ਪ੍ਰੇਤਾਂ ਦੀ ਹੋਂਦ ਸੰਭਵ ਵੀ ਨਹੀਂ ਹੈ ਕਿਉਂਕਿ ਕਿਸੇ ਵੀ ਚੀਜ਼ ਨੂੰ ਬੋਲਣ ਲਈ ਜਾਂ ਹਰਕਤ ਕਰਨ ਲਈ ਊਰਜਾ ਦੀ ਲੋੜ ਹੁੰਦੀ ਹੈ। ਭੂਤਾਂ-ਪ੍ਰੇਤਾਂ ਵਿੱਚ ਇਹ ਊਰਜਾ ਕਿਥੋਂ ਆਉਂਦੀ ਹੈ।

ਸਾਡੇ ਇਸ ਸੁਆਲ ਦਾ ਜੁਆਬ ਕੋਈ ਨਹੀਂ ਦੇ ਸਕਿਆ। ਕਹਿੰਦੇ ਹਨ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਵਿੱਚੋਂ ਆਤਮਾ ਬਾਹਰ ਨਿੱਕਲ ਜਾਂਦੀ ਹੈ। ਹੁਣ ਇਹ ਆਤਮਾ ਊਰਜਾ ਕਿੱਥੋਂ ਲੈਂਦੀ ਹੈ ਕਿੱਥੇ ਜਮਾਂ ਰੱਖਦੀ ਹੈ ਤੇ ਕਿੰਨੀ ਊਰਜਾ ਹੁੰਦੀ ਹੈ। ਇਸ ਦਾ ਜੁਆਬ ਦੇਣ ਦਾ ਯਤਨ ਕੋਈ ਨਹੀਂ ਕਰਦਾ।

**7. ਹੰਸ-ਰਾਜ ਵਾਇਰਲੈੱਸ**

ਹੰਸ ਰਾਜ ਵਾਇਰਲੈੱਸ ਦੀਆਂ ਗਤੀ ਵਿਧੀਆਂ ਵਿੱਚ ਮੈਨੂੰ ਦਿਲਚਸਪੀ ਰਹੀ ਹੈ। ਮਿਲਣ ਵਾਲੇ ਬਹੁਤ ਸਾਰੇ ਬਜ਼ੁਰਗਾਂ ਤੋਂ ਮੈਂ ਇਸ ਸਬੰਧੀ ਜਾਣਕਾਰੀ ਲੈਂਦਾ ਵੀ ਰਹਿੰਦਾ ਹਾਂ। ਮੈਂ ਉਸ ਦੁਆਰਾ ਲਿਖੀਆਂ ਗਈਆਂ ਕਿਤਾਬਾਂ ਵੀ ਲੱਭਣਾ ਚਾਹੁੰਦਾ ਹਾਂ, ਪਰ ਮੈਨੂੰ ਅੱਜ ਤੱਕ ਉਸ ਦੁਆਰਾ ਲਿਖੀ ਕੋਈ ਕਿਤਾਬ ਨਹੀਂ

ਮਿਲੀ। 1940 ਤੋਂ ਲੈ ਕੇ 1960 ਤੱਕ ਉਹ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਵਿਗਿਆਨ ਨੂੰ ਹਰਮਨ-ਪਿਆਰਾ ਬਣਾਉਣ ਲਈ ਕੰਮ ਕਰਦਾ ਰਿਹਾ ਹੈ।

ਬਰਨਾਲੇ ਦੇ ਇੱਕ ਵਿਦਵਾਨ ਵਿਅਕਤੀ ਨੇ ਮੈਨੂੰ ਦੱਸਿਆ ਹੈ ਕਿ ਇੱਕ ਵਾਰ ਉਹ ਬਰਨਾਲੇ ਵੀ ਆਇਆ ਸੀ ਤੇ ਉਸ ਨੇ ਪੁਰਾਣੇ ਸਮੇਂ ਵਿੱਚ ਇੱਕ ਪ੍ਰੋਗਰਾਮ ਵੀ ਵਿਖਾਇਆ ਸੀ। ਉਸ ਦੁਆਰਾ ਬਿਜਲੀ ਟਿਊਬ ਨੂੰ ਇਸ ਤਰ੍ਹਾਂ ਫੜਿਆ ਜਾਂਦਾ ਸੀ ਕਿ ਜਿੱਥੇ ਤੱਕ ਉਸਦਾ ਹੱਥ ਹੁੰਦਾ ਸੀ ਉਥੇ ਤੱਕ ਹੀ ਜਗਦੀ ਰਹਿੰਦੀ ਸੀ। ਬਾਕੀ ਟਿਊਬ ਬੰਦ ਹੁੰਦੀ ਸੀ। ਇਸ ਤਰ੍ਹਾਂ ਹੀ ਉਹ ਅੱਖਾਂ ਤੇ ਪੱਟੀ ਬੰਨ੍ਹ ਕੇ ਵੀ ਸਾਇਕਲ ਚਲਾ ਲੈਂਦਾ ਸੀ ਤੇ ਥਾਲੀ ਵਿੱਚ ਕੁਝ ਪੁਰਜੇ ਰੱਖ ਕੇ ਰੇਡਿਓ ਵੀ ਔਨ ਕਰ ਲੈਂਦਾ ਸੀ।

**9. ਕੀ ਮੋਰਨੀ ਮੋਰ ਦੇ ਆਂਸੂ ਪੀ ਕੇ ਗਰਭਵਤੀ ਹੋ ਜਾਂਦੀ ਹੈ?**

ਰਾਜਸਥਾਨ ਦੇ ਹਾਈ ਕੋਰਟ ਦੇ ਇੱਕ ਜੱਜ ਮਹੇਸ਼ ਸ਼ਰਮਾ ਨੇ ਆਪਣੀ ਰਟਾਇਰਮੈਂਟ ਵਾਲੇ ਦਿਨ ਇੱਕ ਬੇਹੁੱਦਾ ਜਿਹਾ ਬਿਆਨ ਦੇ ਕੇ ਇੱਥੋਂ ਦੀ ਵਿਗਿਆਨਕ ਸੋਚ ਰੱਖਣ ਵਾਲੇ ਵਿਅਕਤੀਆਂ ਨੂੰ ਅਜੀਬ ਸਥਿਤੀ ਵਿੱਚ ਪਾ ਦਿੱਤਾ ਹੈ। ਅਸੀਂ 33 ਸਾਲਾਂ ਤੋਂ ਇਹ ਪ੍ਰਚਾਰ ਕਰ ਰਹੇ ਹਾਂ ਕਿ ਮੋਰ ਮੋਰਨੀ, ਮੁਰਗਿਆਂ ਦੇ ਵਰਗ ਵਿੱਚੋਂ ਹਨ ਅਤੇ ਪੇਂਡੂ ਲੋਕਾਂ ਨੇ ਆਮਤੌਰ ਤੇ ਹੀ ਪਿੰਡਾਂ ਵਿੱਚ ਮੁਰਗੇ ਮੁਰਗੀਆਂ ਨੂੰ ਸਹਿਵਾਸ ਕਰਦੇ ਵੇਖਿਆ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੇ ਮੋਰਾਂ ਨੂੰ ਵੀ ਸਹਿਵਾਸ ਕਰਦੇ ਵੇਖਿਆ ਹੈ ਅਤੇ ਅਜਿਹੀਆਂ ਵੀਡੀਓਜ਼ ਅਤੇ ਤਸਵੀਰਾਂ ਹਜ਼ਾਰਾਂ ਦੀ ਗਿਣਤੀ ਉੱਪਰ ਨੈੱਟ ਤੇ ਉਲੱਬਧ ਹਨ ਤੇ ਬਨਸਪਤੀ ਵਿਗਿਆਨ ਦੀਆਂ ਕਿਤਾਬਾਂ ਵਿੱਚ ਵੀ ਇਹ ਸਚਾਈ ਦਰਜ਼ ਹੈ। ਹੁਣ ਇਸ ਜੱਜ ਨੇ ਬਿਆਨ ਦੇ ਦਿੱਤਾ ਹੈ ਕਿ ਮੋਰਨੀਆਂ ਮੋਰ ਦੇ ਆਂਸੂ ਪੀ ਕੇ ਗਰਭਵਤੀ ਹੋ ਜਾਂਦੀਆਂ ਹਨ ਕੀ ਇਹ ਜੱਜ ਮੋਰਾਂ ਨਾਲ ਇਹ ਕਹਿ ਕੇ ਇਨਸਾਫ ਕਰ ਰਿਹਾ ਹੈ ਜਾਂ ਵਿਗਿਆਨਕ ਸੋਚ ਵਾਲਿਆਂ ਦਾ ਮਜ਼ਾਕ ਉਡਾ ਰਿਹਾ ਹੈ।

ਦੂਸਰਾ ਬਿਆਨ ਉਸਨੇ ਇਹ ਦਿੱਤਾ ਹੈ ਕਿ ਗਊ ਨੂੰ ਭਾਰਤ ਦਾ ਕੌਮੀ ਜੀਵ ਬਣਾ ਦੇਣਾ ਚਾਹੀਦਾ ਹੈ। ਭਾਰਤ ਦੇ ਹਿੰਦੂ ਤਾਂ ਗਊ ਨੂੰ ਗਊ ਮਾਤਾ ਕਹਿੰਦੇ ਹਨ। ਹੁਣ ਇਹ ਭੜੂਆ ਗਊ ਨੂੰ ਪਸ਼ੂ ਬਣਾਉਣ ਤੇ ਤੁਲਿਆ ਹੋਇਆ ਹੈ। ਗਊ ਬਾਰੇ ਹੀ ਉਸਨੇ ਇੱਕ ਹੋਰ ਝੂਠ ਬੋਲਿਆ ਹੈ। ਉਸ ਅਨੁਸਾਰ ਗਊ ਸਾਹ ਰਾਹੀ ਆਕਸੀਜ਼ਨ ਪੈਦਾ ਕਰਦੀ ਹੈ। ਹੁਣ ਅਸੀਂ ਵਿਗਿਆਨ ਪੜ੍ਹਾਉਣ ਵਾਲੇ ਅਧਿਆਪਕਾਂ ਨੇ ਵਿਗਿਆਨ ਦੀਆਂ ਕਿਤਾਬਾਂ ਵਿੱਚ ਪੜ੍ਹਿਆ ਹੈ ਕਿ ਜੀਵ ਜੋ ਖੁਰਾਕ ਖਾਂਦੇ ਹਨ ਉਸਨੂੰ ਹਜ਼ਮ ਕਰਨ ਲਈ ਆਕਸੀਜਨ ਦੀ ਲੋੜ ਹੁੰਦੀ ਹੈ। ਹਾਜ਼ਮੇ ਦੌਰਾਨ ਆਕਸੀਜਨ, ਕਾਰਬਨਡਾਈਆਕਸਾਈਡ ਵਿੱਚ ਬਦਲ ਜਾਂਦੀ ਹੈ। ਇਸ ਲਈ ਜੀਵਾਂ ਦੀ ਸਾਹ ਕਿਰਿਆ ਵਿੱਚ ਆਕਸੀਜਨ ਦੀ ਖੱਪਤ ਹੁੰਦੀ ਹੈ ਤੇ ਕਾਰਬਨਡਾਈਆਕਸਾਈਡ ਪੈਦਾ ਹੁੰਦੀ ਹੈ। ਹੁਣ ਜੱਜ ਸਾਹਿਬ ਕਹਿੰਦੇ ਹਨ ਕਿ ਗਊ ਤਾਂ ਆਕਸੀਜਨ ਹੀ ਦਿੰਦੀ ਹੈ। ਇਸ ਦਾ ਮਤਲਬ ਹੈ ਕਿ ਖਾਣਾ ਨਹੀਂ ਖਾਂਦੀ। ਇਸ ਤਰ੍ਹਾਂ ਜਾਂ ਤਾਂ ਜੱਜ ਝੂਠਾ ਹੈ ਜਾਂ ਅਸੀਂ ਸਾਇੰਸ ਪੜ੍ਹਾਉਣ ਵਾਲੇ ਝੂਠੇ ਹਾਂ। ਇਹ ਨਿਤਾਰਾ ਲੋਕਾਂ ਨੇ ਕਰਨਾ ਹੈ।

**10. ਪ੍ਰਸਿੱਧ ਗਾਇਕ ਨਾਲ ਬਤੀਤ ਕੀਤੀ ਇੱਕ ਦੁਪਹਿਰ**

ਛੇ ਸਾਲ ਪਹਿਲਾਂ ਮੈਨੂੰ ਮੇਰੇ ਮਿੱਤਰ ਅਧਿਆਪਕ ਦਾ ਫੋਨ ਆਇਆ, ਕਹਿਣ ਲੱਗਿਆ ਕਿ ਮੇਰਾ ਜਾਣੂੰ ਇੱਕ ਗਾਇਕ ਵੱਡੀ ਸਮੱਸਿਆ ਵਿੱਚ ਫਸ ਗਿਆ ਹੈ। ਕਿਉਂ ਨਾ ਉਸਦਾ ਕਲਿਆਣ ਕਰੀਏ। ਮੈਂ ਤੇ ਉਹ ਅਧਿਆਪਕ ਉਸ ਦੇ ਘਰ ਪਹੁੰਚ ਗਏ। ਗਾਇਕ ਤੇ ਉਸ ਦੀ ਘਰਵਾਲੀ ਨੇ ਸਾਨੂੰ ਜੀ ਆਇਆਂ ਨੂੰ ਕਿਹਾ। ਗਾਇਕ ਸਾਹਿਬ ਕਹਿਣ ਲੱਗੇ ਮੇਰਾ ਪੁੱਤਰ ਆਪਣੇ ਕਮਰੇ ਵਿੱਚੋਂ ਬਾਹਰ ਨਹੀਂ ਨਿੱਕਲਦਾ ਵੇਖੋ ਤਾਂ ਕੀ ਕਾਰਨ ਹੈ। ਜਦੋਂ ਅਸੀਂ ਪੁੱਤਰ ਨਾਲ ਗੱਲ ਬਾਤ ਕੀਤੀ ਤਾਂ ਉਹ ਕਹਿਣ ਲੱਗਿਆ। ਮੇਰੇ ਮਾਂ ਤੇ ਬਾਪ ਦੋਵੇ ਅੰਧਵਿਸ਼ਵਾਸੀ ਦੇ ਚੱਕਰ ਵਿੱਚ ਫਸੇ ਹੋਏ ਹਨ। ਕੋਈ ਕਿਸੇ ਜੋਤਸ਼ੀ ਕੋਲ ਜਾ ਵੜਦਾ ਹੈ। ਕੋਈ ਕਿਸੇ ਸਾਧ ਸੰਤ ਤੋਂ ਪੁੱਛ ਪਵਾਉਂਦਾ ਫਿਰਦਾ ਹੈ। ਜਦੋਂ ਅਸੀਂ ਗਾਇਕ ਤੇ ਉਸਦੀ ਪਤਨੀ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਹ ਕਹਿਣ ਲੱਗੇ ਅਸੀਂ ਤਾਂ ਸਾਰਾ ਕੁਝ ਆਪਣੇ ਪੁੱਤਰ ਲਈ ਕਰਦੇ ਹਾਂ।

ਅਸੀਂ ਵੇਖਿਆ ਕਿ ਇਸ ਗਾਇਕ ਨੇ ਆਪਣੇ ਸਾਰੇ ਘਰ ਨੂੰ ਛੱਤਿਆ ਹੋਇਆ ਸੀ। ਧੁੱਪ ਆਉਣ ਲਈ ਇੱਕ ਇੰਚ ਥਾਂ ਵੀ ਨਹੀਂ ਛੱਡੀ। ਘਰ 300 ਗਜ਼ ਵਿੱਚ ਸੀ। ਮੈਂ ਸੋਚਿਆ ਕਿ ਗਾਇਕ ਸਾਹਿਬ ਵੱਡੇ ਜ਼ਰੂਰ ਬਣ ਗਏ ਹਨ। ਪਰ ਇਹਨਾਂ ਨੂੰ ਜ਼ਿੰਦਗੀ ਜਿਉਣ ਦਾ ਢੰਗ ਨਹੀਂ ਆਉਂਦਾ। ਅਸੀਂ ਫਿਰ ਗਾਇਕ ਦੇ ਪੁੱਤਰ ਨੂੰ ਵਿਸ਼ਵਾਸ ਦੇਵਾਇਆ ਕਿ ਤੇਰੇ ਮਾਂ ਜੀ ਤੇ ਪਿਤਾ ਜੀ ਕਦੇ ਵੀ ਸਾਧਾਂ ਸੰਤਾਂ ਤੇ ਜੋਤਸ਼ੀਆਂ ਦੇ ਚੱਕਰ ਵਿੱਚ ਨਹੀਂ ਪੈਣਗੇ। ਕੀ ਫਿਰ ਤੂੰ ਕਮਰੇ ਵਿੱਚੋਂ ਬਾਹਰ ਆ ਜਾਵੇਂਗਾ।

ਕਾਫੀ ਸਮਝਾਉਣ ਤੋਂ ਬਾਅਦ ਉਸ ਪੁੱਤਰ ਨੇ ਵਾਅਦਾ ਕੀਤਾ ਕਿ ਮੁੜ ਕੇ ਉਹ ਕੋਈ ਅੱਗ ਸੁਆਹ ਨੂੰ ਹੱਥ ਨਹੀਂ ਲਾਵੇਗਾ। ਯਾਨੀ ਕਿ ਨਸ਼ੇ ਤੋਂ ਤੌਬਾ ਕਰ ਲਵੇਗਾ। ਉਸ ਨੂੰ ਸੰਮੋਹਣ ਵਿੱਦਿਆ ਰਾਹੀਂ ਵੀ ਇਸ ਸਬੰਧੀ ਵਾਅਦਾ ਲਿਆ ਗਿਆ। ਪਰ ਅਗਲੇ ਦਿਨ ਹੀ ਉਸ ਨੇ ਨਸ਼ੇ ਦੀ ਵੱਧ ਮਾਤਰਾ ਦਾ ਇਸਤਮਾਲ ਕਰ ਲਿਆ। ਇਸ ਤਰ੍ਹਾਂ ਕੋਮਾ ਵਿੱਚ ਚਲਿਆ ਗਿਆ। ਇਸ ਤਰ੍ਹਾਂ ਉਹ ਆਪਣੀ ਸੁੱਧ ਬੁੱਧ ਖੋ ਬੈਠਾ। ਗਾਇਕ ਸਾਹਿਬ ਵੀ ਇਹ ਸਦਮਾ ਨਾ ਸਾਹਰਦੇ ਹੋਏ ਅਲਵਿਦਾ ਕਹਿ ਗਏ।




# ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 100/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਹਿਟਲਰ ਦੇ ਪੈਰੋਕਾਰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਤਾਨਾਸ਼ਾਹੀ ਵੱਲ ਵੱਧ ਰਿਹਾ ਭਾਰਤ

## ਘੱਟ ਗਿਣਤੀਆਂ ਦੇ ਨਸਲਘਾਤ ਦੀ ਨੀਤੀ ਨੂੰ ਲਾਗੂ ਕਰਨ ਦੇ ਰਾਹ ਪੈ ਗਿਆ

**ਮੱਖਣ ਸਿੰਘ ਜੌਹਲ**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਟਾਲਿਨ ਤੇ ਕਮਿਊਨਿਸਟਾਂ ਦੀ ਨਿਖੇਧੀ ਤਾਂ ਕਰਦਾ ਹੈ ਪਰ ਜਰਮਨੀ ਦੇ ਫਾਸ਼ਿਸਟ ਡਿਕਟੇਟਰ ਹਿਟਲਰ ਤੇ ਇਟਲੀ ਦੇ ਫਾਸ਼ਿਸਟ ਡਿਕਟੇਟਰ ਮੋਸੋਲੀਨੀ ਜੋ ਮੋਦੀ ਦੇ ਗੁਰੂ, ਗੁਰੂ ਗੋਲਵਰਕਰ ਦੇ ਰਾਹ ਦਰਸ਼ਕ ਸਨ, ਦੀ ਨਿਖੇਧੀ ਨਹੀਂ ਕਰੇਗਾ। ਹਿਟਲਰ ਨੇ ਜਰਮਨੀ ਦੇ ਦੋ ਦੁਸ਼ਮਣ ਯਹੂਦੀਆਂ ਤੇ ਕਮਿਊਨਸਟਾਂ ਨੂੰ ਗਰਦਾਨਿਆ ਸੀ। ਗੋਲਵਰਕਰ ਨੇ ਆਪਣੀ ਛੋਟੀ ਜਿਹੀ ਕਿਤਾਬ "ਬੰਚ ਆਫ ਥਾਟਸ" ਵਿੱਚ ਈਸਾਈ, ਮੁਸਲਿਮ ਅਤੇ ਕਮਿਊਨਿਸਟਾਂ ਨੂੰ ਦੁਸ਼ਮਣਾਂ ਦੀ ਕਤਾਰ ਵਿੱਚ ਖੜ੍ਹੇ ਕੀਤਾ ਹੈ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਹਿਟਲਰ ਤੇ ਮੋਸੋਲੀਨੀ ਈਸਾਈ ਹੋਣ ਦੇ ਬਾਵਜੂਦ ਗੋਲਵਰਕਰ ਦੇ ਸਿਆਸੀ ਰਾਹ ਦਰਸ਼ਕ ਸਨ।

ਰਾਸ਼ਟਰੀਆ ਸਵੈਮ-ਸੇਵਕ ਸੰਘ ਭਾਵ ਆਰ ਐਸ ਐਸ ਦੁਆਰਾ ਮੋਦੀ ਸਰਮਾਏਦਾਰ ਕਾਰਪੋਰੇਟਾਂ ਲਈ ਸਰਕਾਰ ਬਨਾਉਣ ਲਈ ਸੰਘ ਤੇ ਇਸ ਨਾਲ ਜੁੜੇ ਹਾਸ਼ੀਏ ਦੇ ਤੱਤ ਜਿਵੇਂ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ, ਦੁਰਗ ਬਹਿਣੀ, ਵਿਜਨਾਨ ਭਾਰਤੀ, ਵਿਦਿਆ ਭਾਰਤੀ, ਕਬਾਇਲੀ ਲੋਕਾਂ ਲਈ ਬਣਾਈ "ਕਲਿਆਨ ਆਸ਼ਰਮ" ਅਖਿਲ ਭਾਰਤੀਆ ਪ੍ਰੀਸ਼ਦ ਸਰਸਵਤੀ ਸ਼ਿਸ਼ੂ ਮੰਡਲ, ਅੰਤਰਰਾਸ਼ਟਰੀ ਵਿਵੇਕਾਨੰਦ ਫਾਊਂਡੇਸ਼ਨ ਆਦਿ ਤਕਰੀਬਨ ਤੀਹ ਦੇ ਕਰੀਬ ਧਰਮ ਅਧਾਰਤ ਜਥੇਬੰਦੀਆਂ ਜਿਹਨਾਂ ਦੀ ਮੈਂਬਰਸ਼ਿੱਪ ਜਮ੍ਹਾਂ ਕੀਤੀ ਜਾਵੇ ਤਾਂ ਲੱਖਾਂ ਬਣ ਜਾਂਦੀ ਹੈ, ਨੂੰ ਜਥੇਬੰਦ ਕਰਦਾ ਹੈ। ਇਹ ਸਾਰੀਆਂ ਜਥੇਬੰਦੀਆਂ ਦਹਾਕਿਆਂ ਤੋਂ ਇੱਕ ਸੋਚੀ ਸਮਝੀ ਸਾਜ਼ਿਸ਼ ਅਧੀਨ ਹਿੰਦੂ ਰਾਸ਼ਟਰਵਾਦ ਦੀ ਜ਼ਮੀਨ ਜ਼ੋਰ ਸ਼ੋਰ ਨਾਲ ਤਿਆਰ ਕਰਨ ਵਿੱਚ ਮਸ਼ਰੂਫ ਸਨ ਤੇ ਹਨ। ਹੁਣ ਉਹਨਾਂ ਦੇ ਬੂਟੇ ਨੂੰ ਉਨ੍ਹਾਂ ਦਾ ਸਿਆਸੀ ਵਿੰਗ ਨਰਿੰਦਰ ਮੋਦੀ ਦੀ ਲੀਡਰੀ ਥੱਲੇ ਭਾਰਤੀ ਜਨਤਾ ਪਾਰਟੀ ਪਾਣੀ ਤੇ ਖਾਦ ਪਾ ਕੇ ਪ੍ਰਫੁੱਲਤ ਕਰ ਰਹੀ ਹੈ।

ਨਰਿੰਦਰ ਮੋਦੀ ਦਲਿਤ ਵਿਰੋਧੀ, ਮੁਸਲਿਮ ਵਿਰੋਧੀ ਤੇ ਈਸਾਈ ਵਿਰੋਧੀ ਗੱਲ ਆਪ ਨਹੀਂ ਕਰਦਾ ਪਰ ਸੰਘ ਦੀ ਰਹਿਨੁਮਾਈ ਹੇਠਾਂ ਇਨ੍ਹਾਂ ਦੇ ਖਿਲਾਫ ਜੋ ਪ੍ਰਚਾਰ ਚੱਲ ਰਿਹਾ ਹੈ, ਉਸ ਨੂੰ ਅੰਦਰੂਨੀ ਤੌਰ 'ਤੇ ਹੱਲਾਸ਼ੇਰੀ ਦੇ ਰਿਹਾ ਹੈ। ਇਸ ਬਾਰੇ ਮੈਂ ਕੁਝ ਅਸਲੀਅਤਾਂ ਪੇਸ਼ ਕਰ ਰਿਹਾ ਹਾਂ।

1. ਸੰਘ ਦਾ ਕਹਿਣਾ ਹੈ ਕਿ ਦਲਿਤਾਂ ਨੂੰ ਗਾਵਾਂ ਕੱਟਣ ਤੇ ਉਨ੍ਹਾਂ ਦੀ ਚਮੜੀ ਲਾਹੁਣ ਲਈ ਮੁਸਲਮਾਨਾਂ ਨੇ ਮਜਬੂਰ ਕੀਤਾ ਸੀ। ਇਹ ਗੱਲ ਮਨੂੰਵਾਦ ਦੀ ਦਲਿਤਾਂ ਵਿਰੋਧੀ ਮਾਨਸਿਕਤਾ ਉਪਰ ਪਰਦਾ ਪਾਉਣ ਅਤੇ ਦਲਿਤਾਂ ਦੀ ਰਾਜਨੀਤੀ ਵਿੱਚ ਹਮਦਰਦੀ ਹਾਸਲ ਕਰਨ ਦੀ ਮਜਬੂਰੀ ਵਿਚੋਂ ਨਿਕਲਦੀ ਹੈ। ਹਰ ਕੋਈ ਇਹ ਗੱਲ ਪੁੱਛ ਸਕਦਾ ਹੈ ਕਿ ਕੀ ਸੰਘ ਦਾ ਕੋਈ ਵੀ ਮੁਖੀ ਦਲਿਤ ਹੋਇਆ ਹੈ? ਜਾਂ ਭਵਿੱਖ ਵਿੱਚ ਹੋਵੇਗਾ?

2. ਸੰਘ ਮੁਤਾਬਿਕ ਮੁਸਲਮਾਨ ਤੇ ਦੂਜੇ ਘੱਟ ਗਿਣਤੀ ਲੋਕ ਜਾਂ ਤਾਂ ਹਿੰਦੂਤਵ ਸੱਭਿਆਚਾਰ ਨੂੰ ਅਪਨਾ ਲੈਣ ਨਹੀਂ ਤਾਂ ਭਾਰਤ ਛੱਡ ਦੇਣ। ਹਿਟਲਰ ਵੀ ਇਹੋ ਕੁਝ ਕਹਿੰਦਾ ਹੁੰਦਾ ਸੀ, ਜਰਮਨ ਲੋਕਾਂ ਤੋਂ ਸਿਵਾਏ ਬਾਕੀ ਸਾਰੇ ਸਾਇਬੇਰੀਆ ਨੂੰ ਚਲੇ ਜਾਣ।

3. ਹਿਟਲਰ ਵੀ ਖਾਲਸ ਜਰਮਨ ਨਸਲ ਦਾ ਹਾਮੀ ਸੀ। ਉਹ ਚਾਰ ਬੱਚੇ ਜੰਮਣ ਵਾਲੀਆਂ ਔਰਤਾਂ ਨੂੰ ਕਾਂਸੀ ਦਾ, ਛੇ ਜੰਮਣ ਵਾਲੀਆਂ ਨੂੰ ਚਾਂਦੀ ਦਾ ਅਤੇ ਅੱਠ ਬੱਚੇ ਹੋਣ 'ਤੇ ਸੋਨੇ ਦਾ ਤਮਗਾ ਦਿੰਦਾ ਸੀ ਅਤੇ ਉਨ੍ਹਾਂ ਦੇ ਕਰਜ਼ੇ ਵੀ ਮਾਫ ਕਰ ਦਿੰਦਾ ਸੀ। ਹੁਣ ਐਨ ਹਿਟਲਰ ਦੀ ਤਰਜ਼ 'ਤੇ ਬੀ ਜੇ ਪੀ ਦੇ ਪਾਰਲੀਮੈਂਟ ਮੈਂਬਰ ਗਿਰੀਰਾਜ ਸਿੰਘ ਅਤੇ ਸਾਕਸ਼ੀ ਵਰਗੇ ਹਿੰਦੂ ਔਰਤਾਂ ਨੂੰ 10-10 ਬੱਚੇ ਪੈਦਾ ਕਰਨ ਲਈ ਉਕਸਾ ਰਹੇ ਹਨ।

4. ਜਰਮਨ ਔਰਤਾਂ ਲਈ ਇੱਕ ਜਨਤਕ ਨਾਅਰਾ ਸੀ ਕਿ ਕੇਤਲੀ, ਝਾੜੂ, ਬਰਤਨ ਧੋਣੇ, ਦੁਕਾਨ, ਦਫਤਰ ਛੱਡੋ, ਤੁਹਾਡੀ ਜ਼ਿੰਦਗੀ ਦਾ ਅਸਲ ਮਕਸਦ ਬੱਚੇ ਪੈਦਾ ਕਰਨਾ ਤੇ ਘਰ ਚਲਾਉਣਾ ਹੈ। ਹਿਟਲਰ ਨੇ ਇੱਕ ਲੱਖ ਲੇਡੀ ਟੀਚਰ, ਤਿੰਨ ਹਜ਼ਾਰ ਲੇਡੀ ਡਾਕਟਰ ਆਦਿ ਨੂੰ ਉਨ੍ਹਾਂ ਦੇ ਕੰਮ ਤੋਂ ਛੁੱਟੀ ਕਰ ਦਿੱਤੀ ਸੀ। ਜਰਮਨ ਇਸਤਰੀਆਂ ਲਈ ਮੇਕਅੱਪ, ਪੈਂਟ ਪਾਉਣਾ, ਵਾਲ ਰੰਗਣੇ ਤੇ ਘੁੰਗਰਾਲੇ ਵਾਲ ਕਰਨੇ, ਪਤਲੇ ਹੋਣਾ, ਉੱਚੀ ਅੱਡੀ ਵਾਲੀ ਜੁੱਤੀ ਪਾਉਣ ਉਪਰ ਪਾਬੰਦੀ ਸੀ। ਐਨ ਉਸੇ ਤਰ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਉਪ-ਕੁਲਪਤੀ ਤ੍ਰਿਪਾਠੀ ਪਿਛਲੇ 40 ਸਾਲ ਤੋਂ ਸੰਘ ਦਾ ਸਰਗਰਮ ਮੈਂਬਰ ਕਹਿੰਦਾ ਹੈ ਕਿ ਲੜਕੀਆਂ ਲਈ ਮੋਬਾਇਲ ਫੋਨ ਦੀ ਵਰਤੋਂ 'ਤੇ ਪਾਬੰਦੀ ਹੋਣੀ ਚਾਹੀਦੀ ਹੈ। ਜਿਹੜੀਆਂ ਲੜਕੀਆਂ ਰਾਤ ਨੂੰ ਦੇਰ ਰਾਤ ਤੱਕ ਪੜ੍ਹਦੀਆਂ ਹਨ, ਉਹ ਅਨੈਤਿਕ ਹੁੰਦੀਆਂ ਹਨ। ਲੜਕੀਆਂ 'ਤੇ ਮਾਸ ਖਾਣ ਦੀ ਵੀ ਪਾਬੰਦੀ ਚਾਹੀਦੀ ਹੈ। ਬੀ ਜੇ ਪੀ ਦੇ ਲੀਡਰ ਸਾਫ ਕਹਿ ਰਹੇ ਹਨ ਕਿ ਜਿਹੜੀਆਂ ਲੜਕੀਆਂ ਮੇਕਅੱਪ ਤੇ ਸੋਹਣੇ ਕੱਪੜੇ ਪਾ ਕੇ ਰਾਤ ਜਾਂ ਦਿਨ ਨੂੰ ਬਾਹਰ ਨਿਕਲਦੀਆਂ ਹਨ, ਉਹ ਰੇਪ ਨੂੰ ਸੱਦਾ ਦੇ ਰਹੀਆਂ ਹਨ।

5. ਪ੍ਰਧਾਨ ਮੰਤਰੀ ਮੋਦੀ ਆਰ ਐਸ ਐਸ ਦਾ ਤਕੜਾ ਪ੍ਰਚਾਰਕ ਸੀ ਤੇ ਹੈ। ਕੇਂਦਰ ਵਿੱਚ ਸਾਰੇ ਮਹੱਤਵਪੂਰਨ ਮੰਤਰਾਲੇ ਆਰ ਐਸ ਐਸ ਦੇ ਪ੍ਰਚਾਰਕਾਂ ਨੂੰ ਸੌਂਪੇ ਹਨ। ਮੋਦੀ ਦੇ ਸਾਥੀਆਂ ਵਲੋਂ ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਜੇ ਉਹ ਆਪਣੀ ਮਰਜ਼ੀ ਤੇ ਮੰਤਰੀ ਨਿਯੁਕਤ ਕਰੇਗਾ ਤਦ ਹੀ ਉਹ ਆਪਣੀ ਮਰਜ਼ੀ ਦੇ ਫੈਸਲੇ ਕਰਾ ਸਕੇਗਾ। ਇਸ ਲਈ ਇਸ ਵਿੱਚ ਕੋਈ ਹਰਜ਼ ਨਹੀਂ ਕਿ ਉਹ ਕਿਸ ਨੂੰ ਮੰਤਰੀ ਮੰਡਲ ਵਿੱਚ ਲੈਂਦਾ ਤੇ ਕਿਸ ਨੂੰ ਨਹੀਂ।

6. ਫਿਲਮ ਇੰਸਟੀਚਿਊਟ, ਫਿਲਮ ਸੈਂਸਰ ਬੋਰਡ ਵਿਗਿਆਨ ਵਿਕਾਸ ਸੰਸਥਾਵਾਂ ਤੇ ਯੂਨੀਵਰਸਿਟੀਆਂ ਦੇ ਮੁਖੀ ਆਰ ਐਸ ਐਸ ਦੀ ਮਰਜ਼ੀ ਦੇ ਥਾਪੇ ਗਏ ਹਨ। ਪਹਿਲੇ ਮੁਖੀਆਂ ਨੂੰ ਹਟਾਉਣ ਦਾ ਬਹਾਨਾ ਇਹ ਲਾਇਆ ਗਿਆ ਹੈ ਕਿ ਪਹਿਲੀਆਂ ਸਾਰੀਆਂ ਸਰਕਾਰਾਂ ਆਪਣੀ ਆਪਣੀ ਮਰਜ਼ੀ ਦੇ ਅਹੁਦੇਦਾਰ ਥਾਪਦੀਆਂ ਆਈਆਂ ਹਨ। ਇਸ ਤਰ੍ਹਾਂ ਸਾਡਾ ਵੀ ਹੱਕ ਹੈ ਕਿ ਅਸੀਂ ਸਾਡੀਆਂ ਪਾਲਿਸੀਆਂ ਨੂੰ ਮੰਨਣ ਵਾਲੇ

ਅਹੁਦੇਦਾਰ ਲਾਈਏ।



7. ਉਤਰ ਪ੍ਰਦੇਸ਼ ਵਿੱਚ ਬੀ ਜੇ ਪੀ ਦੀ ਜਿੱਤ ਤੋਂ ਬਾਅਦ ਰਾਜ ਦਾ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਨੂੰ ਥਾਪਿਆ ਗਿਆ ਹੈ। ਇਹ ਉਹ ਯੋਗੀ ਹੈ ਜਿਹੜਾ ਸੱਜ ਪਿਛਾਖੜ ਬੀ ਜੇ ਪੀ ਦਾ ਸਭ ਤੋਂ ਸੱਜਾ ਸਿਰਾ ਹੈ। ਇਹ ਉਹ ਬੰਦਾ ਹੈ ਜਿਹੜਾ ਆਖਦਾ ਸੀ ਕਿ ਮੁਸਲਮਾਨਾਂ ਦੀਆਂ ਔਰਤਾਂ ਨੂੰ ਕਬਰਾਂ ਵਿੱਚੋਂ ਕੱਢ ਕੇ ਰੇਪ ਕਰਾਂਗੇ, ਇੱਕ ਹਿੰਦੂ ਦੇ ਬਦਲੇ ਸੌ ਮੁਸਲਮਾਨ ਮਾਰਾਂਗੇ, ਦੇਸ਼ ਦੀ ਸੁਰੱਖਿਆ ਲਈ ਔਰਤਾਂ ਨੂੰ ਕਾਬੂ ਵਿੱਚ ਰੱਖਣਾ ਜ਼ਰੂਰੀ ਹੈ। ਕਿਉਂਕਿ ਕਹਿੰਦੇ ਹਨ ਕਿ ਗੀਤਾ ਮੁਤਾਬਿਕ ਜੇ ਆਦਮੀ ਔਰਤਾਂ ਵਾਲੇ ਗੁਣ ਅਪਨਾ ਲਵੇ ਤਾਂ ਉਹ ਦੇਵਤਾ ਬਣ ਸਕਦਾ ਹੈ ਪਰ ਜੇ ਜਨਾਨੀਆਂ ਆਦਮੀਆਂ ਵਾਲੇ ਗੁਣ ਅਪਨਾ ਲੈਣ ਤਾਂ ਉਹ ਰਾਖਸ਼ਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਉਪਰੋਕਤ ਸਾਰੇ ਵਿਚਾਰਾਂ ਦਾ ਧਾਰਨੀ ਹਿੰਦੂ ਮਹਾਂ ਸਭਾ ਦਾ ਆਰ ਐਸ ਐਸ ਦੁਆਰਾ ਭਿਅੰਕਰ ਰੂਪ ਯੋਗੀ ਅਦਿਤਿਆ ਨਾਥ ਹੁਣ ਉਤਰ ਪ੍ਰਦੇਸ਼ ਨੂੰ ਹਿੰਦੂ ਰਾਸ਼ਟਰਵਾਦ ਦੀ ਇੱਕ ਵੱਡੀ ਪ੍ਰਯੋਗਸ਼ਾਲਾ ਬਣਾਉਣ ਜਾ ਰਿਹਾ ਹੈ।

8. ਅਦਾਲਤਾਂ ਤੇ ਜੱਜਾਂ ਨੂੰ ਵੀ ਮੋਦੀ ਨੇ ਸਿੱਧੇ ਕਰ ਲਿਆ ਹੈ। ਮੋਦੀ ਵੱਲੋਂ ਸਹਾਰਾ ਕੰਪਨੀ ਤੋਂ ਰਿਸ਼ਵਤ ਵਾਲੀ ਗੱਲ ਸੁਪਰੀਮ ਕੋਰਟ ਨੇ ਸੁਣਨ ਤੋਂ ਇਨਕਾਰ ਕਰ ਦਿੱਤਾ ਹੈ। ਜੱਜਾਂ ਦੀ ਨਿਯੁਕਤੀ ਸਬੰਧੀ ਸਰਕਾਰ ਦੀ ਅੜੀ 'ਤੇ ਵੀ ਅਦਾਲਤ ਝੁਕ ਗਈ। ਹੁਣ ਜੱਜਾਂ ਨੂੰ ਵੀ ਸਰਕਾਰ ਹੀ ਨਿਯੁਕਤ ਕਰਿਆ ਕਰੇਗੀ। ਮੀਡੀਆ ਤਕਰੀਬਨ ਸਾਰੇ ਦਾ ਸਾਰਾ ਖਰੀਦ ਲਿਆ ਗਿਆ ਜਾਂ ਡਰਾ ਪੁਚਕਾਰ ਲਿਆ ਹੈ। ਇਹ ਹੁਣ ਮੋਦੀ ਮੋਦੀ ਤੇ ਯੋਗੀ ਯੋਗੀ ਦੇ ਗੀਤ ਹੀ ਰਾਤ ਦਿਨ ਗਾਈ ਜਾ ਰਿਹਾ ਹੈ। ਪਹਿਲਾਂ ਪਹਿਲਾਂ ਉਪਰੋਕਤ ਮਸਲਿਆਂ ਤੇ ਦੇਸ਼ ਦੇ ਬੁੱਧੀਜੀਵੀਆਂ ਨੇ ਵਿਰੋਧ ਜਤਾਇਆ ਸੀ ਪਰ ਹੁਣ ਕੋਈ ਨਹੀਂ ਕੁਸਕਦਾ।

9. ਜਿਵੇਂ ਹਿਟਲਰ ਜਰਮਨੀ ਵਿੱਚ ਆਪਣੇ ਭਾਸ਼ਣਾਂ ਦੁਆਰਾ ਆਪਣੇ ਆਪ ਨੂੰ ਇੱਕ ਗਰੀਬ ਪਰਿਵਾਰ ਵਿੱਚੋਂ ਆਇਆ ਤੇ ਆਪਣੇ ਆਪ ਨੂੰ ਇੱਕ ਯਤੀਮ ਹੋਣ ਦੇ ਜਜ਼ਬਾਤੀ ਭਾਸ਼ਣ ਕਰਿਆ ਕਰਦਾ ਸੀ, ਸਰੋਤਿਆਂ ਨੂੰ ਆਪਣਾ ਡਰ, ਆਸ, ਗੁੱਸਾ, ਖਾਹਿਸ਼ਾਂ ਅਤੇ ਖੁਸ਼ੀਆਂ ਆਦਿ ਨੂੰ ਟੁੰਬਵੇਂ ਦਰਦ ਵਿੱਚ ਬਿਆਨ ਕਰਿਆ ਕਰਦਾ ਸੀ। ਮੋਦੀ ਵੀ ਐਨ ਉਵੇਂ ਹੀ ਆਪਣੇ ਆਪ ਨੂੰ ਯਤੀਮ, ਇੱਕ ਮਾਂ ਨੇ ਦੁਖੀ ਹੋ ਕੇ ਪਾਲਿਆ ਤੇ ਚਾਹ ਵੇਚ ਕੇ ਗੁਜ਼ਾਰਾ ਕਰਨ ਵਾਲਾ ਵਾਰ ਵਾਰ ਬਿਆਨਦਾ ਹੈ। ਫਿਰ ਹਿਟਲਰ ਦੀ ਤਰਜ਼ 'ਤੇ ਹਿੰਦੂ ਨਸਲ ਨੂੰ ਹਿੰਦੁਸਤਾਨ ਦੀਆਂ ਬਾਕੀ ਨਸ਼ਲਾਂ ਦੇ ਖਿਲਾਫ ਭੜਕਾਉਣ ਵਾਲੀਆਂ ਨੀਤੀਆਂ ਅਪਨਾਉਂਦਾ ਹੈ।

10. ਰਾਮ ਜਨਮ ਭੂਮੀ ਤੇ ਰਾਮ ਮੰਦਰ ਦਾ ਮੁੱਦਾ ਭਾਰਤੀ ਜਨਤਾ ਪਾਰਟੀ ਵਲੋਂ ਫਿਰ ਬੜੇ ਜ਼ੋਰ ਸ਼ੋਰ ਨਾਲ ਉਠਾਇਆ ਜਾ ਰਿਹਾ ਹੈ। ਹਾਲਾਂਕਿ ਰਾਮ ਦੇ ਜਨਮ ਸਥਾਨ ਦਾ ਤੇ ਉਸ ਦੀ ਜਨਮ ਤਾਰੀਖ ਦਾ ਕਿਸੇ ਨੂੰ ਕੋਈ ਪਤਾ ਨਹੀਂ। ਮਿਥਿਹਾਸ ਮੁਤਾਬਿਕ ਰਾਮ ਚੰਦਰ ਦਾ ਜਨਮ ਤਰੇਤੇ ਯੁੱਗ ਕਲਯੁੱਗ ਤੋਂ ਤਿੰਨ ਹਜ਼ਾਰ ਪਹਿਲੇ ਸਮੇਂ ਨੂੰ ਕਿਹਾ ਜਾਂਦਾ ਹੈ। ਹਿੰਦੂ ਮਿਥਿਹਾਸ ਮੁਤਾਬਿਕ ਰਾਮ ਚੰਦਰ ਦਾ ਜਨਮ ਅਯੁੱਧਿਆ ਵਿੱਚ ਹੋਇਆ ਸੀ। ਇਹ ਅਯੁੱਧਿਆ ਕਿੱਥੇ ਹੈ? ਕਿਸੇ ਨੂੰ ਕੋਈ ਪਤਾ ਨਹੀਂ। ਖੋਜੀਆਂ ਮੁਤਾਬਿਕ ਵਰਤਮਾਨ ਅਯੁੱਧਿਆ ਸ਼ਹਿਰ ਦੀ ਉਮਰ 2800 ਸਾਲ ਤੋਂ ਵੱਧ ਨਹੀਂ ਹੈ। ਉਮਰ ਤੋਂ ਇਲਾਵਾ ਇਸ ਸ਼ਹਿਰ ਦਾ ਨਾਮ ਸਕੇਤਾ ਸੀ। ਰਾਜਾ ਬਿਕਰਮਜੀਤ ਨੇ ਇਸ ਸ਼ਹਿਰ ਦਾ ਨਾਮ ਬਦਲ ਕੇ ਅਯੁੱਧਿਆ ਰੱਖਿਆ ਸੀ। ਵਾਲਮੀਕ ਦੀ ਰਮਾਇਣ ਕਹਿੰਦੀ ਹੈ, ਕਿ ਰਾਮ ਚੰਦਰ ਦੀ ਅਯੁੱਧਿਆ ਗੰਗਾ ਦਰਿਆ 'ਤੇ ਸੀ। ਪਰ ਇਹ ਅਯੁੱਧਿਆ ਕਿਸੇ ਨੂੰ ਨਹੀਂ ਮਿਲੀ। ਗੱਲ ਕੀ ਰਾਮ ਮੰਦਰ ਉਸਾਰਨ ਦਾ ਨਾਅਰਾ ਸਿਰਫ ਹਿੰਦੂਆਂ ਦੇ ਧਾਰਮਿਕ ਜਜ਼ਬਾਤਾਂ ਨੂੰ ਭੜਕਾਉਣ ਲਈ ਹੀ ਲਾਇਆ ਜਾ ਰਿਹਾ ਹੈ।

11. ਹੁਣ ਬੀ ਜੇ ਪੀ ਭਾਰਤੀ ਮੁਸਲਮਾਨਾਂ ਵਲੋਂ ਆਪਣੀਆਂ ਪਤਨੀਆਂ ਨੂੰ ਤਿੰਨ ਵਾਰੀ ਤਲਾਕ ਤਲਾਕ ਕਹਿ ਕੇ ਤਲਾਕ ਦੇਣ ਦੇ ਮਸਲੇ ਨੂੰ ਉਠਾ ਰਹੀ ਹੈ। ਇਹ ਗੱਲ ਭਾਵੇਂ ਸੌ ਫੀਸਦੀ ਠੀਕ ਹੈ। ਪਰ ਜਿਸ ਧਾਰਮਿਕ ਲਹਿਜੇ ਨਾਲ ਇਸ ਨੂੰ ਕੌਮੀ ਮਸਲਾ ਬਣਾਇਆ ਜਾ ਰਿਹਾ ਹੈ ਉਹ ਗਲਤ ਹੈ। ਕਿਉਂਕਿ ਤਲਾਕ ਤਲਾਕ ਕਹਿ ਕੇ ਤਲਾਕ ਦਾ ਮਸਲਾ ਅੱਜ ਦਾ ਨਹੀਂ ਹੈ। ਜਨਸੰਘੀਆਂ ਭਾਵ ਅੱਜ ਦੀ ਬੀ ਜੇ ਪੀ ਨੇ ਇਹ ਮਸਲਾ 1947 ਤੋਂ ਕਿਉਂ ਨਹੀਂ ਉਠਾਇਆ? ਸਾਫ਼ ਹੈ ਇਹ ਭਾਰਤੀ ਮੁਸਲਿਮ ਸਮਾਜ ਨੂੰ ਤਕਸੀਮ ਕਰਨ ਦੀ ਬਹੁਤ ਵੱਡੀ ਸਾਜ਼ਿਸ਼ ਹੈ। ਇਹ ਸਿਰਫ਼ ਮੁਸਲਿਮ ਕਮਿਊਨਿਟੀ ਵਿੱਚ ਜਿਸ ਨਾਲ ਜ਼ਨਾਨੀਆਂ ਵੀ ਹੋਣ ਹੀ ਬਹਿਸ ਗੋਚਰੇ ਲਿਆਂਦਾ ਜਾਣਾ ਚਾਹੀਦਾ ਹੈ। ਜੇ ਉਹ ਫਿਰ ਵੀ ਨਾ ਮੰਨਣ ਤਾਂ ਪਾਰਲੀਮੈਂਟ ਵਿੱਚ ਬਹਿਸ ਕਰਕੇ ਤਿੰਨ ਵਾਰੀ ਤਲਾਕ ਤਲਾਕ ਕਹਿਣ ਦੇ ਕੌਮੀ ਪੱਧਰ 'ਤੇ ਕਾਨੂੰਨ ਬਣਨਾ ਚਾਹੀਦਾ ਹੈ।

12. ਹੁਣ ਤੱਕ ਕਾਨੂੰਨ ਮੁਤਾਬਿਕ ਉਹ ਕੰਪਨੀ ਜਿਸ ਨੂੰ ਹੋਂਦ ਵਿੱਚ ਆਇਆਂ ਤਿੰਨ ਸਾਲ ਪੂਰੇ ਨਾ ਹੋਏ ਹੋਣ, ਉਹ ਕਿਸੇ ਸਿਆਸੀ ਪਾਰਟੀ ਜਾਂ ਦਲ ਨੂੰ ਚੰਦਾ ਨਹੀਂ ਦੇ ਸਕਦੀ। ਜਿਸ ਨੂੰ ਤਿੰਨ ਸਾਲ ਹੋ ਚੁੱਕੇ ਹੋਣ ਉਹ ਆਪਣੇ ਮੁਨਾਫੇ ਦਾ 7.5 ਫੀਸਦੀ ਹਿਸਾ ਕਿਸੇ ਦਲ ਨੂੰ ਜਾਂ ਪਾਰਟੀ ਨੂੰ ਦੇ ਸਕਦੀ ਹੈ। ਇਹ ਚੰਦਾ ਕਿਸ ਪਾਰਟੀ ਜਾਂ ਦਲ ਨੂੰ ਦਿੱਤਾ ਹੈ ਉਸ ਦਾ ਨਾਮ ਦਰਜ ਕਰਨਾ ਜ਼ਰੂਰੀ ਹੈ। ਮੋਦੀ ਸਰਕਾਰ ਨੇ ਇਹ ਤਿੰਨੇ ਸ਼ਰਤਾਂ ਖਤਮ ਕਰ ਦਿੱਤੀਆਂ ਹਨ। ਹੁਣ ਜਿਹੜੀ ਮਰਜ਼ੀ ਕੰਪਨੀ ਜਿਹੜੇ ਮਰਜ਼ੀ ਦਲ ਨੂੰ ਜਿੰਨਾ ਚਾਹੇ ਗੁਪਤ ਦਾਨ ਕਰ ਸਕਦੀ ਹੈ ਭਾਵ ਨਾ ਜਨਤਾ ਨੂੰ ਪਤਾ ਲੱਗੇ ਨਾ ਮੀਡੀਏ ਨੂੰ।

13. ਜਿੱਥੋਂ ਤੱਕ ਨੋਟਬੰਦੀ ਦਾ ਸਬੰਧ ਹੈ, ਲੋਕਾਂ ਨਾਲ ਬੜਾ ਤਕੜਾ ਫਰਾਡ ਕੀਤਾ ਗਿਆ ਹੈ। ਗੱਲ ਬੜੀ ਸਾਧਾਰਨ ਸੀ। ਸਰਕਾਰ ਕਰੰਸੀ ਦੇ ਜਿਹੜੇ ਨੋਟ ਖਤਮ ਕਰਨਾ ਚਾਹੁੰਦੀ ਸੀ, ਉਹਨਾਂ ਦਾ ਬਦਲਾ ਕਰੰਸੀ ਨੋਟ ਪਹਿਲਾਂ ਹੀ ਬੈਂਕਾਂ ਨੂੰ ਮੁਹੱਈਆ ਕੀਤੇ ਜਾਣੇ ਚਾਹੀਦੇ ਸੀ। ਪਰ ਗੱਲ ਇਹ ਨਹੀਂ ਸੀ, ਬੈਂਕਾਂ ਪਾਸ ਵੱਡੇ ਵੱਡੇ ਸਰਮਾਏਦਾਰਾਂ ਨੂੰ ਲੱਖਾਂ, ਕਰੋੜਾਂ ਵਿੱਚ ਕਰਜ਼ੇ ਦੇਣ ਲਈ ਪੈਸੇ ਨਹੀਂ ਸਨ। ਗਰੀਬ ਤੇ ਸਾਧਾਰਨ ਜਨਤਾ ਦੀ ਇਹ ਕਹਿ ਕੇ ਫਲਾਣੀ ਫਲਾਣੀ ਤਰੀਕ ਤੱਕ ਇਹ ਖਾਸ ਕਿਸਮ ਦੇ ਨੋਟ ਬੈਂਕਾਂ ਵਿੱਚ ਜਮ੍ਹਾਂ ਕਰਾਓ, ਨਹੀਂ ਤਾਂ ਉਸ ਤਾਰੀਕ ਤੋਂ ਬਾਅਦ ਤੁਹਾਡੇ ਘਰ ਪਏ ਪੈਸੇ ਸਿਫਰ ਹੋ ਜਾਣਗੇ।

14. ਇੱਥੇ ਹੀ ਬਸ ਨਹੀਂ, ਅੰਦਰਖਾਤੇ ਵੱਡੇ ਵੱਡੇ ਮੰਦਰਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ ਕਿ ਉਹ ਜਦੋਂ ਚਾਹੁਣ ਹਜ਼ਾਰ ਹਜ਼ਾਰ ਤੇ ਪੰਜ ਪੰਜ ਸੌ ਦੇ ਨੋਟ ਜਦੋਂ ਤੇ ਜਿੰਨੇ ਮਰਜ਼ੀ ਜਮ੍ਹਾਂ ਕਰਾ ਸਕਦੇ ਹਨ। ਉਹਨਾਂ ਤੇ ਕੋਈ ਪੜਤਾਲ ਨਹੀਂ ਹੋਵੇਗੀ, ਕਿਉਂਕਿ ਉਹਨਾਂ ਪਾਸ ਦਾਨ ਕੀਤੀ ਹੋਈ ਕਰੰਸੀ ਹੋਵੇਗੀ। ਇਸ ਦਾ ਨਤੀਜਾ ਇਹ ਹੋਇਆ ਕਿ ਬਲੈਕੀਏ ਲੋਕਾਂ ਨੇ ਆਪਣੇ ਪੈਸੇ ਮੰਦਰਾਂ ਵਿੱਚ ਤਬਦੀਲ ਕਰਾ ਲਏ। ਮੰਦਰਾਂ ਵਾਲੇ ਹਜ਼ਾਰ ਦੇ ਨੋਟ ਬਦਲੇ ਸੱਤ ਸੌ ਰੁਪਿਆ ਤੇ ਪੰਜ ਸੌ ਦੇ ਨੋਟ ਦੇ ਬਦਲ ਤਿੰਨ ਸੌ ਰੁਪਿਆ ਦਿੰਦੇ ਸਨ। ਇਸ ਤਰ੍ਹਾਂ ਵੱਡੇ ਵੱਡੇ ਮੰਦਰਾਂ ਦੇ ਪੁਜਾਰੀਆਂ ਨੇ ਕਰੋੜਾਂ ਰੁਪਏ ਕਮਾਏ। ਇਹ ਗੱਲ ਭਾਰਤ ਦੇ ਆਮ ਅਖਬਾਰਾਂ ਵਿੱਚ ਛਪਦੀ ਰਹੀ ਹੈ।

15. ਆਖਿਆ ਜਾਂਦਾ ਹੈ ਕਿ ਭਾਰਤ ਦੀ ਜੀ ਡੀ ਪੀ ਚੀਨ ਦੀ ਜੀ ਡੀ ਪੀ ਉਪਰ ਸੱਤ ਫੀਸਦੀ ਹੈ। ਆਮ ਲੋਕਾਂ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਹੁੰਦਾ ਕਿ ਜੀ ਡੀ ਪੀ ਦਾ ਆਮ ਲੋਕਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਦਾ ਸਬੰਧ ਸਰਮਾਏਦਾਰਾਨਾ ਪੈਦਾਵਾਰ ਹੁੰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਵਿੱਚ ਕਾਰਪੋਰੇਟ ਸਰਮਾਏਦਾਰੀ ਛਾਲਾਂ ਮਾਰਦੀ ਅੱਗੇ ਵੱਧ ਰਹੀ ਹੈ ਪਰ ਆਮ ਲੋਕਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਨਿੱਘਰੀ ਹੈ। ਇਤਹਾਦੀ ਸਭਾ ਦੇ ਤਾਜ਼ਾ ਅੰਕੜਿਆਂ ਮੁਤਾਬਿਕ ਮਨੁੱਖੀ ਵਿਕਾਸ ਦੇ ਪਾਏਦਾਨ ਤੇ ਭਾਰਤ ਇੱਕ ਨੰਬਰ ਹੋਰ ਹੇਠਾਂ ਨੂੰ ਖਿਸਕ ਕੇ 131ਵੇਂ ਨੰਬਰ 'ਤੇ ਆ ਖੜੋਤਾ ਹੈ। ਪਿਛਲੇ ਤਿੰਨ ਸਾਲ ਤੋਂ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਤਾਕਤ ਵਿੱਚ ਆਈ ਹੈ, ਬਾਹਰਲੇ ਦੇਸ਼ਾਂ ਤੋਂ ਕੋਈ ਇਨਵੈਸਟਮੈਂਟ ਨਹੀਂ ਹੋਈ। ਕਿਉਂਕਿ ਬਾਹਰਲੇ ਸਰਮਾਏਦਾਰ ਡਰਦੇ ਹਨ ਕਿ ਭਾਰਤੀ ਜਨਤਾ ਪਾਰਟੀ ਦੀਆਂ ਰਾਜਸੀ ਨੀਤੀਆਂ ਕਾਰਨ ਮੁਲਕ ਵਿੱਚ ਕਦੇ ਵੀ ਫਿਰਕੂ ਫਸਾਦ ਸ਼ੁਰੂ ਹੋ ਸਕਦੇ ਹਨ।

16. ਹੁਣ ਯੂਨੀਵਰਸਿਟੀਆਂ ਦੇ ਸਿਲੇਬਸ ਬਦਲਣ ਲਈ ਘਿਨਾਉਣੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਗੀਤਾ, ਵੇਦ, ਮਨੂੰ ਸਿਮਰਤੀ, ਉਪਨਿਸ਼ਦ, ਮਹਾਂਭਾਰਤ ਤੇ ਰਮਾਇਣ ਵਗੈਰਾ ਜ਼ਰੂਰੀ ਸਬਜੈਕਟ ਹੋਣ, ਇਸ ਦਾ ਸਾਫ ਮਤਲਬ ਹੈ ਕਿ ਵਿਦਿਆਰਥੀਆਂ ਨੂੰ ਇਤਿਹਾਸ ਦੀ ਬਜਾਇ ਮਿਥਿਹਾਸ ਪੜ੍ਹਾਇਆ ਜਾਵੇ। ਭਾਵ ਸੱਚ ਦੀ ਬਜਾਇ ਰਿਸ਼ੀਆਂ ਮੁਨੀਆਂ ਵੱਲੋਂ ਬਣਾਈਆਂ ਗਈਆਂ ਕਹਾਣੀਆਂ ਪੜ੍ਹਾਈਆਂ ਜਾਣ। ਜੇ ਇਹ ਉਪਰੋਕਤ ਸਭ ਕੁਝ ਹੋ ਗਿਆ ਤਾਂ ਮੁਲਕ ਦੀ ਆਉਣ ਵਾਲੀ ਜਵਾਨੀ ਹਨੇਰ ਯੁੱਗ ਵਿੱਚ ਦਾਖਲ ਹੋ ਜਾਵੇਗੀ। ਅੱਜ ਜਿਹੜਾ ਵੀ ਭਾਰਤੀ ਜਨਤਾ ਪਾਰਟੀ ਦੀਆਂ ਕੌਮੀ ਤੇ ਕੌਮਾਂਤਰੀ ਨੀਤੀਆਂ ਨਾਲ ਸਹਿਮਤ ਨਹੀਂ, ਉਸ ਨੂੰ ਦੇਸ਼ ਨਾਲ ਗੱਦਾਰੀ ਦਾ ਖਿਤਾਬ ਦਿੱਤਾ ਜਾਂਦਾ ਹੈ।

17. ਸਮੁੱਚੇ ਭਾਰਤ ਵਿੱਚ ਕਸ਼ਮੀਰ ਇੱਕ ਐਸਾ ਸੂਬਾ ਹੈ ਜਿੱਥੇ ਲੱਗਭੱਗ ਸਮੁੱਚੀ ਵਸੋਂ ਕਸ਼ਮੀਰੀ ਮੁਸਲਮਾਨਾਂ ਦੀ ਹੈ। ਪਰ ਇਹ ਲੋਕ ਧਰਮ ਨਿਰਪੱਖ ਭਾਵ ਸੈਕੂਲਰ ਭਾਰਤ ਵਿੱਚ ਰਹਿ ਕੇ ਖੁਸ਼ ਹਨ। ਪਰ ਪਿਛਲੇ ਤਿੰਨ ਸਾਲ ਤੋਂ ਭਾਰਤੀ ਜਨਤਾ ਪਾਰਟੀ ਤਾਕਤ ਵਿੱਚ ਹੈ। ਇਹ ਪਾਰਟੀ ਭਾਰਤ ਵਿੱਚ ਹਿੰਦੂ ਰਾਸ਼ਟਰਵਾਦੀਆਂ ਨੂੰ ਮੁਸਲਮਾਨਾਂ ਦੇ ਖਿਲਾਫ ਸ਼ਹਿ ਦੇ ਰਹੀ ਹੈ। ਨਤੀਜੇ ਦੇ ਤੌਰ 'ਤੇ ਕਸ਼ਮੀਰ ਵਿੱਚ ਆਤੰਕਵਾਦ ਦਿਨ ਰਾਤ ਜ਼ੋਰ ਫੜ ਰਿਹਾ ਹੈ। ਇਸ ਤੋਂ ਇਲਾਵਾ ਕਸ਼ਮੀਰ ਅਤੰਕਵਾਦੀਆਂ ਨੂੰ ਪਾਕਿਸਤਾਨ ਫਾਇਨੈਂਸ਼ਲ ਮੱਦਦ ਦੇ ਰਿਹਾ ਹੈ। ਨਤੀਜੇ ਦੇ ਤੌਰ 'ਤੇ ਜਦੋਂ ਦੀ ਭਾਰਤੀ ਜਨਤਾ ਪਾਰਟੀ ਤਾਕਤ ਵਿੱਚ ਆਈ ਹੈ, ਭਾਰਤੀ ਫੌਜੀ ਦੇ ਦੋ ਸੌ ਤੋਂ ਉਪਰ ਨੌਜਵਾਨ ਆਤੰਕਵਾਦੀਆਂ ਦੇ ਹੱਥੋਂ ਮਾਰੇ ਜਾ ਚੁੱਕੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਘਾਇਲ ਜਾਂ ਜ਼ਖਮੀ ਹੋਏ ਹਨ। ਕਸ਼ਮੀਰੀ ਆਤੰਕਵਾਦ ਨੂੰ ਖਤਮ ਕਰਨ ਲਈ ਭਾਰਤੀ ਜਨਤਾ ਪਾਰਟੀ ਪਾਸ ਕੋਈ ਹੱਲ ਨਹੀਂ ਹੈ। ਕਸ਼ਮੀਰੀ ਲੋਕ ਵੀ ਹਿੰਦੂ ਰਾਸ਼ਟਰਵਾਦ ਦੇ ਖਿਲਾਫ ਆਤੰਕਵਾਦੀਆਂ ਨਾਲ ਸਹਿਮਤ ਹੁੰਦੇ ਨਜ਼ਰ ਆ ਰਹੇ ਹਨ।

ਮੇਰੇ ਵਲੋਂ ਦਿੱਤੇ ਉਪਰੋਕਤ ਵਿਚਾਰਾਂ ਤੋਂ ਇਹ ਸਾਫ ਹੋ ਜਾਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਦਿੱਤਾ "ਸਭ ਦਾ ਸਾਥ, ਸਭ ਕਾ ਵਿਕਾਸ" ਦਾ ਨਾਹਰਾ ਤੇ ਹਿੰਦੂ ਰਾਸ਼ਟਰਵਾਦ ਦਾ ਏਜੰਡਾ ਭਾਵ ਇਹਨਾਂ ਦੋ ਆਪਾ-ਵਿਰੋਧੀ ਵਿਚਾਰਾਂ ਦਾ ਸੁਮੇਲ ਅਸੰਭਵ ਹੈ। 1930 ਵਿਆਂ ਵਿੱਚ ਇਟਲੀ, ਜਰਮਨੀ ਅਤੇ ਪੂਰੀ ਦੁਨੀਆਂ ਵਿੱਚ ਨਸਲਵਾਦ ਤੇ ਅੰਧ-ਰਾਸ਼ਟਰਵਾਦ ਭਿਅੰਕਰ ਤਬਾਹੀ ਮਚਾ ਚੁੱਕਾ ਹੈ। ਭਾਰਤ ਦੀਆਂ ਘੱਟ ਗਿਣਤੀਆਂ ਤੇ ਸੈਕੂਲਰ ਪਾਰਟੀਆਂ ਨੂੰ ਬੀ ਜੇ ਪੀ ਦੇ ਖਿਲਾਫ ਸਾਂਝਾ ਫਰੰਟ ਬਣਾ ਕੇ ਲੜਨ ਦੀ ਲੋੜ ਹੈ। ਭਾਰਤੀ ਸਮਾਜ ਦੇ ਹਰ ਵਰਗ ਨੂੰ ਇਸ ਤੋਂ ਸੁਚੇਤ ਤੇ ਜਾਗਰੂਕ ਰਹਿਣਾ ਚਾਹੀਦਾ ਹੈ ਤੇ ਹੋਣ ਜਾ ਰਹੀ ਸੰਭਾਵਤ ਤਬਾਹੀ ਦੇ ਵਿਰੋਧ ਵਿੱਚ ਜ਼ੋਰਦਾਰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਗੱਲ ਨੂੰ ਪਛਾਨਣ ਦੀ ਲੋੜ ਹੈ ਕਿ ਬੀ ਜੇ ਪੀ ਦੇ ਸੋਚ-ਸਿਰਾਂ ਦੀ ਇਹ ਸੋਚੀ ਸਮਝੀ ਕਾਢ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਨਰਿੰਦਰ ਮੋਦੀ ਦੀ ਦਿੱਖ ਕੱਟੜਪੰਥੀ ਵਾਲੀ ਨਾ ਹੋਵੇ ਤਾਂ ਕਿ ਉਹਦੇ ਨਾਅਰਿਆਂ ਉੱਤੇ ਲੋਕਾਂ ਦਾ ਵਿਸ਼ਵਾਸ਼ ਬਣਿਆ ਰਹੇ। ਦੋਸਤੋ ਭਾਰਤੀ ਜਨਤਾ ਪਾਰਟੀ ਦੇ ਇਸ ਸ਼ਿਕੰਜੇ ਵਿੱਚ ਨਾ ਫਸ ਜਾਣਾ।

---

## ਮਿੰਨੀ ਕਹਾਣੀ

### ਔਰਤ ਹੱਥ ਨਾ ਲਗਾਵੇ

ਮੁੰਬਈ ਏਅਰਪੋਰਟ ਤੇ ਇੱਕ ਸੁਵਾਮੀ ਜੀ ਆਏ ਉਨ੍ਹਾਂ ਨੇ ਮੁੰਬਈ ਤੋਂ ਦਿੱਲੀ ਜਾਣਾ ਸੀ। ਤੇਜਹੀਨ ਚਿਹਰਾ, ਸਫੈਦ ਵਾਲ, ਦਾੜ੍ਹੀ ਸਫੈਦ, ਸਾਧਾਂ ਵਾਲਾ ਭੇਸ, ਵੀਲ੍ਹ ਚੇਅਰ, ਦੋ ਸਹਾਇਕ ਇੱਕ ਵਿਸ਼ੇਸ਼ ਸਹਾਇਕ। ਸਮਾਨ ਚੈੱਕ ਕਰਾਵਾਉਣ ਲਈ ਕਾਊਂਟਰ ਤੇ ਗਏ ਤਾਂ ਵਿਸ਼ੇਸ਼ ਸਹਾਇਕ ਨੇ ਡੈਸਕ ਮੈਨੇਜਰ ਨੂੰ ਕਿਹਾ ਕਿ ਸਵਾਮੀ ਜੀ ਦੀ ਇੱਕ ਵਿਸ਼ੇਸ਼ ਹਦਾਇਤ ਹੈ ਕਿ ਸਵਾਮੀ ਨੂੰ ਕੋਈ ਵੀ ਔਰਤ ਹੱਥ ਨਾ ਲਗਾਵੇ। ਡੈਸਕ ਮੈਨੇਜਰ ਨੇ ਪਹਿਲਾਂ ਤਾਂ ਵਿਸ਼ੇਸ਼ ਸਹਾਇਕ ਜਨਾਬ ਵੱਲ ਹੈਰਾਨੀ ਨਾਲ ਵੇਖਿਆ ਫੇਰ ਆਪਣੀ ਅਤੇ ਏਅਰਲਾਈਨਜ਼ ਦੀ ਮਜ਼ਬੂਰੀ ਨੂੰ ਸਮਝਦੇ ਹੋਏ ਬੋਲਿਆ, "ਠੀਕ ਹੈ" ਸਰ ਅਤੇ ਕੋਲ ਬੈਠੀ ਆਪਣੀ ਸਹਾਇਕ ਨੂੰ ਸਮਾਨ ਪਾਸ ਦੇਣ ਦੀ ਹਦਾਇਤ ਦਿੱਤੀ ਚੈਕਿੰਗ ਪਾਸ ਲੈਣ ਆਈ ਇੱਕ ਹੋਰ ਔਰਤ ਨੇ ਮਨ ਹੀ ਮਨ ਵਿੱਚ ਸੁਵਾਮੀ ਜੀ ਨੂੰ ਇੱਕ ਗੰਦੀ ਗਾਲ ਦਿੱਤੀ ਅਤੇ ਔਰਤ ਸਟਾਫ਼ ਤੇ ਗੁੱਸਾ ਕਰਨ ਲੱਗੀ।

ਤੁਸੀਂ ਇਨ੍ਹਾਂ ਦੀ ਸ਼ਰਤ ਕਿਵੇਂ ਮੰਨ ਲਈ? ਮੈਡਮ ਅਸੀਂ ਕੀ ਕਰ ਸਕਦੇ ਹਾਂ। ਕਸਟਮਰ ਨੂੰ ਸਰਵਿਸ਼ ਦੇਣਾ ਸਾਡਾ ਕੰਮ ਹੈ ਪਰ ਮਹਿਲਾ ਦੀ ਇੱਜਤ ਦਾ ਕੀ ਤੁਹਾਡੀ ਸਾਹਮਣੇ ਤੁਹਾਨੂੰ ਗਾਲਾਂ ਦੇ ਕੇ ਚਲਾ ਗਿਆ ਇਹ ਪਾਖੰਡੀ ਔਰਤਾਂ ਦੇ ਸਟਾਫ਼ ਨੂੰ ਵੀ ਗੱਲ ਤਾਂ ਜਚੀ ਪਰ ਉਹ ਕਰ ਕੀ ਸਕਦੀਆਂ ਸਨ। ਕਸਟਮਰ ਔਰਤ ਨੇ ਕਿਹਾ ''ਵਿਲ ਯੂ ਡੂ ਏ ਫੇਵਰ" (ਕੀ ਤੁਸੀਂ ਮੇਰੇ ਤੇ ਇੱਕ ਅਹਿਸਾਨ ਕਰ ਸਕਦੇ ਹੋ।) ਇਨ੍ਹਾਂ ਦੇ ਨਾਲ ਵਾਲੀ ਸੀਟ ਮੈਨੂੰ ਦਿਓਗੇ ਤੁਸੀਂ? ਇਨ੍ਹਾਂ ਤਾਂ ਤੁਸੀਂ ਕਰ ਹੀ ਸਕਦੇ ਹੋ। ਸਟਾਫ਼ ਵਾਲੀਆਂ ਔਰਤਾਂ ਅੰਦਰ ਇੱਕ ਸ਼ਕਤੀ ਜਾਗੀ। ਉਨ੍ਹਾਂ ਨੇ ਨਾਲ ਵਾਲੀ ਸੀਟ ਉਸ ਔਰਤ ਨੂੰ ਦੇ ਦਿੱਤੀ। ਔਰਤ ਨੇ ਜਹਾਜ਼ ਵਿੱਚ ਪ੍ਰਵੇਸ਼ ਕੀਤਾ ਅਤੇ ਸੁਵਾਮੀ ਜੀ ਦੇ ਨਾਲ ਵਾਲੀ ਸੀਟ ਤੇ ਬੈਠ ਗਈ ਕਿਉਂਕਿ ਸਵਾਮੀ ਜੀ ਦਾ ਸਟਾਫ਼ ਉਹਨਾਂ ਦੇ ਬਰਾਬਰ ਨਹੀਂ ਬੈਠ ਸਕਦਾ ਸੀ ਇਸਲਈ ਉਹ ਨਾਲ ਲੱਗਦੀਆਂ ਸੀਟਾਂ ਤੇ ਬੈਠ ਕੇ ਦੇਖਦੇ ਰਹੇ ਕਿ ਸਵਾਮੀ ਜੀ ਦੇ ਨਾਲ ਵਾਲੀ ਸੀਟ ਤੇ ਤਾਂ ਔਰਤ ਬੈਠ ਗਈ ਉਨ੍ਹਾਂ ਨੇ ਜਹਾਜ਼ ਦੇ ਸਟਾਫ਼ ਮੈਂਬਰ ਨੂੰ ਇਸ ਦੀ ਸ਼ਿਕਾਇਤ ਕੀਤੀ। ਮੈਂਬਰ ਨੇ ਸਿਫ਼ਾਰਿਸ਼ ਕੀਤੀ ਕਿ ਤੁਸੀਂ ਆਪਣੀ ਸੀਟ ਬਦਲ ਲਵੋ। ਸਵਾਮੀ ਜੀ ਦੀ ਇੱਛਾ ਹੈ ਕਿ ਇਨ੍ਹਾਂ ਨਾਲ ਕੋਈ ਵੀ ਔਰਤ ਨਾ ਬੈਠੇ। ਔਰਤ ਨੇ ਇਸ ਗੱਲ ਨੂੰ ਅਣਸੁਣਿਆਂ ਕਰ ਦਿੱਤਾ। ਜਹਾਜ਼ ਦੇ ਦੂਜੇ ਯਾਤਰੀ ਵੀ ਇੱਧਰ ਦੇਖਣ ਲੱਗੇ ਅਤੇ ਕਹਿਣ ਲੱਗੇ ਕਿ ਉਨ੍ਹਾਂ ਨੂੰ ਔਰਤ ਤੋਂ ਕਿ ਪ੍ਰੇਸ਼ਾਨੀ ਹੈ। ਇਨ੍ਹਾਂ ਨੂੰ ਪੁੱਛੋ ਕੀ ਇਹ ਇੱਕ ਔਰਤ ਤੋਂ ਜਨਮੇ ਹਨ ਜਾਂ ਆਸਮਾਨ ਤੋਂ ਡਿੱਗੇ ਹਨ। ਸੁਵਾਮੀ ਜੀ ਤੇ ਮੈਂ ਕੇਸ ਕਰ ਸਕਦੀ ਹਾਂ ਪਰ ਸੁਵਾਮੀ ਜੀ ਦੀ ਬਿਰਧ ਅਵਸਥਾ ਦੇਖ ਕੇ ਮੈਂ ਇਨ੍ਹਾਂ ਨੂੰ ਕੁੱਝ ਨਹੀਂ ਕਹਿ ਰਹੀ ਫਿਰ ਵੀ ਇਹ ਮੈਨੂੰ ਕੋਈ ਇੱਕ ਤਰਕ ਨਾਲ ਸਹਿਮਤ ਕਰ ਦੇਣ ਕਿ ਔਰਤ ਦੇ ਛੋਹਣ ਨਾਲ ਇਹ ਅਪਵਿੱਤਰ ਹੋ ਜਾਣਗੇ ਤਾਂ ਮੈਂ ਸੀਟ ਛੱਡ ਦੇਵਾਂਗੀ। ਸੁਵਾਮੀ ਜੀ ਸਰੀਰਕ ਰੂਪ ਤੋਂ ਬਹੁਤ ਕਮਜ਼ੋਰ ਹੋ ਗਏ ਸੀ। ਉਨ੍ਹਾਂ ਦੇ ਚੇਲਿਆਂ ਨੂੰ ਲੱਗ ਰਿਹਾ ਸੀ ਕਿ ਉਨ੍ਹਾਂ ਦੇ ਕੋਲ ਬਹੁਤ ਬਲ ਹੈ। ਹੁਣੇ ਹੀ ਆਪਣੇ ਬਲ ਨਾਲ ਸਾਰਾ ਦ੍ਰਿਸ਼ ਬਦਲ ਦੇਣਗੇ, ਪਰ ਸੁਵਾਮੀ ਜੀ ਨੇ ਝੋਲ਼ੇ ਵਿੱਚੋਂ ਸ਼੍ਰੀਮਦ ਭਗਵਤ ਗੀਤਾ ਕੱਢੀ ਉਸ ਵਿੱਚ ਆਪਣਾ ਮੂੰਹ ਲੁਕੋ ਲਿਆ।

**-ਵਰਿੰਦਰ ਭਾਟੀਆ**

# ਮੋਟਾਪੇ ਦੀ ਓਟ ਵਿੱਚ ਧੋਖੇ ਦਾ ਵਪਾਰ

**ਡਾਕਟਰ ਐਸ. ਕੇ. ਗਰਗ**

ਮੋਟਾਪੇ ਤੋਂ ਮੁਕਤੀ ਦੇ ਲਈ ਮਸ਼ੀਨਾਂ ਦੀ ਵਰਤੋਂ ਸਮੇਂ ਅਤੇ ਧਨ ਦੀ ਬਰਬਾਦੀ ਹੈ। ਕੁਝ ਤਥਾਕਥਿਤ ਕਰੀਮ, ਕੈਪਸੂਲ ਆਦਿ ਵੀ ਮੋਟੇ ਲੋਕਾਂ ਦੀਆਂ ਜ਼ੇਬਾਂ ਖਾਲੀ ਕਰ ਰਹੀਆਂ ਹਨ। ਲੇਖਕ ਦੱਸ ਰਿਹਾ ਹੈ ਮੋਟਾਪੇ ਨੂੰ ਕਿਵੇਂ ਘੱਟ ਕਰੀਏ। ਮੋਟਾਪਾ ਘੱਟ ਕਰਨ ਵਿੱਚ ਖਾਣ ਪਾਣ, ਇਲਾਜ ਅਤੇ ਕਸਰਤ ਦਾ ਵੱਡਾ ਯੋਗਦਾਨ ਹੈ, ਪਰੰਤੂ ਏਨਾ ਸਬਰ ਕੁਝ ਹੀ ਲੋਕਾਂ ਵਿੱਚ ਦੇਖਣ ਨੂੰ ਮਿਲਦਾ ਹੈ। ਅੱਜ ਕੱਲ੍ਹ ਤਾਂ ਹਰ ਕੋਈ ਤੁਰੰਤ ਲਾਭ ਚਾਹੁੰਦਾ ਹੈ।



ਸਾਰੇ ਲੋਕ ਮੋਟਾਪੇ ਤੋਂ ਬਿਨਾਂ ਕੋਈ ਤਿਆਗ ਅਤੇ ਕਸਰਤ ਕੀਤੇ ਬਿਨਾਂ ਛੁਟਕਾਰਾ ਪਾਣਾ ਚਾਹੁੰਦੇ ਹਨ। ਲੋਕਾਂ ਦੀ ਇਸ ਕਮਜ਼ੋਰੀ ਤੋਂ ਲਾਭ ਲੈਣ ਦੇ ਲਈ ਬਾਜ਼ਾਰ ਵਿੱਚ ਬਹੁਤ ਸਾਰੇ, ਉਪਕਰਣ (ਸਾਮਾਨ, ਸਾਧਨ, ਸਮੱਗਰੀ) ਮਿਲ ਰਹੇ ਹਨ ਜਿਹਨਾਂ ਵਿੱਚ ਇਹ ਝੂਠਾ ਦਾਅਵਾ ਕੀਤਾ ਜਾਂਦਾ ਹੈ ਕਿ ਉਨ੍ਹਾਂ ਨਾਲ ਅਤਿ ਜਲਦੀ, ਬਿਨਾਂ ਕਿਸੇ ਮਿਹਨਤ ਅਤੇ ਤਿਆਗ ਤੋਂ ਮੋਟਾਪਾ ਘੱਟ ਕੀਤਾ ਜਾ ਸਕਦਾ ਹੈ ਜਿਵੇਂ :

- ਵਜਨ ਘੱਟ ਕਰਨ ਦੀ ਚਾਹ, ਸੋਨਾ ਬੈਲਟ, ਟਵਿਸਟਰ, ਮਾਰਨਿੰਗ ਵਾਕਰ ਆਦਿ ਇਹਨਾਂ ਦਾ ਵਿਗਿਆਪਨ ਟੀਵੀ ਉੱਤੇ ਵੀ ਬਹੁਤ ਆਉਂਦਾ ਹੈ। ਇਹਨਾਂ ਨਾਲ ਜੇਕਰ ਕੁੱਝ ਘੱਟ ਹੁੰਦਾ ਹੈ ਤਾਂ ਸਿਰਫ਼ ਤੁਹਾਡਾ ਪੈਸਾ। ਵਜਨ ਘੱਟ ਕਰਨ ਦੀ ਚਾਹ ਵਿੱਚ ਕੋਈ ਹਾਨੀਕਾਰਕ ਰਸਾਇਣ ਜਾਂ ਦਵਾਈ ਮਿਲੀ ਹੈ ਜਾਂ ਨਹੀਂ, ਇਹ ਕੋਈ ਗਾਹਕ ਨਹੀਂ ਜਾਣਦਾ। ਸੋਨਾ ਬੈਲਟ ਬਿਜਲੀ ਦੁਆਰਾ ਗਰਮੀ ਅਤੇ ਵਾਈਬ੍ਰੇਸ਼ਨ (ਥਰਾਹਟ) ਪੈਦਾ ਕਰਦੀ ਹੈ। ਇਸ ਨਾਲ ਸਿਰਫ਼ ਪਸੀਨਾ ਨਿਕਲਦਾ ਹੈ ਚਰਬੀ ਘੱਟ ਨਹੀਂ ਹੁੰਦੀ। ਟਵਿਸਟਰ ਅਤੇ ਮਾਰਨਿੰਗ ਵਾਕਰ ਬਿਜਲੀ ਦੇ ਜ਼ਰੀਏ ਤੁਹਾਡੇ ਸਰੀਰ ਨੂੰ ਲੇਟੇ-ਲੇਟੇ ਹੀ ਹਿਲਾਉਂਦੇ ਹਨ। ਇਸ ਵਿੱਚ ਤੁਹਾਡੇ ਸਰੀਰ ਦੀ ਊਰਜਾ ਖ਼ਰਚ ਨਹੀਂ ਹੁੰਦੀ। ਇਸ ਲਈ ਇਸ ਨਾਲ ਵਜਨ ਵੀ ਘੱਟ ਨਹੀਂ ਹੁੰਦਾ। ਇਸ ਤਰ੍ਹਾਂ ਤੁਹਾਡੇ ਇਲਾਕੇ ਵਿੱਚ ਮਸ਼ੀਨਾਂ ਨਾਲ ਵਜਨ ਘੱਟ ਕਰਨ ਦੇ ਸੈਂਟਰ ਵੀ ਹੋਣਗੇ। ਇਹਨਾਂ ਵਿੱਚ ਵੀ ਸੋਨਾ ਬੈਲਟ ਵਰਗੇ ਹੀ ਉਪਕਰਨ ਹੁੰਦੇ ਹਨ ਅਤੇ ਨਾਲ ਹੀ ਡਾਇਟੀਸ਼ੀਅਨ ਆਹਾਰ ਵਿਗਿਆਨੀ ਦੁਆਰਾ ਤੁਹਾਨੂੰ ਡਾਇਟਿੰਗ (ਭੋਜਨ ਸੰਜਮ ਕਰਨਾ) ਕਰਾਈ ਜਾਂਦੀ ਹੈ। ਤੁਹਾਡਾ ਜਿਹੜਾ ਥੋੜਾ ਵਜਨ ਉੱਥੇ ਘੱਟ ਹੁੰਦਾ ਹੈ, ਉਹ ਡਾਇਟਿੰਗ ਦੇ ਕਾਰਨ ਨਾਲ ਘੱਟ ਹੁੰਦਾ ਹੈ, ਮਸ਼ੀਨਾਂ ਨਾਲ ਨਹੀਂ। ਇਸ ਲਈ ਜ਼ਿਆਦਾਤਰ ਲੋਕਾਂ ਦਾ ਇਹ ਘਟਿਆ ਹੋਇਆ ਵਜਨ ਵਾਪਸ ਆ ਜਾਂਦਾ ਹੈ। ਜੇਕਰ ਮਸ਼ੀਨਾਂ ਨਾਲ ਵਜਨ ਘੱਟ ਹੁੰਦਾ ਹੋਵੇ ਤਾਂ ਅਜਿਹੀਆਂ ਮਸ਼ੀਨਾਂ ਸਰਕਾਰੀ ਅਤੇ ਨਿਜੀ ਹਸਪਤਾਲਾਂ ਵਿੱਚ ਉਪਲੱਬਧ ਹੁੰਦੀਆਂ ਕਿਉਂਕਿ ਅੱਜਕੱਲ੍ਹ ਜ਼ਿਆਦਾਤਰ ਲੋਕ ਜਿਵੇਂ ਕਿ ਸ਼ੂਗਰ, ਉੱਚ ਰਕਤ ਚਾਪ, ਦਿਲ ਦਾ ਰੋਗ, ਜੋੜਾਂ ਦਾ ਦਰਦ ਆਦਿ ਇਸ ਮੋਟਾਪੇ ਦੇ ਕਾਰਨ ਹੁੰਦੇ ਹਨ। ਇਸ ਲਈ ਡਾਕਟਰ ਇਹਨਾਂ ਰੋਗਾਂ ਨਾਲ ਗ੍ਰਸਤ ਰੋਗੀਆਂ ਨੂੰ ਵਜਨ ਘੱਟ ਕਰਨ ਦੀ ਸਲਾਹ ਦੇਂਦੇ ਹਨ, ਪਰੰਤੂ ਇਹਨਾਂ ਮਸ਼ੀਨਾਂ ਦੀ ਵਰਤੋਂ ਦੀ ਸਲਾਹ ਨਹੀਂ ਦੇਂਦੇ ਹਨ।
- ਵਜਨ ਘੱਟ ਕਰਨ ਦੀ ਜੀਂਸ ਅਤੇ ਮੁਖੌਟਾ, ਪਾਣੀ ਪੀਣ ਦੇ ਲਈ ਖਾਸ ਲਕੜੀ ਦਾ ਗਿਲਾਸ ਆਦਿ ਦੇ ਵਿਗਿਆਪਨ ਤਾਂ ਹਾਸਾਪੂਰਣ ਹੀ ਲੱਗਦੇ ਹਨ।
- ਵਜਨ ਘੱਟ ਕਰਨ ਦਾ ਸਾਬਨ, ਕਰੀਮ, ਜੈਲ ਆਦਿ ਦੇ ਵਿਗਿਆਪਨ ਵੀ ਮੈਗਜ਼ੀਨਾਂ ਅਤੇ ਇੰਟਰਨੈੱਟ ਉੱਤੇ ਦੇਖੇ ਜਾ ਸਕਦੇ ਹਨ। ਇੱਕ ਕਰੀਮ ਅਤੇ ਜੈਲ ਦੀ ਕੀਮਤ ਇੱਕ ਹਜ਼ਾਰ ਰੁਪਏ ਤੋਂ ਵੀ ਵੱਧ ਹੁੰਦੀ ਹੈ। ਵਿਗਿਆਪਨ ਦਾਤਾ ਆਪਣੀ ਜ਼ੁੰਮੇਵਾਰੀ ਤੋਂ ਮੁਕਤ ਹੋਣ ਦੇ ਲਈ ਵਿਗਿਆਪਨ ਦੇ ਹੇਠਾਂ ਲਿਖ ਦੇਂਦੇ ਹਨ : (ਨਤੀਜਾ ਵਿਅਕਤੀ ਤੋਂ ਵਿਅਕਤੀ ਭਿੰਨ ਹੁੰਦਾ ਹੈ)

ਕੁਝ ਸਾਲ ਪਹਿਲਾਂ ਹਰਬਲ ਲਾਇਫ਼ ਪਾਊਡਰ ਬਹੁਤ ਪ੍ਰਚੱਲਤ ਹੋ ਗਿਆ ਸੀ ਪਰੰਤੂ ਹੁਣ ਇਹ ਗੁੰਮਨਾਮੀ ਦੇ ਹਨੇਰੇ ਵਿੱਚ ਖੋ ਚੁੱਕਾ ਹੈ। ਇਸੇ ਦੀ ਤਰਜ਼ ਉੱਤੇ ਹੋਰ ਬਹੁਤ ਸਾਰੇ ਕੈਪਸੂਲ, ਪਾਊਡਰ, ਜੈਲ, ਕਰੀਮ ਬਾਜ਼ਾਰ ਵਿੱਚ ਉਪਲੱਬਧ ਹਨ ਜਿਹਨਾਂ ਨਾਲ ਕੋਈ ਲਾਭ ਨਹੀਂ ਹੁੰਦਾ। ਹਾਂ, ਕੁਝ ਦਵਾਈਆਂ ਮੋਟਾਪੇ ਦੇ ਲਈ ਮਿਲਦੀਆਂ ਹਨ ਜਿਹਨਾਂ ਨੂੰ ਤੁਸੀਂ ਆਪਣੇ ਡਾਕਟਰ ਦੀ ਸਲਾਹ ਉੱਤੇ ਲੈ ਸਕਦੇ ਹੋ।

**ਪੈਸਾ ਵਾਪਸ :** ਬਹੁਤ ਸਾਰੇ ਵਿਗਿਆਪਨਾਂ ਵਿੱਚ ਲਿਖਿਆ ਹੁੰਦਾ ਹੈ ਕਿ ਜੇਕਰ ਕੈਪਸੂਲ ਨਾਲ ਲਾਭ ਨਾ ਹੋਵੇ ਤਾਂ ਪੈਸਾ ਵਾਪਸ। ਇਸ ਤਰ੍ਹਾਂ ਦੇ ਜ਼ਿਆਦਾਤਰ ਵਿਗਿਆਪਨਾਂ ਵਿੱਚ ਸਿਰਫ਼ ਮੋਬਾਇਲ ਨੰਬਰ ਅਤੇ ਵੇਬਸਾਇਟ ਦਾ ਪਤਾ ਹੋਵੇਗਾ ਅਤੇ ਤੁਹਾਡੇ ਆਰਡਰ ਉੱਤੇ ਕੈਪਸੂਲ ਡਾਕ ਦੁਆਰਾ ਭੇਜੇ ਜਾਂਦੇ ਹਨ। ਇਸ ਤਰ੍ਹਾਂ ਦੀ ਜ਼ਿਆਦਾਤਰ ਕੰਪਨੀਆਂ ਦੋ-ਚਾਰ ਮਹੀਨਿਆਂ ਵਿੱਚ ਲੋਕਾਂ ਦਾ ਪੈਸਾ ਲੈ ਕੇ ਭੱਜ ਜਾਂਦੀਆਂ ਹਨ। ਕੋਈ ਪੱਕਾ ਪਤਾ ਨਾ ਹੋਣ ਦੇ ਕਾਰਨ ਤੁਸੀਂ ਇਨਾਂ ਦੀ ਸ਼ਿਕਾਇਤ ਵੀ ਨਹੀਂ ਕਰ ਸਕਦੇ।

ਮੋਟਾਪਾ ਅਜਿਹਾ ਰੋਗ ਹੈ ਜਿਹੜਾ ਸਾਰੇ ਸੰਸਾਰ ਵਿੱਚ ਮਹਾਂਮਾਰੀ ਦੇ ਰੂਪ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ। ਲੋਕਾਂ ਨੂੰ ਇਸ ਤੋਂ ਛੁਟਕਾਰਾ ਪਾਉਣ ਦੇ ਲਈ ਫੌਰਨ, ਆਸਾਨ ਅਤੇ ਪਰੇਸ਼ਾਨੀ ਰਹਿਤ ਉਪਾਅ ਚਾਹੀਦੇ ਹਨ। ਇਸ ਲਈ ਇਸ ਪ੍ਰਕਾਰ ਦੇ ਭਰਮਪਾਊ ਵਿਗਿਆਪਨ ਅਤੇ ਉਪਕਰਨ ਬਾਜ਼ਾਰ ਵਿੱਚ ਆਉਂਦੇ ਰਹਿਣਗੇ। ਗਾਹਕਾਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਦੇ ਚੱਕਰ ਵਿੱਚ ਨਾ ਪੈਣ ਅਤੇ ਮੋਟਾਪੇ ਦਾ ਇਲਾਜ ਆਪਣੇ ਪਰਵਾਰਿਕ ਡਾਕਟਰ ਤੋਂ ਹੀ ਕਰਵਾਓ। ਜੇਕਰ ਲੋੜ ਪਵੇਂ ਤਾਂ ਕਿਸੀ ਮਾਹਰ ਤੋਂ ਵੀ ਸਲਾਹ ਮਸ਼ਵਰਾ ਕਰ ਸਕਦੇ ਹੋ। ਆਪਣੀ ਕੋਸ਼ਿਸ਼ ਨਾਲ ਮੋਟਾਪਾ ਘੱਟ ਕਰਨ ਦੇ ਲਈ ਸੰਤੁਲਿਤ ਭੋਜਨ ਅਤੇ ਨਿਯਮਿਤ ਕਸਰਤ ਜਾਰੀ ਰੱਖੋ। ***

## ਅਲਵਿਦਾ ਔਲਖ ਜੀ !



ਪ੍ਰਸਿੱਧ ਪੰਜਾਬੀ ਨਾਟਕਕਾਰ "ਅਜਮੇਰ ਔਲਖ ਜੀ" 75 ਵਰ੍ਹਿਆਂ ਦੀ ਉਮਰ ਵਿੱਚ ਵਿਛੋੜਾ ਦੇ ਗਏ, ਔਲਖ ਜੀ ਸਾਹਿਤ ਅਕਾਦਮੀ ਅਵਾਰਡ ਜੇਤੂ ਲੇਖਕ ਸਨ। ਇਨ੍ਹੀ ਦਿਨੀ ਉਹ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ, ਇੱਕ ਮਹੀਨੇ ਤੋਂ ਫੌਰਟਿਸ ਹਸਪਤਾਲ ਵਿੱਚ ਦਾਖਲ ਸਨ। ਜਿੱਥੇ ਉਹਨਾਂ ਦੀ ਰੀੜ ਦੀ ਹੱਡੀ ਦੇ ਕੈਂਸਰ ਦਾ ਇਲਾਜ ਚੱਲ ਰਿਹਾ ਸੀ। ਔਲਖ ਜੀ ਨੂੰ ਹਮੇਸ਼ਾ ਲੋਕ ਪੱਖੀ ਨਾਟਕਕਾਰ ਵੱਜੋਂ ਯਾਦ ਕੀਤਾ ਜਾਂਦਾ ਰਹੇਗਾ। ਉਹਨਾਂ ਨੇ ਤਰਕਸ਼ੀਲ ਲਹਿਰ ਲਈ ਕਈ ਨਾਟਕ ਵੀ ਲਿਖੇ ਜਿੰਨ੍ਹਾਂ ਵਿੱਚ ਸੁੱਕੀ ਕੁੱਖ, ਝਨਾਂ ਦੀ ਰਾਤ ਸ਼ਾਮਿਲ ਹਨ। ਜਿੰਨ੍ਹਾਂ ਨੂੰ ਤਰਕਸ਼ੀਲ ਕਾਰਕੁੰਨਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਪਿੰਡਾਂ ਵਿੱਚ ਕਰਵਾ ਕੇ ਲੋਕਾਂ ਨੂੰ ਅੰਧਵਿਸ਼ਵਾਸ਼ਾਂ ਵਿੱਚੋਂ ਨਿਕਲਣ ਦਾ ਸੱਦਾ ਦਿੱਤਾ।

ਉਹਨਾਂ ਦੇ ਸੰਸਕਾਰ ਮੌਕੇ ਤਰਕਸ਼ੀਲ ਸੁਸਾਇਟੀ ਭਾਰਤ ਦੀ ਸੂਬਾ ਕਮੇਟੀ ਵੱਲੋਂ ਮੇਘ ਰਾਜ ਰੱਲਾ, ਸੁਖਵੀਰ ਜੋਗਾ, ਜਗਰਾਜ ਟੱਲੇਵਾਲ ਅਤੇ ਅਮਿਤ ਮਿੱਤਰ ਜੀ ਹਾਜ਼ਰ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਤੇ ਕਾਰਕੂੰਨ ਵੀ ਮਾਨਸਾ ਵਿੱਚ ਇਸ ਮੌਕੇ ਪਹੁੰਚੇ ਹੋਏ ਸਨ। ਅਦਾਰਾ 'ਵਿਗਿਆਨ ਜੋਤ' ਉਹਨਾਂ ਦੀ ਮੌਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ।

# ਸਟੀਫਨ ਹਾਕਿੰਗ



**ਸੁਖਵਿੰਦਰ ਆਜ਼ਾਦ**

ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲਗਦਾ, ਲੇਕਿਨ ਮੈਨੂੰ ਮਰਨ ਦੀ ਵੀ ਕੋਈ ਜਲਦੀ ਨਹੀਂ। ਕਿਉਂਕਿ ਮਰਨ ਤੋਂ ਪਹਿਲਾਂ ਜ਼ਿੰਦਗੀ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ। ਇਹ ਕਹਿਣਾ ਹੈ ਮਹਾਨ ਵਿਗਿਆਨੀ ਸਟੀਫਿਨ ਹੋਕਿੰਗ ਦਾ। ਇਹਨਾਂ ਦੇ ਸਰੀਰ ਦਾ ਕੋਈ ਵੀ ਅੰਗ ਕੰਮ ਨਹੀਂ ਕਰਦਾ, ਇਹ ਚੱਲ ਨਹੀਂ ਸਕਦੇ, ਇਹ ਬੋਲ ਨਹੀਂ ਸਕਦੇ, ਇਹ ਕੁਝ ਕਰ ਨਹੀਂ ਸਕਦੇ। ਲੇਕਿੰਨ ਫਿਰ ਵੀ ਜਿਓਣਾ ਚਾਹੁੰਦੇ ਨੇ। ਸਟੀਫਿਨ ਦਾ ਕਹਿਣਾ ਹੈ ਕਿ ਮੌਤ ਤਾਂ ਨਿਸਚਿਤ ਹੈ, ਪਰ ਜਨਮ ਅਤੇ ਮੌਤ ਦੇ ਵਿਚਕਾਰ ਤੁਸੀਂ ਕਿਵੇਂ ਜਿਓਣਾਂ ਚਾਹੁੰਦੇ ਹੋ, ਓ ਤੁਹਾਡੇ ਤੇ ਨਿਰਭਰ ਕਰਦਾ ਹੈ। ਚਾਹੇ ਜ਼ਿੰਦਗੀ ਜਿੰਨ੍ਹੀ ਵੀ ਮਰਜ਼ੀ ਕਠਨ ਕਿਉਂ ਨਾ ਹੋਵੇ, ਤੁਸੀਂ ਕੁਝ ਨਾ ਕੁਝ ਕਰ ਸਕਦੇ ਹੋ, ਅਤੇ ਸਫਲ ਹੋ ਸਕਦੇ ਹੋ ।

ਸਟੀਫਿਨ ਦਾ ਜਨਮ 8 ਜਨਵਰੀ 1942 ਵਿੱਚ ਇੰਗਲੈਂਡ ਦੇ ਔਕਸਫੋਰਡ ਸ਼ਹਿਰ ਵਿੱਚ ਹੋਇਆ ਸੀ। ਜਦੋਂ ਸਟੀਫਿਨ ਦਾ ਜਨਮ ਹੋਇਆ ਤਾਂ ਉਸ ਸਮੇਂ ਦੂਸਰਾ ਵਿਸ਼ਵ ਯੁੱਧ ਚੱਲ ਰਿਹਾ ਸੀ। ਸਟੀਫਿਨ ਦੇ ਮਾਤਾ ਪਿਤਾ ਲੰਡਨ ਦੇ ਹਾਈਗੇਟ ਵਿੱਚ ਰਹਿੰਦੇ ਸੀ। ਜਿਥੇ ਅਕਸਰ ਬੰਬ-ਬਾਰੀ ਹੁੰਦੀ ਰਹਿੰਦੀ ਸੀ। ਜਿਸ ਕਾਰਨ ਸਟੀਫਿਨ ਦੇ ਮਾਤਾ, ਪਿਤਾ ਆਪਣੇ ਪੁੱਤਰ ਦੇ ਜਨਮ ਲਈ ਔਕਸਫੋਰਡ ਚਲੇ ਆਏ ਸੀ। ਜਿਥੇ ਸੁਰੱਖਸ਼ਤ ਰੂਪ ਵਿੱਚ ਸਟੀਫਿਨ ਦਾ ਜਨਮ ਹੋ ਸਕਿਆ। ਬਚਪਨ ਤੋਂ ਹੀ ਸਟੀਫਿਨ ਬਹੁਤ ਹੁਸ਼ਿਆਰ ਸੀ। ਸਟੀਫਿਨ ਦੇ ਪਿਤਾ ਡਾਕਟਰ ਅਤੇ ਮਾਂ ਘਰੇਲੂ ਔਰਤ (ਹਾਊਸ ਵਾਇਫ) ਸੀ। ਸਟੀਫਿਨ ਦੀ ਬੁੱਧੀਮਾਨਤਾ ਦਾ ਅੰਦਾਜ਼ਾ ਇਸ ਗੱਲ੍ਹ ਤੋਂ ਲਗਾਇਆ ਜਾ ਸਕਦਾ ਕਿ ਬਚਪਨ ਵਿੱਚ ਉਸ ਨੂੰ ਲੋਕ ਆਇਸਟਾਇਨ ਕਹਿ ਕਿ ਬਲਾਉਂਦੇ ਸਨ। ਸਟੀਫਿਨ ਨੂੰ ਗਣਿਤ ਵਿੱਚ ਬਹੁਤ ਦਿਲਚਸਪੀ ਸੀ। ਏਥੋਂ ਤੱਕ ਉਹਨਾਂ ਨੇ ਪੁਰਾਣੇ ਇਲੈਕਟ੍ਰੌਨਿਕ ਉਪਕਰਨਾ ਨਾਲ ਕੰਪਿਊਟਰ ਬਣਾ ਦਿੱਤਾ ਸੀ। 17 ਸਾਲ ਉਮਰ ਵਿੱਚ ਔਕਸਫੋਰਡ ਯੂਨੀ: ਵਿੱਚ ਦਾਖਲਾ ਲੈ ਲਿਆ। ਔਕਸਫੋਰਡ ਦੀ ਪੜ੍ਹਾਈ ਦੇ ਦੌਰਾਨ ਉਹਨਾਂ ਨੂੰ ਕੁਝ ਕੰਮ ਕਰਨ ਵਿੱਚ ਦਿੱਕਤ ਆਉਣ ਲੱਗੀ ਸੀ। ਇਕ ਵਾਰ ਸਟੀਫਿਨ ਛੁੱਟੀਆਂ ਮਨਾਉਣ ਲਈ ਆਪਣੇ ਘਰ ਆਏ ਹੋਏ ਸੀ, ਤਾਂ ਪੌੜੀਆਂ ਤੋਂ ਡਿੱਗ ਪਏ ਅਤੇ ਬੇਹੋਸ਼ ਹੋ ਗਏ। ਸ਼ੁਰੂ ਵਿੱਚ ਤਾਂ ਸਭ ਨੇ ਕਮਜੋਰ ਕਾਰਨ ਡਿੱਗਿਆ ਸਮਝ ਲਿਆ ਸੀ, ਤੇ ਜਿਆਦਾ ਧਿਆਨ ਨਹੀਂ ਸੀ ਦਿੱਤਾ। ਪਰ ਵਾਰ-ਵਾਰ ਇਸੇ ਤਰ੍ਹਾਂ ਅਲੱਗ-ਅੱਲਗ ਸਮੱਸਿਆਂਵਾ ਆਉਣ ਕਾਰਨ ਜਾਂਚ ਕਰਵਾਈ ਤਾਂ ਪਤਾ ਲੱਗਿਆ ਕਿ ਉਹਨਾਂ ਨੂੰ ਕਦੀ ਨਾ ਠੀਕ ਹੋਣ ਵਾਲੀ ਬਿਮਾਰੀ ਹੈ। ਜਿਸ ਦਾ ਨਾਮ ਨਿਉਰਾਨ ਮੋਟਰ ਸੀ। ਇਸ ਬਿਮਾਰੀ ਨੇ ਮਾਸਪੇਸ਼ੀਆਂ ਨੂੰ ਕੰਟਰੌਲ ਕਰਨ ਵਾਲਿਆਂ ਸਾਰੀਆਂ ਨਸਾਂ ਹੌਲੀ-ਹੌਲੀ ਬੰਦ ਦਿੰਦੀਆਂ ਹਨ, ਜਿਸ ਕਾਰਨ ਸਰੀਰ ਆਪੰਗ ਹੋ ਜਾਂਦਾ ਹੈ ਅਤੇ ਪੂਰੇ ਅੰਗ ਕੰਮ ਕਰਨਾ ਬੰਦਾ ਕਰ ਦਿੰਦੇ ਹਨ।

ਡਾਕਟਰ ਦਾ ਕਹਿਣਾ ਸੀ ਕਿ ਸਟੀਫਿਨ ਹੁਣ ਸਿਰਫ 2 ਸਾਲ ਹੋਰ ਜਿਓਂ ਸਕਦਾ, ਕਿਉਂਕਿ ਅਗਲੇ ਦੋ ਸਾਲਾਂ ਵਿੱਚ ਉਹਨਾਂ ਦਾ ਪੂਰਾ ਸਰੀਰ ਹੌਲੀ-ਹੌਲੀ ਕੰਮ ਕਰਨਾ ਬੰਦ ਕਰ ਦੇਵੇਗਾ। ਸਟੀਫਿਨ ਨੂੰ ਇਸ ਗੱਲ੍ਹ ਦਾ ਡੂੰਘਾ ਸਦਮਾ ਲੱਗਿਆ। ਉਹਨਾਂ ਨੇ ਕਿਹਾ ਮੈਂ ਏਦਾਂ ਨਹੀਂ ਮਰ ਸਕਦਾ, ਮੇਰਾ ਜੀਵਨ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ। ਸਟੀਫਿਨ ਨੇ ਆਪਣੀ ਬਿਮਾਰੀ ਨੂੰ ਭੁਲਾ ਕਿ ਤੁਰੰਤ ਆਪਣੇ ਵਿਗਿਆਨਕ ਜੀਵਨ ਦਾ ਸਫਰ ਸ਼ੁਰੂ ਕੀਤਾ, 'ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਵਿਗਿਆਨ ਨੂੰ ਸਮਰਪਿਤ ਕਰ ਦਿੱਤਾ ।

ਹੌਲ਼ੀ-ਹੌਲ਼ੀ ਉਹਨਾਂ ਦਾ ਨਾਮ ਪੂਰੀ ਦੁਨੀਆਂ ਤੇ ਫੈਲ ਗਿਆ। ਉਹਨਾਂ ਨੇ ਆਪਣੀ ਬਿਮਾਰੀ ਨੂੰ ਇਕ ਵਰਦਾਨ ਦੇ ਰੂਪ ਵਿੱਚ ਸਮਝ ਲਿਆ। ਪਰ ਦੂਜੇ ਪਾਸੇ ਉਹਨਾਂ ਦਾ ਸਰੀਰ ਵੀ ਉਹਨਾਂ ਦਾ ਸਾਥ ਛੱਡਦਾ ਜਾ ਰਿਹਾ ਸੀ, ਤੇ ਉਹਨਾਂ ਦਾ ਖੱਬਾ ਪਾਸਾ ਕੰਮ ਕਰਨਾ ਬੰਦ ਕਰ ਚੁੱਕਿਆ ਸੀ। ਬਿਮਾਰੀ ਵਧਣ ਕਾਰਨ ਉਹਨਾਂ ਨੂੰ ਵੀਲਚੇਅਰ ਦਾ ਸਹਾਰਾ ਲੈਣਾ ਪਿਆ। ਇਹਨਾਂ ਦਾ ਚੇਅਰ (ਕੁਰਸੀ) ਇਕ ਕੰਪਿਊਟਰ ਨਾਲ ਬਣੀ ਹੈ, ਜੋ ਉਹਨਾਂ ਦੇ ਸਿਰ, ਅੱਖਾਂ ਔਰ ਉਹਨਾਂ ਨੇ ਹੱਥਾਂ ਦੀ ਕੰਪਨ ਨਾਲ ਪਤਾ ਲਗਾ ਲੈਂਦੀ ਹੈ ਕਿ ਉਹ ਕੀ ਬੋਲਣਾ ਚਾਹੁੰਦੇ ਨੇ। ਤੇ ਹੌਲੀ-ਹੌਲੀ ਸਟੀਫਿਨ ਦੇ ਪੂਰੇ ਸਰੀਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ । ਲੇਕਿੰਨ ਉਸ ਬਿਮਾਰੀ ਵਿੱਚ ਇਕ + ਪੁਆਇੰਟ ਵੀ ਸੀ ਕਿ ਉਸ ਬਿਮਾਰੀ ਕਾਰਨ ਸਟੀਫਿਨ ਸਿਰਫ ਸਰੀਰਕ ਰੂਪ ਵਿੱਚ ਆਪੰਗ ਹੋ ਰਹੇ ਸੀ , ਨਾ ਕਿ ਮਾਨਸਿਕ ਰੂਪ ਵਿੱਚ।

ਉਸ ਤੋਂ ਬਾਅਦ ਲੋਕ ਸਟੀਫਿਨ ਨੂੰ ਏਦਾਂ ਹੀ ਦੇਖ ਰਹੇ ਸੀ ਤੇ ਸਟੀਫਿਨ ਮੌਤ ਨੂੰ ਮਾਤ ਦੇ ਰਹੇ ਸਨ । ਉਹਨਾਂ ਨੇ ਬਲੈਕ ਹੋਰ ਦਾ ਕੋਨਸੈਪਟ, ਅਤੇ ਸਟੀਫਿਨ ਰੇਟੀਏਸ਼ਨ ਦਾ ਮਹਾਨ ਵਿਚਾਰ ਦੁਨੀਆਂ ਨੂੰ ਦਿੱਤਾ। ਉਹਨਾਂ ਨੇ ਆਪਣੇ ਵਿਚਾਰਾਂ ਨੂੰ ਹੋਰ ਸਰਲ ਭਾਸ਼ਾ ਵਿੱਚ ਸਮਝਾਉਣ ਲਈ ਇਕ ਕਿਤਾਬ ਲਿਖੀ ਇਤਿਹਾਸ)। ਇਸ ਨੇ ਦੁਨੀਆਂ ਭਰ ਦੇ ਵਿਗਿਆਨ ਵਿੱਚ ਤਹਿਲਕਾ ਮਚਾ ਦਿੱਤਾ ।

ਸਟੀਫਿਨ ਹਾਕਿੰਗ ਇਕ ਐਸਾ ਨਾਮ ਹੈ ਜਿੰਨ੍ਹਾਂ ਨੇ ਸਰੀਰਕ ਰੂਪ ਵਿੱਚ ਆਪੰਗ ਹੋਣ ਕਾਰਨ, ਆਪਣੇ ਆਤਮ ਵਿਸ਼ਵਾਸ਼ ਦੇ ਬਲ 'ਤੇ ਵਿਸ਼ਵ ਦਾ ਸਭ ਤੋਂ ਅਨੋਖਾ ਵਿਗਿਆਨਕ ਬਣ ਕਿ ਦਿਖਾਇਆ ਹੈ।

## ਕੁਟੇਸ਼ਨ

"ਸੱਚੇ ਕਿੱਸੇ ਸਰਾਬਖਾਨੇ ਵਿੱਚ ਸੁਣੋਂ, ਉਹ ਵੀ ਹੱਥ ਵਿੱਚ ਜਾਮ ਲੈਕੇ, ਝੂਠੇ ਕਿੱਸੇ ਅਦਾਲਤ ਤੋਂ ਸੁਣੋਂ, ਉਹ ਵੀ ਹੱਥ ਵਿੱਚ ਗੀਤਾ, ਕੁਰਾਨ ਲੈਕੇ।"

## ਜੋਤਸ਼ੀ ਨੇ ਕੁੜੀ ਕੀਤੀ ਕਤਲ

-ਮਿੰਟੂ ਗੁਰੂਸਰੀਆ

ਅੰਮ੍ਰਿਤਸਰ ਨੇੜੇ ਕੱਲ ਇਕ ਕੁੜੀ ਨਹਿਰ 'ਚ ਛਾਲ਼ ਮਾਰ ਕੇ ਮਰ ਗਈ। ਕਾਰਨ ਇਹ ਸੀ ਕਿ ਇਕ ਜੋਤਸ਼ੀ ਨੇ ਕੁੜੀ ਨੂੰ ਮੰਗਲੀਕ ਕਰਾਰ ਦੇ ਕੇ ਉਸ ਨੂੰ ਘਰ ਦਾ ਬੋਝ ਦੱਸ ਦਿੱਤਾ। ਇਸ ਝਟਕੇ ਦੀ ਝੰਬੀ ਕੁੜੀ ਮੌਤ ਦੇ ਮੂੰਹ ਜਾ ਪਈ। ਕੁੜੀ ਨੂੰ ਇਹ ਫੈਸਲਾ ਨਹੀਂ ਸੀ ਕਰਨਾ ਚਾਹੀਦਾ ਪਰ ਪੁਆੜੇ ਦੀ ਜੜ ਤਾਂ ਅੰਨਾ-ਯਕੀਨ ਤੇ ਜੋਤਸ਼ੀ ਸਾਬ ਰਹੇ। ਇਹੋ ਜਿਹੇ ਵਹਿਮਾਂ ਦੀ ਜੰਜੀਰ ਤੋੜੇ ਬਿਨਾਂ ਸਮਾਜ ਤਰੱਕੀ ਨਹੀਂ ਕਰ ਸਕਦਾ, ਕੁੜੀ ਨੂੰ ਬੋਝ ਦੱਸਣ ਵਾਲ਼ੇ ਜੋਤਸ਼ੀ ਨੂੰ ਜੇਲ ਘੱਲਣਾ ਚਾਹੀਦਾ ਹੈ ਤੇ ਉਥੇ ਜੋ ਟੇਵਿਆਂ ਦੀ ਕਮਾਈ ਕਰੇ ਉਹ ਵੀ ਇਹਤੋਂ ਖੋਹ ਲਈ ਜਾਵੇ!



# ਹੱਥ ਦੀਆਂ ਲਕੀਰਾਂ 'ਚ ਕਿਸਮਤ ਭਾਲ਼ਦਾ ਮਨੁੱਖ

- ਸੁਖਮਿੰਦਰ ਬਾਗ਼ੀ,
ਮੋਬਾ: 9173-94805

ਜਦੋਂ ਵੀ ਕੋਈ ਬੱਚਾ ਜਾਂ ਬੱਚੀ ਇਸ ਦੁਨੀਆਂ ਤੇ ਆਪਨੀ ਮਾਂ ਦੀ ਕੁੱਖ ਚੋਂ ਬਾਹਰ ਆਉਂਦਾ ਹੈ ਤਾਂ ਵੱਡੇ-ਵਡੇਰੇ ਹਮੇਸ਼ਾਂ ਹੀ ਛੋਟੇ ਬੱਚਿਆਂ ਦੇ ਪੁੱਛਣ ਤੇ ਝੂਠ ਬੋਲਦੇ ਹਨ। ਬੱਚਿਆਂ ਦੇ ਪੁੱਛਣ ਤੇ ਹਮੇਸ਼ਾ ਹੀ ਇਹ ਝੂਠ ਬੋਲਿਆ ਜਾਂਦਾ ਹੈ ਇਹ ਬੱਚਾ ਰੱਬ ਨੇ ਭੇਜਿਆ ਹੈ। ਆਸਮਾਨ 'ਚੋਂ ਆਇਆ ਹੈ ਜਾਂ ਫਿਰ ਕੋਠੇ ਤੋਂ ਆਇਆ ਹੈ। ਛੋਟੇ ਬੱਚਿਆਂ ਦੇ ਆਸੇ-ਪਾਸੇ ਹਮੇਸ਼ਾਂ ਹੀ ਝੂਠ ਦਾ ਪਸਾਰਾ ਕੀਤਾ ਜਾਂਦਾ ਹੈ। ਨਵੇਂ ਬੱਚੇ ਦੇ ਵੱਡੇ ਹੋਣ ਤੇ ਜਿਸ ਮਾਂ ਦੀ ਕੁੱਖ 'ਚੋ ਉਹ ਪੈਦਾ ਹੋਇਆ ਹੈ ਉਸ ਮਾਂ ਦੀ ਜਾਤ ਅਤੇ ਧਰਮ ਉਸ ਬੱਚੇ ਤੇ ਠੋਸ ਦਿੱਤੇ ਜਾਂਦੇ ਹਨ। ਉਹ ਨਾ ਤਾਂ ਮਨੁੱਖ ਰਹਿੰਦਾ ਹੈ ਨਾਂ ਔਰਤ ਅਤੇ ਨਾ ਹੀ ਇਨਸਾਨ। ਉਹ ਸਿਰਫ਼ ਹਿੰਦੂ, ਸਿੱਖ, ਇਸਾਈ, ਮੁਸਲਿਮ ਹੁੰਦਾ ਹੈ ਜਾਂ ਫਿਰ ਜੱਟ, ਬ੍ਰਾਹਮਣ, ਬਾਲਮੀਕ, ਰਾਮਦਾਸੀਆ, ਜਾਂ ਕੋਈ ਵੀ ਹੋਰ ਜਾਤ ਉਸ ਦੇ ਨਾਲ ਲਗਾ ਦਿੱਤੀ ਜਾਂਦੀ ਹੈ। ਉਸ ਦੇ ਜਨਮ ਸਮੇਂ ਹੀ ਆਖ ਦਿੱਤਾ ਜਾਂਦਾ ਹੈ ਕਿ ਵਿਧ ਮਾਤਾ ਨੇ ਇਸਦੀ ਕਿਸਮਤ ਲਿਖ ਦਿੱਤੀ ਹੈ ਅਤੇ ਇਹ ਆਪਨੀ ਲਿਖੀ ਕਿਸਮਤ ਅਨੁਸਾਰ ਹੀ ਇਸ ਦੁਨੀਆਂ ਤੇ ਦੁੱਖ ਅਤੇ ਸੁੱਖ ਭੋਗੇਗਾ। ਉਸਨੂੰ ਆਮ ਹੀ ਸਿਖਾਇਆ ਜਾਂਦਾ ਹੈ ਕਿ 'ਲਿਖੀਆਂ ਲੇਖ ਦੀਆਂ ਭੋਗ ਮਨਾ ਚਿੱਤ ਲਾ ਕੇ' ਜਾਂ ਫਿਰ 'ਨਾ ਜਾਹ ਬਰਮਾ ਨੂੰ ਲੇਖ ਜਾਣਗੇ ਨਾਲੇ'। ਉਸਨੂੰ ਜਨਮ ਤੋਂ ਹੀ ਕਿਸਮਤਵਾਦੀ ਬਣਾ ਦਿੱਤਾ ਜਾਂਦਾ ਹੈ। ਜਨਮ ਲੈਣ ਵਾਲਾ ਬੱਚਾ ਜਾਂ ਬੱਚੀ ਵੱਡਿਆਂ ਦੀ ਦੇਖਾ ਦੇਖੀ ਹੀ ਉਹਨਾਂ ਦੀ ਹਾਂ 'ਚ ਹਾਂ ਮਿਲਾਉਂਦੇ ਆਪਨੀ ਜ਼ਿੰਦਗੀ ਦੀ ਗੱਡੀ ਨੂੰ ਤੋਰਨਾ ਸ਼ੁਰੂ ਕਰ ਦਿੰਦੇ ਹਨ। ਉਸਦੇ ਆਲੇ-ਦੁਆਲੇ ਧਰਮ, ਜਾਤਾਂ, ਗੋਤਾਂ ਅਤੇ ਅਖੌਤੀ ਸਮਾਜ ਦੀਆਂ ਅਜਿਹੀਆਂ ਤੰਗ ਵਲ਼ਗਣਾ ਵਲ਼ ਦਿੱਤੀਆਂ ਜਾਂਦੀਆਂ ਹਨ ਕਿ ਉਹ ਇਨ੍ਹਾਂ ਤੰਗ ਵਲ਼ਗਣਾ ਵਿੱਚੋਂ ਬਾਹਰ ਨਿਕਲ ਹੀ ਨਹੀਂ ਸਕਦਾ। ਉਹ ਜੇਕਰ ਆਪਨੀ ਆਜ਼ਾਦ ਸੋਚ ਦੇ ਸਹਾਰੇ ਇਨ੍ਹਾਂ ਵਿੱਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਤੇ ਅਨੇਕਾਂ ਦੋਸ਼ ਲਾਏ ਜਾਂਦੇ ਹਨ ਉਸ ਨੂੰ ਆਪਨਿਆਂ ਵੱਲੋਂ ਡਰਾਇਆ, ਧਮਕਾਇਆ ਵੀ ਜਾਂਦਾ ਹੈ ਅਤੇ ਲੋਕ ਕੀ ਕਹਿਣਗੇ ਜਿਹੇ ਲਫ਼ਜ ਵਰਤ ਕੇ ਉਸ ਨੂੰ ਉਨ੍ਹਾਂ ਤੰਗ ਵਲ਼ਗਣਾ ਵਿੱਚ ਬੰਦ ਕਰਕੇ ਜ਼ਿੰਦਗੀ ਜਿਊਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਪਿਛਲੇ ਸਮੇਂ 'ਚ ਬਾਬੇ ਨਾਨਕ ਨੇ ਮਨੁੱਖ ਨੂੰ ਇਨ੍ਹਾਂ ਤੰਗ ਵਲ਼ਗਣਾ 'ਚੋਂ ਕੱਢ ਕੇ ਚੰਗੀ ਜ਼ਿੰਦਗੀ ਜਿਊਣ ਦੀ ਸੋਝੀ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਨੂੰ ਵੀ ਇਥੋਂ ਦੇ ਚਲਾਕ ਸਰਮਾਏਦਾਰਾਂ ਨੇ ਕੁਰਾਹੀਆ ਤੱਕ ਕਹਿ ਦਿੱਤਾ ਸੀ। ਅਸਲ ਵਿੱਚ ਇਸ ਸੰਸਾਰ ਵਿੱਚ ਅਜਿਹੀ ਇੱਕ ਅਣਦਿਸਦੀ ਜੰਗ ਚੱਲ ਰਹੀ ਹੈ। ਜਿਸ ਵਿੱਚ ਕਿਰਤ ਦੀ ਲੁੱਟ ਕੀਤੀ ਜਾਂਦੀ ਹੈ ਅਤੇ ਬਿਨ੍ਹਾਂ ਕੋਈ ਵੀ ਕੰਮ ਕੀਤਿਆਂ ਚਲਾਕ ਮਨੁੱਖ ਸਾਧਾਰਨ ਲੋਕਾਂ ਨੂੰ ਲੁੱਟ ਰਿਹਾ ਹੈ ਅਤੇ ਖੁਦ ਐਸ਼ ਕਰ ਰਿਹਾ ਹੈ। ਇੱਕ ਕਵੀ ਨੇ ਦੋ ਖੂਬਸੂਰਤ ਲਾਈਨਾਂ ਨਾਲ ਇਸ ਦਾ ਇਸ ਤਰ੍ਹਾਂ ਵਿਖਿਆਨ ਕੀਤਾ ਹੈ -"ਦੋ ਧੜਿਆਂ 'ਚ ਖਲਕਤ ਵੰਡੀ-ਇੱਕ ਲੋਕਾਂ ਦਾ ਇੱਕ ਜੋਕਾਂ ਦਾ।"

ਚਲਾਕ ਸਰਮਾਏਦਾਰਾਂ ਨੇ ਅਜਿਹੇ ਹੱਥ ਕੰਡੇ ਅਪਨਾਏ ਹੋਏ ਨੇ ਕਿ ਉਹ ਹਰ ਨਿਤ ਦਿਨ ਕੋਈ ਨਾਂ ਕੋਈ ਅਜਿਹੀ ਕਾਢ ਕੱਢ ਰਹੇ ਹਨ। ਜਿਸ ਵਿੱਚ ਭੋਲੇ ਭਾਲੇ ਆਮ ਲੋਕ ਫਸਦੇ ਹੀ ਚਲੇ ਜਾਂਦੇ ਹਨ। ਚਲਾਕ ਸਰਮਾਏਦਾਰਾਂ ਨੇ ਵਿਗਿਆਨਕ ਕਾਢਾਂ ਨੂੰ ਵੀ ਆਪਨੇ ਹਿੱਤ ਵਿੱਚ ਵਰਤਨਾ ਸ਼ੁਰੂ ਕਰ ਦਿੱਤਾ ਹੈ।

ਇਨ੍ਹਾਂ ਕਾਢਾਂ 'ਚ ਟੈਲੀਵਿਜ਼ਨ (ਬੁੱਧੂ ਬਕਸਾ) ਇਸਦੀ ਜਿਉਂਦੀ ਜਾਗਦੀ ਮਿਸਾਲ ਹੈ। ਇਸ ਵਿੱਚ ਸਵੇਰੇ ਤੋਂ ਹੀ ਲੋਕਾਂ ਨੂੰ ਭਰਮਜਾਲ ਵਿੱਚ ਫਸਾਉਣ ਲਈ ਅਖੌਤੀ ਧਰਮ ਪ੍ਰਚਾਰਕਾਂ ਵੱਲੋਂ ਮੱਥੇ ਤੇ ਵੱਡੇ-ਵੱਡੇ ਟਿੱਕੇ ਲਾ ਕੇ ਲੋਕਾਂ ਨੂੰ ਕਿਸਮਤਵਾਦ ਵਿੱਚ ਉਲਝਾਇਆ ਜਾਂਦਾ ਹੈ ਉਨ੍ਹਾਂ ਨੂੰ ਪੱਥਰ ਪਹਿਨਣ ਲਈ ਪ੍ਰੇਰਿਆ ਜਾਂਦਾ ਹੈ ਅਤੇ ਵੱਖ-ਵੱਖ ਤਰ੍ਹਾਂ ਦੇ ਨਗ ਪਹਿਨ ਕੇ (ਜੋ ਦਿਖਾਵੇ ਲਈ ਉਨ੍ਹਾਂ ਨੇ ਖੁਦ ਵੀ ਪਹਿਨੇ ਹੁੰਦੇ ਹਨ) ਆਪਨੀ ਜ਼ਿੰਦਗੀ ਨੂੰ ਤਰੱਕੀ ਦੀਆਂ ਰਾਹਾਂ ਤੇ ਤੋਰਨ ਲਈ ਕਿਰਤ ਕਰਨ ਤੋਂ ਭਟਕਾਉਣ ਦੇ ਰਸਤੇ ਪਾਇਆ ਜਾਂਦਾ ਹੈ। ਜੋਤਸ਼ੀਆਂ, ਪਾਂਡਿਆਂ ਅਤੇ ਅਖੌਤੀ ਧਾਰਮਿਕ ਪ੍ਰਚਾਰਕਾਂ ਦੀ ਇੱਕ ਲੰਬੀ ਫੌਜ ਹੈ ਜੋ ਕਿਰਤੀ ਲੋਕਾਂ ਦੀ ਲੁੱਟ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਕਿਰਤ ਕਰਕੇ ਚੰਗੀ ਜ਼ਿੰਦਗੀ ਜਿਊਣ ਦੀ ਥਾਂ ਕਿਸਮਤਵਾਦੀ ਬਨਾਉਣ ਲਈ ਆਪਨਾ ਹਰ ਹੱਥਕੰਡਾ ਵਰਤਦੇ ਹਨ। ਸਮਝਦਾਰ ਮਨੁੱਖ ਇਸੇ ਕਰਕੇ ਟੀ. ਵੀ ਨੂੰ 'ਬੁੱਧੂ ਬਕਸਾ' ਕਹਿੰਦੇ ਹਨ। ਸਰਮਾਏਦਾਰੀ ਦੀ ਇਹ ਕਾਢ 24 ਘੰਟੇ ਉਨ੍ਹਾਂ ਦੇ ਹਿੱਤਾਂ ਦੀ ਰਖਵਾਲੀ ਕਰਦੀ ਹੈ ਅਤੇ ਭੋਲੇ ਭਾਲੇ ਲੋਕਾਂ ਨੂੰ ਬੁੱਧੂ ਬਨਾਉਂਦੀ ਹੈ। ਮਨੁੱਖ ਨੂੰ ਉਸ ਦੀਆਂ ਮੁੱਢਲੀਆਂ ਲੋੜਾਂ ਕੁਲੀ, ਗੁੱਲੀ ਤੇ ਜੁਲੀ ਵਿੱਚੋਂ ਕੱਢ ਕੇ ਬੇਲੋੜੀਆਂ ਇਛਾਵਾਂ ਦੇ ਜੰਜਾਲ 'ਚ ਫਸਾਇਆ ਜਾ ਰਿਹਾ ਹੈ। ਧਰਮ ਅਤੇ ਜਾਤ-ਪਾਤ ਦੀਆਂ ਵੰਡੀਆਂ ਪਾ ਕੇ ਕਿਰਤੀ ਮਨੁੱਖਾਂ ਨੂੰ ਇੱਕ ਦੂਜੇ ਦਾ ਵੈਰੀ ਬਨਾਇਆ ਜਾ ਰਿਹਾ ਹੈ। ਚਲਾਕ ਸਰਮਾਏਦਾਰਾਂ, ਅਖੌਤੀ ਧਾਰਮਿਕ ਦੰਭੀਆਂ ਅਤੇ ਸਿਆਸਤਦਾਨਾਂ ਨੇ ਅਜਿਹਾ ਨਾਪਾਕ ਗਠਜੋੜ ਬਨਾ ਲਿਆ, ਜਿਸਦੇ ਸਦਕਾ ਇਹ ਤਿੰਨੇ ਰਲ਼ ਕੇ ਖੁਦ ਐਸ਼ ਕਰ ਰਹੇ ਹਨ ਅਤੇ ਸਾਧਾਰਨ ਮਨੁੱਖਾਂ ਨੂੰ ਮੌਤ ਦੇ ਮੂੰਹ 'ਚ ਧੱਕ ਰਹੇ ਹਨ। ਜਦੋਂ ਵੀ ਕੋਈ ਚਾਨਣ ਦਾ ਛੱਟਾ ਦੇਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਉਸਨੂੰ ਵੀ ਸਦਾ ਦੀ ਨੀਂਦ ਸੁਲਾ ਦਿੰਦੇ ਹਨ। ਨਰਿੰਦਰ ਦਭੋਲਕਰ, ਗੋਬਿੰਦ ਪਨਸਾਰੇ ਅਤੇ ਕਲਬੁਰਗੀ ਦੀਆਂ ਸਹਾਦਤਾਂ ਇਸ ਦੀਆਂ ਮੂੰਹ ਬੋਲਦੀਆਂ ਉਦਾਹਰਨਾਂ ਹਨ। ਧਰਮ ਅਤੇ ਅੰਨ੍ਹੇ ਰਾਸ਼ਟਰਵਾਦ ਦੇ ਨਾਂ ਤੇ ਮਨੁੱਖ ਨੂੰ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ ਇਹ ਅਖੌਤੀ ਰਾਸ਼ਟਰਵਾਦੀ ਸਮੇਂ ਦੇ ਚੱਲਦੇ ਚੱਕਰ ਨੂੰ ਪੁੱਠਾ ਗੇੜ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਅੱਜ ਲੋੜ ਇਸ ਗੱਲ ਦੀ ਹੈ ਕਿ ਮਨੁੱਖ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਹੱਥਾਂ ਵਿੱਚ ਲਕੀਰਾਂ ਸਾਡੀ ਕਿਸਮਤ ਦੀਆਂ ਨਹੀਂ ਇਹ ਲਕੀਰਾਂ ਤਾਂ ਜਨਮ ਸਮੇਂ ਸਾਡੀਆਂ ਮੁੱਠੀਆਂ ਬੰਦ ਹੋਣ ਕਰਕੇ ਪੈ ਗਈਆਂ ਹਨ। ਇਹ ਹੱਥ ਕਿਰਤ ਕਰਨ ਲਈ ਹਨ ਨਾ ਕਿ ਧਾਰਮਿਕ ਪਖੰਡੀਆਂ ਤੇ ਅਖੌਤੀ ਬਾਬਿਆਂ ਅੱਗੇ ਜੋੜਨ ਲਈ ਹਨ। ਇਹ ਹੱਥਾਂ ਨਾਲ ਅਰਦਾਸਾਂ ਕਰਕੇ ਆਪਨੀ ਕਿਸਮਤ ਨਹੀਂ ਬਨਾਈ ਜਾ ਸਕਦੀ। ਹਾਂ ਇਨ੍ਹਾਂ ਹੱਥਾਂ ਨਾਲ ਕੰਮ ਕਰਕੇ ਆਪਨੀ ਕਿਸਮਤ ਜ਼ਰੂਰ ਚਮਕਾਈ ਜਾ ਸਕਦੀ ਹੈ।

- ਆਦਰਸ਼ ਨਗਰ ਸਮਰਾਲਾ, ਜ਼ਿਲ੍ਹਾ ਲੁਧਿਆਣਾ

# 'ਪਵਿੱਤਰ ਜਲ' ਦੀ ਚਮਤਕਾਰੀ-ਸ਼ਕਤੀ ਦਾ ਪਰਦਾਫਾਸ਼

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834



ਸ਼ੁਰੂ ਤੋਂ ਹੀ ਮੇਰੇ ਘਰ ਦਾ ਮਹੌਲ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸ਼ਾਂ ਵਾਲਾ ਰਿਹਾ ਹੈ। ਅੱਜ ਤੋਂ ਲੱਗਭੱਗ 30 ਕੁ ਸਾਲ ਪਹਿਲਾਂ ਜਦੋਂ ਮੈਂ ਅਜੇ ਛੋਟੀ ਉਮਰ ਦਾ ਬੱਚਾ ਸੀ, ਉਦੋਂ ਤੋਂ ਹੀ ਮੈਂ ਦੇਖਦਾ ਆ ਰਿਹਾ ਹਾਂ ਕਿ ਮੇਰੇ ਮਾਤਾ-ਪਿਤਾ ਵਲੋਂ ਹਰ ਰੋਜ਼ ਬਹੁਤ ਸਾਰੇ ਬਾਬਿਆਂ, ਸਾਧੂਆਂ, ਸੰਤਾਂ, ਪੀਰਾਂ, ਫਕੀਰਾਂ ਅਤੇ ਦੇਵੀ-ਦੇਵਤਿਆਂ ਆਦਿ ਦੀਆਂ ਫੋਟੋਆਂ ਅਤੇ ਮੂਰਤੀਆਂ ਅੱਗੇ ਧੂਫ-ਅਗਰਬੱਤੀ ਤੇ ਚਿਰਾਗ ਜਗਾ ਕੇ ਪੂਰੀ ਸ਼ਰਧਾ ਨਾਲ ਪਾਠ-ਪੂਜਾ ਤੇ ਪ੍ਰਾਰਥਨਾ ਕਰਕੇ ਮੱਥਾ ਟੇਕਦੇ ਅਤੇ ਹੋਈਆਂ ਭੁੱਲਾਂ ਬਖਸ਼ਾਉਣ ਲਈ ਸੁੱਖਾਂ ਸੁਖਦੇ ਹੋਏ ਜ਼ਿੰਦਗੀ ਗੁਜਾਰ ਰਹੇ ਸਨ। ਉਸ ਸਮੇਂ ਘਰ 'ਚ ਸਿਰਫ ਇਕੋ ਹੀ ਛੋਟਾ ਜਿਹਾ ਕਮਰਾ ਹੁੰਦਾ ਸੀ। ਇਸ ਕਮਰੇ ਦੇ ਅੰਦਰ ਹੀ ਘਰਦਿਆਂ ਨੇ ਇੱਕ ਖੂੰਜੇ 'ਬਾਬਾ ਬਾਲਕ ਨਾਥ' ਦੇਵਤੇ ਦੀ ਜਗਾ ਬਣਾ ਰੱਖੀ ਸੀ। ਇਸ ਜਗ੍ਹਾ ਉੱਤੇ ਖਾਸ ਤੌਰ ਤੇ ਬਾਕੀ ਦੇਵੀ-ਦੇਵਤਿਆਂ ਨਾਲ ਬਾਬਾ ਬਾਲਕ ਨਾਥ ਦੀ ਫੋਟੋ, ਉਸਦਾ ਜੋਗੀਏ ਰੰਗ ਦਾ ਝੋਲੀ ਸਾਫ਼ਾ ਪਿੱਤਲ ਦੀ ਇੱਕ ਘੰਟੀ ਅਤੇ ਲੋਹੇ ਦਾ ਇੱਕ ਲੰਮਾ ਜਿਹਾ ਚਿਮਟਾ ਆਦਿ ਦੀਵਾਰ ਉੱਤੇ ਕਿੱਲੀ ਨਾਲ ਟੰਗੇ ਹੁੰਦੇ, ਨਾਲ ਹੀ ਜ਼ਮੀਨ ਉੱਤੇ ਲੱਕੜ ਦੀਆਂ ਖੜਾਵਾਂ (ਚੱਪਲਾਂ) ਅਤੇ ਇੱਟ ਉੱਤੇ ਇੱਕ ਦੀਵਾ (ਚਿਰਾਗ) ਹਰ ਸਮੇਂ ਪਿਆ ਰਹਿੰਦਾ ਸੀ। ਹਰ ਰੋਜ਼ ਸਵੇਰੇ ਸ਼ਾਮ ਘਰਦੇ ਇੱਥੇ ਧੂਫ ਬੱਤੀ ਤੇ ਚਿਰਾਗ ਜਗਾ ਕੇ ਬਾਬਿਆਂ ਤੇ ਦੇਵੀ-ਦੇਵਤਿਆਂ ਨੂੰ ਹੱਥ ਜੋੜ ਕੇ ਮੱਥਾ ਟੇਕਦੇ ਅਤੇ ਹਰ ਐਤਵਾਰ ਨੂੰ ਬਾਬੇ ਦਾ ਰੋਟ-ਪ੍ਰਸ਼ਾਦ ਵੰਡਿਆ ਜਾਂਦਾ। ਲਗਭਗ 15 ਸਾਲ ਦੀ ਉਮਰ ਤੱਕ ਮੈਂ ਵੀ ਘਰਦਿਆਂ ਦੇ ਨਾਲ ਹੀ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸ਼ਾਂ ਦਾ ਸ਼ਿਕਾਰ ਰਿਹਾ ਸੀ।

ਮੈਨੂੰ ਛੋਟੇ ਹੁੰਦੇ ਨੂੰ ਹੀ ਬਹੁਤ ਸਾਰੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਕ ਸੀ। ਜਦੋਂ ਮੈਂ ਵੱਡਾ ਹੋਇਆ ਤਾਂ ਇੱਕ ਵਾਰ ਅਚਾਨਕ ਹੀ ਮੇਰੇ ਹੱਥ 'ਤਰਕਸ਼ੀਲਾਂ' ਦੀਆਂ ਕੁਝ ਕਿਤਾਬਾਂ ਲੱਗ ਗਈਆਂ। ਜਦੋਂ ਮੈਂ ਇਹਨਾਂ ਨੂੰ ਪੜ੍ਹਿਆ ਤਾਂ ਹੌਲੀ-ਹੌਲੀ ਇਹ ਸਾਰੇ ਹੀ ਵਹਿਮ-ਭਰਮ ਤੇ ਅੰਧਵਿਸ਼ਵਾਸ ਮੇਰੇ ਮਨ 'ਚੋਂ ਖਤਮ ਹੋ ਗਏ। ਕਿਤਾਬਾਂ ਪੜ੍ਹ ਕੇ ਮੈਨੂੰ ਇਹ ਪਰਖੀ ਹੋਈ 'ਮਨੋਵਿਗਿਆਨਕ' ਸੱਚਾਈ ਦਾ ਪਤਾ ਲੱਗਿਆ ਕਿ ਅਜਿਹੀਆਂ ਗੱਲਾਂ 'ਚ ਵਿਸ਼ਵਾਸ ਕਰਕੇ ਮੰਨਣ ਵਾਲੇ ਕਥਿਤ ਤੌਰ ਤੇ ਮਾਨਸਿਕ ਰੋਗੀ (ਪਾਗਲਪਨ) ਦੇ ਸ਼ਿਕਾਰ (ਮਰੀਜ਼) ਹੁੰਦੇ ਹਨ। ਮੈਂ ਆਪਣੇ ਘਰਦਿਆਂ ਨੂੰ ਵੀ ਇਸ ਮਾਨਸਿਕ ਰੋਗ ਤੋਂ ਮੁਕਤ ਕਰਨ ਲਈ, ਮਨੋਵਿਗਿਆਨਕ 'ਸੱਚਾਈ' ਬਾਰੇ ਦੱਸਿਆ ਕਿ , "ਇਹ ਸਭ ਅੰਧਵਿਸ਼ਵਾਸ ਸਾਡੇ ਮਨ ਨੂੰ ਝੂਠੀ ਤਸੱਲੀ ਦੇਣ ਲਈ ਹੀ ਹਨ, ਇਹਨਾਂ 'ਚ ਕੋਈ ਸੱਚਾਈ ਨਹੀਂ ਹੁੰਦੀ। ਇਸ ਲਈ ਇਹ ਸਾਰੇ ਬਾਬੇ, ਸਾਧੂ, ਸੰਤ, ਦੇਵੀ-ਦੇਵਤੇ, ਆਤਮਾ-ਪ੍ਰਮਾਤਮਾ ਅਤੇ ਇਹਨਾਂ ਦਾ ਪਾਠ-ਪੂਜਾ ਤੇ ਪ੍ਰਾਰਥਨਾ ਬੰਦਗੀ ਆਦਿ ਪੂਰੀ ਤਰ੍ਹਾਂ ਧੋਖਾ ਤੇ ਖਤਰਨਾਕ ਅੰਧਵਿਸ਼ਵਾਸ ਹਨ। ਜਿਸ ਕਾਰਨ ਹੀ ਸਾਡੇ ਘਰ 'ਚ ਗਰੀਬੀ ਅਤੇ ਜ਼ਿੰਦਗੀ ਦੁਖਾਂ-ਤਕਲੀਫਾਂ ਤੇ ਪ੍ਰੇਸ਼ਾਨੀਆਂ ਵਾਲੀ ਬਣੀ ਹੋਈ ਹੈ।" ਪਰ ਉਹਨਾਂ ਨੇ ਮੇਰੀ ਕੋਈ ਗੱਲ ਨਾ ਮੰਨੀ ਅਤੇ ਉਲਟਾ ਮੈਨੂੰ ਹੀ ਦਬਕ-ਝਿੜਕ ਕੇ ਆਖਦੇ ਕਿ, "ਤਰਕਸ਼ੀਲਾਂ ਦੀਆਂ ਕਿਤਾਬਾਂ ਪੜ੍ਹ ਕੇ ਤੇਰਾ ਦਿਮਾਗ ਖਰਾਬ ਹੋ ਗਿਆ ਹੈ, ਇਸ ਲਈ ਹੀ ਤੂੰ ਅਜਿਹੀਆਂ ਗੱਲਾਂ ਕਰ ਰਿਹਾ ਏ।" ਮੇਰੇ ਵੱਲੋਂ ਪੂਰੀ ਕੋਸ਼ਿਸ਼ ਕਰਨ ਤੇ ਜਦੋਂ ਉਹ ਨਾ ਮੰਨਦੇ ਤਾਂ ਮੈਂ ਆਪ ਹੀ ਚੁੱਪ ਕਰ ਜਾਂਦਾ।

ਘਰ 'ਚ ਜਦੋਂ ਕੋਈ ਸਰੀਰਕ ਜਾਂ ਮਾਨਸਿਕ ਬਿਮਾਰੀ ਕਾਰਨ ਮੁਸੀਬਤ ਪੈ ਜਾਣੀ ਤਾਂ ਘਰਦੇ ਇਸਦੇ ਇਲਾਜ ਵਾਸਤੇ ਕਿਸੇ ਚੰਗੇ ਜਹੇ ਡਾਕਟਰ ਕੋਲ ਜਾਣ ਦੀ ਬਜਾਏ, ਕਿਸੇ ਪੁੱਛਾਂ ਦੇਣ ਵਾਲੇ ਬਾਬੇ, ਸਾਧ, ਮਹੰਤ, ਚੇਲੇ, ਸਿਆਣੇ, ਜੋਤਸ਼ੀ, ਪੰਡਤ, ਤਾਂਤਰਿਕ, ਮਦਾਰੀ, ਭਾਈ, ਮੌਲਵੀ, ਪੁਜਾਰੀ ਅਤੇ ਈਸਾਈ ਪਾਦਰੀ ਆਦਿ ਕੋਲ ਝੱਟ ਹੀ ਪਹੁੰਚ ਜਾਂਦੇ। ਜਿੱਥੇ ਘਰਦਿਆਂ ਨੂੰ ਇਹ ਦੱਸਿਆ ਜਾਂਦਾ ਕਿ ਇਹ ਮੁਸੀਬਤ ਕਿਸੇ ਭੂਤ-ਚੁੜੇਲਾਂ, ਜਾਦੂ-ਟੂਣਾ, ਜੰਤਰ-ਮੰਤਰ-ਤੰਤਰ, ਗੈਬੀ-ਸ਼ਕਤੀ, ਕਾਲਾ-ਇਲਮ, ਰੂਹਾਂ-ਬਦਰੂਹਾਂ, ਸ਼ੈਤਾਨਾਂ, ਦੁਸ਼ਟ ਆਤਮਾ ਅਤੇ ਪਵਿੱਤਰ-ਆਤਮਾ ਆਦਿ ਕਰਕੇ ਹੀ ਪੈਦਾ ਹੋਈ ਹੈ। ਇਸਦੇ ਇਲਾਜ ਵਾਸਤੇ ਉਹ ਘਰਦਿਆਂ ਦੇ ਗਲਾਂ ਅਤੇ ਬਾਹਾਂ ਉੱਤੇ ਜਾਦੂ-ਮੰਤਰ ਤੇ ਝਾੜ-ਫੂਕ ਕਰਕੇ ਬਹੁਤ ਸਾਰੇ ਧਾਗੇ-ਤਾਵੀਜ਼ ਬੰਨ੍ਹ ਦਿੰਦੇ ਅਤੇ ਖਾਣ ਲਈ 'ਰਾਖ' (ਸੁਆਹ) ਦੀ ਪੁੜੀ ਅਤੇ ਪੀਣ ਲਈ ਪਵਿੱਤਰ ਜਲ (ਅਮ੍ਰਿਤ) ਆਦਿ ਦੇ ਦਿੰਦੇ। ਘਰਦੇ ਉਸੇ ਤਰ੍ਹਾਂ ਹੀ ਕਰਨਾ ਸ਼ੁਰੂ ਕਰ ਦਿੰਦੇ, ਇਸ ਨਾਲ ਉਹਨਾਂ ਦੇ ਮਨ ਨੂੰ ਝੂਠੀ ਤਸੱਲੀ ਤੋਂ ਬਿਨਾਂ ਹੋਰ ਕੋਈ ਲਾਭ ਨਾ ਹੁੰਦਾ, ਪਰ ਮੁਸੀਬਤ ਉਸੇ ਤਰ੍ਹਾਂ ਹੀ ਬਣੀ ਰਹਿੰਦੀ ਜਾਂ ਅੱਗੇ ਨਾਲੋਂ ਵੀ ਵੱਧ ਜਾਂਦੀ। ਰੁਪਏ-ਪੈਸੇ ਦੀ ਬਰਬਾਦੀ ਅਤੇ ਸਮੇਂ ਦੀ ਖੱਜਲ-ਖੁਆਰੀ ਅਲੱਗ ਹੋ ਜਾਂਦੀ। ਫਿਰ ਵੀ ਮੇਰੇ ਘਰਦਿਆਂ ਦਾ ਵਿਸ਼ਵਾਸ ਅਜਿਹੇ ਲੁਟੇਰੇ-ਪਖੰਡੀਆਂ ਦੇ ਪਖੰਡਪੁਣੇ ਤੇ ਪਾਗਲਪੁਣੇ ਤੋਂ ਖਤਮ ਨਹੀਂ ਸੀ ਹੁੰਦਾ, ਉਹ ਉਸੇ ਤਰ੍ਹਾਂ ਹੀ ਪੂਰੀ ਸ਼ਰਧਾ ਨਾਲ ਉਹਨਾਂ ਨੂੰ ਸੱਚੇ ਮਨੋ ਮਨਦੇ ਰਹਿੰਦੇ। ਘਰ 'ਚ ਮੇਰੀ ਮਾਂ ਸਭ ਤੋਂ ਵੱਧ ਅਜਿਹੇ ਵਹਿਮ-ਭਰਮ ਤੇ ਅੰਧਵਿਸ਼ਵਾਸ ਫੈਲਾਅ ਕੇ ਲੁੱਟਣ ਵਾਲੇ ਉਪਰੋਕਤ ਪਾਖੰਡੀ-ਲੁਟੇਰਿਆਂ ਦੀਆਂ ਅਖੌਤੀ ਗੈਬੀ-ਸ਼ਕਤੀਆਂ 'ਚ ਪੂਰੀ ਸ਼ਰਧਾ ਭਾਵਨਾ ਨਾਲ ਵਿਸ਼ਵਾਸ ਕਰਦੀ ਸੀ। ਕਿਉਂਕਿ ਉਹ ਅਨਪੜ੍ਹ ਤੇ ਬਹੁਤ ਜ਼ਿਆਦਾ ਲਾਈਲੱਗ ਸੀ। ਜਿੱਥੇ ਵੀ ਕਿਸੇ ਜੋਤਸ਼ੀ, ਬਾਬੇ, ਚੇਲੇ, ਸਿਆਣੇ, ਤਾਂਤਰਿਕ, ਪੁਜ਼ਾਰੀ, ਈਸਾਈ, ਪਾਦਰੀ ਜਾਂ ਧਾਰਮਿਕ ਸਥਾਨ ਦੀ ਮਾਨਤਾ ਕਰਨ ਨਾਲ ਹਰ ਸਮੱਸਿਆ ਦੇ ਹੱਲ ਹੋਣ ਬਾਰੇ ਪਤਾ ਲੱਗਦਾ ਤਾਂ ਉਹ ਝੱਟ ਹੀ ਉੱਥੇ 'ਦਰਸ਼ਨ' ਕਰਨ ਲਈ ਪਹੁੰਚ ਜਾਂਦੀ।

ਇਹ ਗੱਲ 1995-96 ਦੀ ਹੈ, ਉਹਨਾਂ ਦਿਨਾਂ 'ਚ ਸਾਡੇ ਪਿੰਡ 'ਬਿਰਕ' ਦੀ ਇੱਕ ਔਰਤ ਆਪਣੇ ਘਰ 'ਚ ਹੀ ਸਿਰ ਘੁਮਾਕੇ ਪੁੱਛਾਂ ਦਿਆ ਕਰਦੀ ਸੀ। ਪਿੰਡ ਤੋਂ ਤਿੰਨ ਕੁ ਕਿਲੋਮੀਟਰ ਦੂਰ, ਉਹ ਹਰ ਐਤਵਾਰ ਨੂੰ ਕਿਸੇ ਪੀਰ ਦੇਵਤੇ ਦੇ ਧਾਰਮਿਕ ਸਥਾਨ 'ਤੇ ਵੀ ਬਹੁਤ ਸਾਰੀਆਂ ਸ਼ਰਧਾਲੂ ਔਰਤਾਂ ਨੂੰ ਇਕੱਠੀਆਂ ਕਰਕੇ

ਚੌਂਕੀ ਲਾਉਂਦੀ ਸੀ। ਪੁੱਛਾਂ ਦੇਣ ਲਈ ਔਰਤ ਅਤੇ ਸ਼ਰਧਾਲੂ-ਭਗਤਾਂ ਵੱਲੋਂ ਇਹ ਮੰਨਿਆ ਜਾਂਦਾ ਸੀ ਕਿ ਪੁੱਛਾਂ ਦੇਣ ਸਮੇਂ ਔਰਤ ਨੂੰ ਇਸ ਧਾਰਮਿਕ ਸਥਾਨ ਦੇ ਪੀਰ-ਦੇਵਤੇ ਦੀ ਪੌਣ (ਹਵਾ) ਆਉਂਦੀ ਹੈ। ਇਸ ਸਥਾਨ ਤੇ ਹੋਰ ਵੀ ਬਹੁਤ ਸਾਰੇ ਲੋਕ ਸ਼ਰਧਾਲੂ-ਭਗਤ ਬਣਕੇ ਦੂਰੋਂ-ਨੇੜੇਓਂ ਮੱਥਾ ਟੇਕਣ ਤੇ ਪੁੱਛਾਂ ਲੈਣ ਲਈ ਆ ਜਾਂਦੇ। ਪੁਛਾਂ ਦੇਣ ਵਾਲੀ ਔਰਤ ਆਪਣੇ ਸਾਰੇ ਹੀ ਸ਼ਰਧਾਲੂਆਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ, ਇਸ ਧਾਰਮਿਕ ਸਥਾਨ ਦੇ 'ਪਵਿੱਤਰ ਜਲ' ਨੂੰ ਪੂਰੀ ਸ਼ਰਧਾ ਨਾਲ ਘਰ ਲਿਜਾ ਕੇ ਪੀਣ ਲਈ ਆਖਦੀ। ਪ੍ਰਬੰਧਕਾਂ ਅਤੇ ਪੁੱਛਾਂ ਦੇਣ ਵਾਲੀ ਔਰਤ ਨੂੰ ਇਹ ਪੂਰਾ ਯਕੀਨ ਸੀ ਕਿ ਇਸ ਧਾਰਮਿਕ ਸਥਾਨ ਦੇ ਅੰਦਰ ਕਿਸੇ ਬੋਤਲ 'ਚ ਭਰਕੇ ਰੱਖਿਆ ਹੋਇਆ ਸਧਾਰਨ ਜਲ (ਆਮ ਪਾਣੀ) ਵੀ ਪੀਰ-ਦੇਵਤਾ ਦੀ ਚਮਤਕਾਰੀ ਸ਼ਕਤੀ ਨਾਲ ਪੂਰੀ ਤਰ੍ਹਾਂ 'ਪਵਿੱਤਰ ਜਲ' ਬਣ ਜਾਂਦਾ ਹੈ, ਜਿਸ ਨੂੰ ਪੀਣ ਨਾਲ, ਘਰ 'ਚ ਛਿੱਟੇ ਦੇਣ ਨਾਲ ਜਾਂ ਕਿਸੇ ਹੋਰ ਢੰਗ ਨਾਲ ਵਰਤਣ ਤੇ ਹਰ ਬਿਮਾਰੀ ਜਾਂ ਕੋਈ ਹੋਰ ਸਮੱਸਿਆ ਦਾ ਹੱਲ ਤਸੱਲੀ ਬਖਸ਼ ਹੋ ਜਾਂਦਾ ਹੈ। ਇਸ ਜਲ ਦੀ ਚਮਤਕਾਰੀ ਸ਼ਕਤੀ ਬਾਰੇ ਦੂਰ-ਦੂਰ ਤੱਕ ਗੱਲਾਂ ਹੁੰਦੀਆਂ ਸਨ। ਲਾਈਲੱਗ ਸ਼ਰਧਾਲੂ ਆਪਣੇ ਘਰਾਂ ਤੋਂ ਹੀ ਖਾਲੀ ਬੋਤਲਾਂ ਲੈ ਆਉਂਦੇ ਅਤੇ ਉੱਥੋਂ ਹੀ ਬਾਹਰਲੇ ਨਲਕੇ ਤੋਂ ਪਾਣੀ ਨਾਲ ਭਰਕੇ ਜਗਾ (ਸਥਾਨ) ਦੇ ਅੰਦਰ ਰੱਖ ਆਉਂਦੇ ਤੇ ਅਗਲੇ ਐਤਵਾਰ ਆ ਕੇ ਪੂਰੀ ਸ਼ਰਧਾ ਨਾਲ ਮੱਥਾ ਟੇਕ ਕੇ ਚੁੱਕ ਲੈਂਦੇ ਤੇ ਉਸ ਦੀ ਥਾਂ ਇੱਕ ਹੋਰ ਬੋਤਲ ਭਰਕੇ ਰੱਖ ਦਿੰਦੇ, ਤਾਂ ਜੋ ਪੀਰ-ਦੇਵਤੇ ਦੀ ਗੈਬੀ ਸ਼ਕਤੀ ਵਾਲੇ ਚਮਤਕਾਰੀ 'ਪਵਿੱਤਰ ਜਲ' ਦੀ ਘਰ 'ਚ ਥੁੜ ਨਾ ਰਹੇ। ਸ਼ਰਧਾਲੂ-ਭਗਤਾਂ ਨੂੰ ਜਦੋਂ ਕੋਈ ਪ੍ਰੇਸ਼ਾਨੀ ਹੋਣੀ ਤਾਂ ਉਹ ਇਸਦੇ ਇਲਾਜ ਲਈ ਝੱਟ ਹੀ ਪਵਿੱਤਰ ਜਲ ਦੇ ਕੁਝ ਤੁਪਕੇ ਪੀ ਲੈਂਦੇ ਅਤੇ ਘਰ ਦੇ ਕਮਰਿਆਂ ਅਤੇ ਵਿਹੜੇ 'ਚ ਵੀ ਛਿੱਟੇ ਮਾਰ ਦਿੰਦੇ। ਇਸ ਜਲ ਨੂੰ ਪ੍ਰਾਪਤ ਕਰਨ ਲਈ ਹਰ ਐਤਵਾਰ ਨੂੰ ਬਹੁਤ ਸਾਰੇ ਸ਼ਰਧਾਲੂ ਦੀਆਂ ਭੀੜਾਂ ਦੇ ਹੱਥਾਂ 'ਚ ਧਾਰਮਿਕ ਸਥਾਨ ਵੱਲ ਜਾਂਦਿਆਂ ਖਾਲੀ ਬੋਤਲਾਂ ਅਤੇ ਘਰਾਂ ਨੂੰ ਵਾਪਸ ਆਉਂਦਿਆਂ ਭਰੀਆਂ ਬੋਤਲਾਂ ਆਮ ਹੀ ਦੇਖੀਆਂ ਜਾ ਸਕਦੀਆਂ ਹਨ। ਮੇਰੀ ਮਾਂ ਨੂੰ ਵੀ ਜਦੋਂ ਇਸ 'ਪਵਿੱਤਰ ਜਲ' ਦੀ ਚਮਤਕਾਰੀ ਸ਼ਕਤੀ ਬਾਰੇ ਸ਼ਰਧਾਲੂ-ਭਗਤਾਂ ਕੋਲੋਂ ਪਤਾ ਲੱਗਿਆ ਤਾਂ ਉਹ ਵੀ ਲਾਈਲੱਗ ਬਣ ਕੇ ਅਜਿਹੇ ਜਲ 'ਚ ਪੂਰਾ ਵਿਸ਼ਵਾਸ ਹੋਣ ਕਾਰਨ ਥੋ-ਦੇਖੀ ਪਿੱਛੇ ਨਹੀਂ ਸੀ ਰਹਿਣਾ ਚਾਹੁੰਦੀ। ਐਤਵਾਰ ਨੂੰ ਉਹ ਵੀ ਫਟਾ-ਫਟ ਪਵਿੱਤਰ ਜਲ ਲੈਣ ਲਈ ਖਾਲੀ ਬੋਤਲ ਲੈ ਕੇ ਪੁੱਛਾਂ ਦੇਣ ਵਾਲੀ ਔਰਤ ਨਾਲ ਧਾਰਮਿਕ ਸਥਾਨ ਦੀ ਜਗਾ ਅੰਦਰ ਖਾਲੀ ਬੋਤਲ ਨਲਕੇ ਦੇ ਪਾਣੀ ਨਾਲ ਭਰਕੇ ਰੱਖ ਆਈ ਤੇ ਅਗਲੇ ਐਤਵਾਰ ਮੱਥਾ ਟੇਕ ਕੇ ਸ਼ਰਧਾ ਪੂਰਵਕ ਚੁੱਕ ਲਿਆਈ। ਮਾਂ ਬਹੁਤ ਖੁਸ਼ ਸੀ, ਜਿਵੇਂ ਕੋਈ ਬਹੁਤ ਹੀ ਕੀਮਤੀ ਖਜ਼ਾਨਾ ਹੱਥ ਲੱਗ ਗਿਆ ਹੋਵੇ। ਹੁਣ ਜਦੋਂ ਵੀ ਉਸ ਨੂੰ ਕੋਈ ਸਰੀਰਕ ਜਾਂ ਮਾਨਸਿਕ ਪ੍ਰੇਸ਼ਾਨੀ ਹੋਣੀ ਤਾਂ ਉਸਨੇ ਝੱਟ ਹੀ ਪਵਿੱਤਰ ਜਲ ਦੀ ਬੋਤਲ ਦਾ ਢੱਕਣ ਭਰਕੇ ਪੀ ਲੈਣਾ। ਉਸਨੂੰ ਇੱਕ ਦਮ ਇਸ ਤਰ੍ਹਾਂ ਮਹਿਸੂਸ ਹੋਣਾ ਜਿਵੇਂ ਉਸਦੇ ਸਾਰੇ ਰੋਗ ਕੱਟੇ ਗਏ। ਇਸ ਘਟਨਾ ਬਾਰੇ ਉਹ ਆਲੇ ਦੁਆਲੇ ਦੇ ਲੋਕਾਂ ਨੂੰ ਪਵਿੱਤਰ ਜਲ ਦੀ ਚਮਤਕਾਰੀ-ਸ਼ਕਤੀ ਬਾਰੇ ਬੜੀ ਖੁਸ਼ੀ ਨਾਲ ਪੀਰ-ਦੇਵਤੇ ਦਾ ਹੀ 'ਅਸਲੀ ਚਮਤਕਾਰ' ਦੱਸਦੀ। ਕਈ ਵਾਰ ਤਾਂ ਜਦੋਂ ਕਦੇ ਮਾਂ ਨੂੰ ਕੋਈ ਭਿਆਨਕ ਬਿਮਾਰੀ ਜਾਂ ਤੇਜ ਬੁਖਾਰ ਚੜ੍ਹ ਜਾਣਾ ਤਾਂ ਉਸ ਸਮੇਂ ਪਵਿੱਤਰ ਜਲ ਨੂੰ ਵਾਰ-ਵਾਰ ਪੀਣ ਨਾਲ ਵੀ ਕੋਈ ਅਰਾਮ ਨਹੀਂ ਸੀ ਆਉਂਦਾ ਤਾਂ ਫਿਰ ਹਾਰ-ਹੰਭ ਕੇ ਕਿਸੇ ਡਾਕਟਰ ਦੀ ਦਵਾਈ ਹੀ ਖਾਣੀ ਪੈਂਦੀ, ਤਾਂ ਜਾ ਕੇ ਆਰਾਮ ਆਉਂਦਾ ਸੀ। ਫਿਰ ਵੀ ਮੇਰੀ ਮਾਂ ਦਾ ਇਸ ਪਵਿੱਤਰ ਜਲ 'ਚੋਂ ਸੱਚਾ ਵਿਸ਼ਵਾਸ ਤੇ ਸ਼ਰਧਾ ਖਤਮ ਨਹੀਂ ਸੀ ਹੁੰਦੀ। ਕਈ ਵਾਰ ਤਾਂ ਉਹ ਦਵਾਈ ਦੇ ਨਾਲ-ਨਾਲ ਪਵਿੱਤਰ ਜਲ ਵੀ ਪੀਣਾ ਸ਼ੁਰੂ ਕਰ ਦਿੰਦੀ ਸੀ। ਬਿਮਾਰੀ ਤੋਂ ਅਰਾਮ ਤਾਂ ਦਵਾਈ ਨਾਲ ਆ ਜਾਂਦਾ ਸੀ ਤੇ ਸਿਫਤਾਂ ਉਹ ਪਵਿੱਤਰ ਜਲ ਦੀਆਂ ਕਰਦੀ ਨਹੀਂ ਸੀ ਥੱਕਦੀ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਇਸ ਜਲ ਨਾਲ ਸਿਰਫ ਮਨ ਨੂੰ ਝੂਠੀ ਤਸੱਲੀ (ਸੰਤੁਸ਼ਟੀ) ਮਿਲਣ ਲਈ ਠੀਕ ਹੋਣ ਵਾਲੀਆਂ ਮਾਮੂਲੀ ਜਹੀਆਂ ਬਿਮਾਰੀਆਂ ਹੀ ਠੀਕ ਹੁੰਦੀਆਂ ਸਨ ਤਾਂ ਉਹ ਬੀਮਾਰੀਆਂ ਜਿਹਨਾਂ ਨੇ ਕੁਝ ਸਮੇਂ ਬਾਦ ਆਪਣੇ ਆਪ ਹੀ ਠੀਕ ਹੋ ਜਾਣਾ ਹੁੰਦਾ ਸੀ। ਜਦੋਂ ਮੈਨੂੰ ਕਿਸੇ ਬੀਮਾਰੀ ਕਾਰਨ ਪ੍ਰੇਸ਼ਾਨੀ ਹੋਣੀ ਤਾਂ ਮਾਂ ਨੇ ਮੈਨੂੰ ਵੀ ਏਹੀ 'ਜਲ' ਪੀਣ ਲਈ ਕਹਿਣਾ। ਮੈਂ ਇਸ ਨੂੰ ਪੀਣ ਤੋਂ ਇਨਕਾਰ ਕਰ ਦਿੰਦਾ, ਕਿਉਂਕਿ ਮੈਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਇਸ ਨਾਲ ਸਿਰਫ ਵਹਿਮੀ ਤੇ ਅੰਧਵਿਸ਼ਵਾਸ ਸ਼ਰਧਾਲੂ-ਭਗਤਾਂ ਦੇ ਮਨ ਨੂੰ ਝੂਠੀ ਤਸੱਲੀ ਮਿਲਦੀ ਹੈ। ਉਹ ਵੀ ਉਸ ਸ਼ਰਧਾਲੂ ਨੂੰ ਜਿਸਦੀ ਇਸ ਜਲ 'ਚ ਪੂਰੀ ਸ਼ਰਧਾ ਭਾਵਨਾ ਤੇ ਸੱਚਾ ਵਿਸ਼ਵਾਸ ਹੋਵੇ। ਮੇਰਾ ਤਾਂ ਅਜਿਹੇ ਜਲ ਆਦਿ 'ਚ ਕੋਈ ਸ਼ਰਧਾ ਅਤੇ ਵਿਸ਼ਵਾਸ ਨਹੀਂ ਸੀ। ਇਸ ਲਈ ਇਹ ਮੇਰੀ ਕੋਈ ਪ੍ਰੇਸ਼ਾਨੀ ਦੂਰ ਨਹੀਂ ਸੀ ਕਰ ਸਕਦਾ, ਕਿਉਂਕਿ ਮਨੋਵਿਗਿਆਨਕ ਤੌਰ ਤੇ ਇਸ ਜਲ 'ਚ 'ਪਵਿੱਤਰਤਾ' ਵਰਗੀ ਮੈਨੂੰ ਕੋਈ ਗੱਲ ਨਹੀਂ ਸੀ ਲੱਗਦੀ।

ਇੱਕ ਵਾਰ ਮੇਰੀ ਮਾਂ ਦਾ ਕੁਝ ਦਿਨਾਂ ਤੋਂ ਰਾਤ ਨੂੰ ਸਿਰ ਦਰਦ ਕਰਨ ਲੱਗ ਪਿਆ। ਇਹ ਦਰਦ ਹੁੰਦਾ ਲਗਾਤਾਰ 2-3 ਦਿਨਾਂ ਬਾਦ ਹੀ ਸੀ। ਪਹਿਲਾਂ ਤਾਂ ਉਹ ਅਜਿਹੇ ਸਿਰ ਦਰਦ ਲਈ ਇੱਕ ਕੌਲੀ 'ਚ ਥੋੜੇ ਜਿਹੇ ਆਟੇ 'ਚ ਪਾਣੀ ਮਿਲਾਕੇ ਉਸਦੀਆਂ ਟਿੱਕੀਆਂ ਜਹੀਆਂ ਆਪਣੇ ਕੰਨਾਂ ਦੇ ਕੋਲ ਪੁੜਪੁੜੀਆਂ ਉੱਤੇ ਚਿਪਕਾ ਲੈਂਦੀ ਸੀ, ਜਿਸ ਨਾਲ ਉਹ ਅਰਾਮ ਮਹਿਸੂਸ ਕਰਦੀ ਸੀ। ਪਰ ਹੁਣ ਤਾਂ ਘਰ 'ਚ 'ਪਵਿੱਤਰ ਜਲ' ਹਰ ਬਿਮਾਰੀ ਦੇ ਇਲਾਜ ਲਈ ਰੱਖਿਆ ਹੋਇਆ ਸੀ। ਇਸ ਲਈ ਉਹ ਹਰ ਵਾਰ ਦੀ ਤਰ੍ਹਾਂ ਕਿਸੇ ਚੰਗੇ ਡਾਕਟਰ ਕੋਲ ਜਾਣ ਦੀ ਬਜਾਏ 'ਪਵਿੱਤਰ ਜਲ' ਦੀਆਂ ਕੁਝ ਬੂੰਦਾਂ ਪੀ ਲੈਣ ਵਾਂਗ ਹੀ ਇਸ ਦਰਦ ਨੂੰ ਵੀ ਖਤਮ ਕਰਨ ਲਈ ਉਸਨੇ ਪਵਿੱਤਰ ਜਲ ਦੀ ਬੋਤਲ ਦਾ ਢੱਕਣ ਭਰਕੇ ਪੀ ਲਿਆ ਤੇ ਕੁਝ ਤੁਪਕੇ ਮੱਥੇ ਉੱਤੇ ਵੀ ਲਾ ਲਏ। ਇਸ ਤਰ੍ਹਾਂ ਕਰਕੇ ਉਹ ਆਪਣੇ ਆਪ ਨੂੰ ਬਹੁਤ ਹੀ ਅਰਾਮਦਾਇਕ ਮਹਿਸੂਸ ਕਰ ਰਹੀ ਸੀ। ਉਸ ਲਈ ਤਾਂ ਬਸ ਏਹੀ ਅਸਲੀ ਚਮਤਕਾਰ ਸੀ। ਹੁਣ ਜਦੋਂ ਵੀ ਉਸਦਾ ਸਿਰ ਦਰਦ ਕਰਨਾ ਤਾਂ ਝੱਟ ਹੀ ਪਵਿੱਤਰ ਜਲ ਦੇ ਕੁਝ ਤੁਪਕੇ ਆਪਣੇ ਮੱਥੇ ਉੱਤੇ ਲਾ ਲੈਂਦੀ ਤੇ ਇੱਕ ਢੱਕਣ ਭਰਕੇ ਆਪਣੇ ਮੂੰਹ 'ਚ ਪਾ ਲੈਂਦੀ। ਉਸਨੂੰ ਅਜਿਹਾ ਕਰਦਿਆਂ ਮੈਂ ਹਰ ਵਾਰ 'ਮਨੋਵਿਗਿਆਨਕ' ਨਜ਼ਰਾਂ ਨਾਲ ਦੇਖਦਾ। ਮਨੋਵਿਗਿਆਨ ਬਾਰੇ ਕਾਫੀ ਹੱਦ ਤੱਕ ਜਾਣਦਾ ਹੋਣ ਕਰਕੇ ਮੈਂ ਚੰਗੀ ਤਰ੍ਹਾਂ ਸਮਝ ਸਕਦਾ ਸੀ ਕਿ ਆਟੇ ਦੀਆਂ ਟਿੱਕੀਆਂ ਵਾਂਗ ਹੀ ਇਸ ਜਲ ਦਾ ਚਮਤਕਾਰ ਵੀ ਸਿਰਫ ਮਨ ਦੇ ਭੁਲੇਖਾ ਪਾਊ ਮਾਨਸਿਕ ਸਕੂਨ ਤੇ ਭਰਮ ਕਰਕੇ ਹੀ ਸੀ।

ਇੱਕ ਦਿਨ ਮੇਰੇ ਮਨ 'ਚ ਸ਼ਰਾਰਤ ਕਰਨ ਦਾ ਖਿਆਲ ਆਇਆ ਕਿ ਕਿਉਂ ਨਾ ਇਸ ਪਵਿੱਤਰ ਜਲ ਵਾਂਗ ਹੀ ਘਰ ਦੇ ਸਧਾਰਨ ਜਲ ਦੀ ਵੀ 'ਮਨੋਵਿਗਿਆਨਕ' ਢੰਗ ਨਾਲ 'ਪਰਖ' ਕੀਤੀ ਜਾਵੇ, ਤਾਂ ਜੋ ਪਤਾ ਲੱਗ ਸਕੇ ਕਿ ਸੱਚਮੁੱਚ ਹੀ ਕਿਸੇ ਜਲ 'ਚ ਚਮਤਕਾਰ ਕਰਨ ਵਾਲੀ ਪਵਿੱਤਰਤਾ ਵਰਗੀ ਕੋਈ ਗੱਲ ਹੈ ਵੀ ਜਾਂ ਨਹੀਂ। ਜਦੋਂ ਮੇਰੀ ਮਾਂ ਘਰ ਨਹੀਂ ਤਾਂ ਮੈਂ ਚੋਰੀ ਛੁਪੇ ਉਹ ਪਵਿੱਤਰ ਜਲ ਦੀ ਬੋਤਲ ਕਿਤੇ ਛੁਪਾ ਲਈ ਤੇ ਇੱਕ ਹੋਰ ਬਿਲਕੁਲ ਉਸੇ ਤਰ੍ਹਾਂ ਦੀ ਹੀ ਨਕਲੀ ਬੋਤਲ ਘਰ 'ਚੋਂ ਨਲਕੇ ਦੇ ਪਾਣੀ ਨਾਲ ਭਰਕੇ, ਉਸੇ ਤਰ੍ਹਾਂ ਹੀ, ਉਸੇ ਸਥਾਨ ਉੱਤੇ ਰੱਖ ਦਿੱਤੀ। ਮੈਂ ਇਸ ਸ਼ਰਾਰਤ ਬਾਰੇ ਆਪਣੀ ਮਾਂ ਨੂੰ ਭੋਰਾ ਭਰ ਵੀ ਪਤਾ ਨਹੀਂ ਸੀ ਲੱਗਣ ਦੇਣਾ ਚਾਹੁੰਦਾ। ਇੱਕ ਰਾਤ ਫਿਰ ਜਦੋਂ ਮੇਰੀ ਮਾਂ ਦਾ ਸਿਰ ਦਰਦ ਕੀਤਾ ਤਾਂ ਉਸਨੇ ਫਿਰ ਅਰਾਮ ਵਾਸਤੇ ਹਰ ਰੋਜ਼ ਦੀ ਤਰ੍ਹਾਂ ਮੇਰੇ ਵਲੋਂ ਚੋਰੀ ਛੁਪੇ ਬਦਲੀ ਹੋਈ ਨਕਲੀ ਬੋਤਲ ਦੇ ਸਧਾਰਨ ਜਲ ਨੂੰ ਭੁਲਖੇ ਨਾਲ ਅਸਲੀ 'ਪਵਿੱਤਰ ਜਲ' ਦੀ ਬੋਤਲ ਸਮਝ ਕੇ ਕੁੱਝ ਤੁਪਕੇ ਆਪਣੇ ਮੱਥੇ ਉੱਤੇ ਲਾਏ ਤੇ ਬੋਤਲ ਦਾ ਇੱਕ ਢੱਕਣ ਭਰਕੇ ਪੀ ਲਿਆ। ਇਸ ਸਧਾਰਨ ਜਲ ਨੂੰ ਵੀ ਪੀਂਦਿਆ ਸਾਰ ਹੀ ਇੱਕ ਦਮ ਮਾਂ ਦੇ ਸਿਰ ਦਾ ਦਰਦ ਪੂਰੀ ਤਰ੍ਹਾਂ

ਠੀਕ ਹੋ ਗਿਆ। ਹੁਣ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਤੰਦਰੁਸਤ ਮਹਿਸੂਸ ਕਰਦੀ ਹੋਈ, ਖੁਸ਼ ਨਜ਼ਰ ਆ ਰਹੀ। ਅਖੌਤੀ ਪਵਿੱਤਰ ਜਲ ਵਾਂਗ ਹੀ ਸਧਾਰਨ ਜਲ ਦੀ ਵੀ 'ਅਸਲੀ ਚਮਤਕਾਰ' ਦੇਖਕੇ ਮੈਂ ਆਪਣੇ ਮਨ ਅੰਦਰ ਹੀ ਹੱਸ ਰਿਹਾ ਸੀ। ਮੈਂ ਮਨੋਵਿਗਿਆਨਿਕ ਤੌਰ ਤੇ ਸਮਝ ਸਕਦਾ ਸੀ ਕਿ ਜੇਕਰ ਮੇਰੀ ਮਾਂ ਨੂੰ ਮੇਰੀ ਸ਼ਰਾਰਤ ਬਾਰੇ ਭੋਰਾ ਭਰ ਵੀ ਪਤਾ ਲੱਗ ਜਾਂਦਾ, ਤਾਂ ਉਸਨੂੰ ਸਿਰ ਦਰਦ ਤੋਂ ਬਿਲਕੁਲ ਵੀ ਆਰਾਮ ਨਹੀਂ ਸੀ ਮਿਲਣਾ। ਇਸ ਪਰਖ ਨੇ ਮੈਨੂੰ ਇਹ ਦੱਸ ਦਿੱਤਾ ਸੀ ਕਿ ਇਹ ਕਿਸੇ ਪੀਰ ਦੇਵਤਾ ਦੀ ਗੈਬੀ ਸ਼ਕਤੀ ਜਾਂ ਕੋਈ ਪਵਿੱਤਰਤਾ ਕਰਕੇ ਚਮਤਕਾਰ ਨਹੀਂ ਸੀ, ਇਹ ਤਾਂ ਮਨ ਦੇ ਸ਼ਰਧਾ ਭਰੇ ਭੁਲੇਖੇ ਦਾ ਹੀ ਅਸਲੀ ਚਮਤਕਾਰ ਸੀ, ਜੋ ਮੇਰੀ ਮਾਂ ਨੂੰ ਪਤਾ ਨਾ ਹੋਣ ਕਰਕੇ ਉਸ ਦੀ ਸ਼ਰਧਾ ਭਾਵਨਾ ਕਾਰਨ ਵਾਪਰਿਆ ਸੀ। ਬਾਕੀ ਸ਼ਰਧਾਲੂ ਭਗਤਾਂ ਨਾਲ ਵੀ ਅਜਿਹਾ ਕੁੱਝ ਹੀ ਵਾਪਰਦਾ ਹੈ। ਜੇਕਰ ਮੈਂ ਆਪਣੀ ਮਾਂ ਦੇ ਮਾਨਸਿਕ ਭਰਮ ਭੁਲੇਖੇ ਕਾਰਨ ਸਧਾਰਨ ਜਲ ਨਾਲ ਇਲਾਜ ਹੋਣ ਤੋਂ ਬਾਦ ਇਹ ਸੱਚਾਈ ਦੱਸ ਦਿੰਦਾ ਕਿ ਇਹ ਪਵਿੱਤਰ ਜਲ ਨਹੀਂ, ਬਦਲਿਆ ਹੋਇਆ ਸਧਾਰਨ ਜਲ ਹੈ ਤਾਂ ਮੇਰੀ ਮਾਂ ਦੇ ਪਵਿੱਤਰ ਜਲ ਵਾਲੇ ਸ਼ਰਧਾ ਭਰੇ 'ਅੰਧਵਿਸ਼ਵਾਸ' ਨੇ ਮਨ 'ਚ ਇਹ ਮਨਘੜਤ ਕਲਪਨਾ ਕਰ ਲੈਣੀ ਸੀ ਕਿ ਪੀਰ-ਦੇਵਤੇ ਨੇ ਆਪਣੀ ਗੈਬੀ-ਸ਼ਕਤੀ ਨਾਲ ਹੀ ਸਧਾਰਨ ਜਲ ਨੂੰ ਵੀ ਪਵਿੱਤਰ ਕਰ ਦਿੱਤਾ ਸੀ ਤਾਂ ਜੋ ਇਲਾਜ ਹੋ ਸਕੇ। ਮੇਰੇ ਲਈ ਇਹ ਬਹੁਤ ਹਾਸੋ-ਹੀਣਾ ਹੋਣਾ ਸੀ।

ਹੁਣ ਮੇਰੀ ਮਾਂ ਨੂੰ ਜਦੋਂ ਵੀ ਅਜਿਹੀ ਪ੍ਰੇਸ਼ਾਨੀ ਹੋਣੀ ਤਾਂ ਝੱਟ ਹੀ ਉਸਨੇ ਇਸ ਬਦਲੀ ਕੀਤੇ ਹੋਏ ਸਧਾਰਨ ਜਲ ਨੂੰ ਭੁਲੇਖੇ ਨਾਲ ਪਵਿੱਤਰ ਜਲ ਸਮਝ ਕੇ ਪੀ ਲੈਣਾ ਤੇ ਠੀਕ ਹੋ ਜਾਣਾ। ਫਿਰ ਇਸ ਸਧਾਰਨ ਜਲ ਦੀਆਂ ਵੀ ਪਵਿੱਤਰ ਜਲ ਵਾਂਗ ਹੀ ਸਿਫਤਾਂ ਕਰਨੀਆਂ। ਇੱਕ ਦਿਨ ਮੇਰੀ ਮਾਂ ਨੇ ਇਹ ਨਕਲੀ ਜਲ ਪੀਣ ਤੇ ਠੀਕ ਹੋ ਜਾਣ ਤੋਂ ਬਾਦ, ਮੈਨੂੰ ਆਖਿਆ ਕਿ, "ਜਿੰਦੀ ਪੁੱਤ! ਤੂੰ ਵੀ ਅਜਿਹੇ ਪਵਿੱਤਰ ਜਲ ਦੇ ਚਮਤਕਾਰ 'ਚ ਵਿਸ਼ਵਾਸ ਕਰਿਆ ਕਰ, ਦੇਖ ਲੈ ਜਦੋਂ ਮੇਰਾ ਸਿਰ ਦਰਦ ਕਰਦਾ ਹੈ। ਤਾਂ ਇਹ ਝੱਟ ਹੀ ਮੈਨੂੰ ਠੀਕ ਕਰ ਦਿੰਦਾ ਹੈ।" ਪਰ ਮੇਰੀ ਭੋਲੀ ਮਾਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਪਵਿੱਤਰ ਜਲ ਕਰਕੇ ਨਹੀਂ, ਮਨ ਦੇ ਉਸ ਅੰਧਵਿਸ਼ਵਾਸ ਕਰਕੇ ਹੈ ਜਿਸਨੂੰ ਉਹ ਸ਼ਰਧਾ-ਪੂਰਵਕ ਸੱਚਾ ਵਿਸ਼ਵਾਸ ਕਰਕੇ ਮੰਨਦੀ ਸੀ। ਜਦੋਂ ਮੈਂ ਆਪਣੀ ਮਾਂ ਨੂੰ ਆਖਿਆ ਕਿ , "ਅਜਿਹਾ ਤੁਹਾਡਾ ਮਨ ਨੂੰ ਝੂਠੀ ਤਸੱਲੀ ਮਿਲਣ ਕਰਕੇ ਹੁੰਦਾ ਹੈ।" ਪਰ ਮੇਰੀ ਮਾਂ ਨੂੰ ਆਦਤ ਸੀ ਕਿ ਉਹ ਮੇਰੀਆਂ ਅਜਿਹੀਆਂ ਗੱਲਾਂ ਨੂੰ ਬਿਲਕੁਲ ਵੀ ਨਹੀਂ ਸੀ ਮਨਦੀ ਤੇ ਮੇਰੀ ਹਰ ਗੱਲ ਦਾ ਵਿਰੋਧ ਕਰਦੀ ਹੋਈ, ਮੈਨੂੰ ਝਿੜਕਾਂ ਮਾਰ ਕੇ ਚੁੱਪ ਕਰਾ ਦਿੰਦੀ ਸੀ, ਕਿਉਂਕਿ ਉਹ ਅਜਿਹੇ ਵਹਿਮਾਂ-ਭਰਮਾਂ ਦੇ ਅੰਧਵਿਸ਼ਵਾਸ਼ਾਂ ਦੇ ਸੱਕੜ ਜਾਲ 'ਚ ਬੁਰੀ ਤਰ੍ਹਾਂ ਫਸ ਕੇ ਮਾਨਸਿਕ ਰੋਗੀ ਬਣੀ ਹੋਈ ਸੀ। ਜਿਸਦਾ ਮੈਨੂੰ ਬਹੁਤ ਅਫਸੋਸ ਸੀ।

ਜੰਨਤਾਂ ਨੂੰ ਅਜਿਹੇ ਉਪਰੋਕਤ ਪਖੰਡੀ ਲੁਟੇਰਿਆਂ ਦੀ ਲੁੱਟ-ਖਸੁੱਟ ਤੋਂ ਬਚਾਉਣ ਲਈ ਮੁੱਖ ਕੰਮ ਸਰਕਾਰਾਂ ਦਾ ਹੁੰਦਾ ਹੈ, ਪਰ ਅਫਸੋਸ ਸਰਕਾਰਾਂ ਵੀ ਗੁੰਡਿਆਂ ਬਦਮਾਸ਼ਾਂ ਦੀਆਂ ਹੋਣ ਕਾਰਨ, ਇਹ ਧਾਰਮਿਕ ਲੁਟੇਰਿਆਂ ਨਾਲ ਰਲ ਮਿਲ ਕੇ ਇਕੱਠੇ ਹੀ ਜੰਨਤਾਂ ਨੂੰ ਬੁੱਧੂ ਬਣਾ ਕੇ ਆਪਣੇ ਪਾਖੰਡ ਨਾਲ ਲੁੱਟਣਾ ਸ਼ੁਰੂ ਕਰ ਦਿੰਦੇ ਹਨ। ਸਰਕਾਰਾਂ ਨੂੰ ਆਪਣੀ ਸਰਦਾਰੀ ਕਾਇਮ ਰੱਖਣ ਲਈ ਵੱਧ ਤੋਂ ਵੱਧ ਵੋਟਾਂ ਦੀ ਜ਼ਰੂਰਤ ਹੁੰਦੀ ਹੈ। ਲੋੜ ਪੈਣ ਤੇ ਧਾਰਮਿਕ ਲੀਡਰ ਤੇ ਡੇਰਿਆਂ ਦੇ ਮੁਖੀ ਆਪਣੇ 'ਮਾਨਸਿਕ ਗੁਲਾਮ' ਬਣਾ ਕੇ ਰੱਖੇ ਹੋਏ, ਅਕਲ ਤੋਂ ਅੰਨ੍ਹੇ ਸ਼ਰਧਾਲੂ ਭਗਤਾਂ ਦੇ 'ਵੋਟ ਬੈਂਕ' ਤੋਂ ਅਸਾਨੀ ਨਾਲ ਪੂਰੀ ਕਰ ਦਿੰਦੇ ਹਨ ਤੇ ਫਿਰ ਜਦੋਂ ਕਿਸੇ ਧਾਰਮਿਕ ਲੀਡਰ ਜਾਂ ਡੇਰੇ ਦੇ ਮੁਖੀ ਦੀਆਂ ਕਾਲੀਆਂ ਕਰਤੂਤਾਂ ਸਾਹਮਣੇ ਆਉਂਦੀਆਂ ਹਨ ਤਾਂ ਏਹੀ ਸਰਕਾਰਾਂ ਇਹਨਾਂ ਪਾਖੰਡੀ ਲੁਟੇਰਿਆਂ ਦੀ ਮਦਦ ਲਈ ਖੜੇ ਹੋ ਜਾਂਦੇ ਹਨ। ਜਿਸ ਬਾਰੇ ਇਹ ਸ਼ਰਧਾਲੂ-ਭਗਤਾਂ ਅਤੇ ਬਾਕੀ ਜੰਨਤਾਂ ਨੂੰ ਕੁਝ ਵੀ ਪਤਾ ਨਹੀਂ ਲੱਗਣ ਦਿੰਦੇ ਅਤੇ ਭੋਲੇ ਭਾਲੇ ਲੋਕ ਦੋਨਾਂ ਪਾਸਿਆਂ ਤੋਂ ਹੀ 'ਲੁੱਟੇ' ਜਾਂਦੇ ਹਨ। ਸਰਕਾਰੀ ਲੀਡਰ, ਧਾਰਮਿਕ ਗੁਰੂ ਤੇ ਡੇਰਿਆਂ ਦੇ ਮੁਖੀ ਆਦਿ ਸਾਡੀ ਜੰਨਤਾ ਨੂੰ ਆਪਣੇ ਮੱਕੜ ਜਾਲ 'ਚ ਫਸਾਈ ਰੱਖਣ ਲਈ ਪ੍ਰਿੰਟ ਮੀਡੀਆ (ਕਿਤਾਬਾਂ, ਮੈਗਜ਼ੀਨਾਂ, ਅਖਬਾਰਾਂ ਤੇ ਇਸ਼ਤਿਹਾਰਾਂ ਆਦਿ) ਅਤੇ ਇਲੈਕਟ੍ਰੋਨਿਕ ਮੀਡੀਆ (ਟੈਲੀਵਿਜ਼ਨ ਦੇ ਚੈਨਲਾਂ, ਫਿਲਮਾਂ, ਰੇਡੀਓ, ਲਾਉਡ ਸਪੀਕਰਾਂ, ਸਟੇਜੀ ਗਾਣਿਆਂ ਤੇ ਨਾਟਕ ਮੰਡਲੀਆਂ ਆਦਿ) ਰਾਹੀਂ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕਰਕੇ ਆਪਣੇ ਲੁੱਟ-ਖਸੁੱਟ ਵਾਲੇ ਧੰਦੇ ਨੂੰ ਬਰਕਰਾਰ ਰੱਖਦੇ ਹਨ। ਉਪਰੋਕਤ 'ਵਹਿਮ-ਭਰਮ ਤੇ ਅੰਧਵਿਸ਼ਵਾਸ' ਫੈਲਾਅ ਕੇ 'ਲੁੱਟਣ' ਵਾਲੇ ਧੋਖੇਬਾਜ਼ ਤੇ ਪਾਖੰਡੀ ਲੁਟੇਰਿਆਂ ਨੂੰ, ਸਿਰਫ 'ਤਰਕਸ਼ੀਲ ਤੇ ਵਿਗਿਆਨਕ' ਸੋਚ ਵਾਲੀ ਚੰਗੀ ਤੇ ਇਮਾਨਦਾਰ ਸਰਕਾਰ ਹੀ 'ਨੱਥ' ਪਾ ਸਕਦੀ ਹੈ।

✪✪

## 'ਪਾਪ'

ਮੇਰੇ ਗੁਆਂਢ 'ਚ ਰਹਿੰਦੀ ਹਰਪ੍ਰੀਤ ਇੱਕ ਕਹਿੰਦੇ ਕਹਾਉਂਦੇ ਘਰ ਦੀ ਨੂੰਹ ਸੀ ਜਿਸ ਦੀ ਸੱਸ ਪਿੰਡ ਦੀ ਸਰਪੰਚਣੀ ਸੀ। ਜੋ ਪਿੰਡ 'ਚ' ਹੁੰਦੇ ਕਿਸੇ ਵੀ ਲੜਾਈ ਝਗੜੇ ਦਾ ਨਿਪਟਾਰਾ ਕਰਦੀ ਸੀ। ਹਰਪ੍ਰੀਤ ਮਾਂ ਬਣਨ ਵਾਲੀ ਸੀ ਹਰਪ੍ਰੀਤ ਦਾ ਪਤੀ ਉਸ ਦੀ ਸੱਸ ਤੇ ਹਰਪ੍ਰੀਤ ਸ਼ਹਿਰ ਡਾਕਟਰੀ ਕੋਲ ਹਰਪ੍ਰੀਤ ਦਾ ਚੈੱਕ ਅੱਪ ਕਰਵਾਉਣ ਲਈ ਗਏ ਸਭ ਠੀਕ-ਠਾਕ ਸੀ। ਪਰ ਹਰਪ੍ਰੀਤ ਦੀ ਸੱਸ ਤੇ ਉਸ ਦਾ ਪਤੀ ਹਰਪ੍ਰੀਤ ਨੂੰ ਕਹਿਣ ਲੱਗੇ ਕਿ "ਅਲਟਰਾਸਾਊਂਡ ਵੀ ਕਰਵਾ ਹੀ ਲਈਏ"। ਇਹ ਸੁਣਕੇ ਹਰਪ੍ਰੀਤ ਨੇ ਕਿਹਾ ਕਿ "ਜਦ ਸਭ ਕੁੱਝ ਠੀਕ ਹੈ ਤਾਂ ਇਸ ਦੀ ਕੀ ਜ਼ਰੂਰਤ"। ਪਰ ਉਸ ਦਾ ਪਤੀ ਤੇ ਸੱਸ ਨਾ ਮੰਨੇ। ਉਨ੍ਹਾਂ ਨੇ ਹਰਪ੍ਰੀਤ ਦੀ ਅਲਟਰਾਸਾਊਂਡ ਕਰਵਾਇਆਂ ਜਿਸ ਤੋਂ ਪਤਾ ਲੱਗਾ ਕਿ ਉਸ ਦੇ ਗਰਭ 'ਚ' ਪਲਨ ਵਾਲਾ ਅੰਸ਼ ਲੜਕੀ ਹੈ।

ਹਰਪ੍ਰੀਤ ਦਾ ਪਤੀ ਤੇ ਸੱਸ ਜੋ ਕੁੱਝ ਸਮਾਂ ਬਹੁਤ ਖ਼ੁਸ਼ ਸਨ ਅਚਾਨਕ ਉਨਾਂ ਦੇ ਚਿਹਰੇ ਉਦਾਸ ਹੋ ਗਏ। ਹਰਪ੍ਰੀਤ ਦੇ ਪਤੀ ਨੇ ਦੋਹਾਂ ਨੂੰ ਕਾਰ ਵਿਚ ਬੈਠਣ ਲਈ ਕਿਹਾ ਤੇ ਉਸ ਨੇ ਕਾਰ ਆਪਣੇ ਇੱਕ ਪਹਿਚਾਣ ਵਾਲੇ ਦੋਸਤ ਜੋ ਡਾਕਟਰ ਸੀ ਦੀ ਕਲੀਨਿਕ ਵੱਲ ਮੋੜ ਲਈ। ਡਾਕਟਰ ਨੇ ਰਿਪੋਰਟ ਦੇਖੀ ਤਾਂ ਪੱਕਾ ਕਰ ਦਿੱਤਾ ਕਿ ਬੱਚਾ ਲੜਕੀ ਹੀ ਹੈ। ਹਰਪ੍ਰੀਤ ਦਾ ਪਤੀ ਤੇ ਸੱਸ ਕੁੱਝ ਚਿਰ ਲਈ ਆਪਸ 'ਚ' ਘੁਸਰ ਮੁਸਰ ਕਰਦੇ ਰਹੇ ਤੇ ਡਾਕਟਰ ਨੂੰ ਗਰਭਪਾਤ ਕਰਨ ਲਈ ਰੁਪਏ ਦੇ ਦਿੱਤੇ।

ਹਰਪ੍ਰੀਤ ਨੇ ਬਹੁਤ ਤਰਲੇ ਮਿੰਨਤਾਂ ਕੀਤੀਆਂ ਪਰ ਉਨ੍ਹਾਂ ਦਾ ਫ਼ੈਸਲਾ ਅਟੱਲ ਸੀ। ਕੁੱਝ ਹੀ ਚਿਰ ਬਾਅਦ ਡਾਕਟਰ ਨੇ ਹਰਪ੍ਰੀਤ ਦੀ ਹਰੀ ਭਰੀ ਕੁੱਖ ਨੂੰ ਬਾਂਝ ਦੇ ਰੂਪ 'ਚ ਬਦਲ ਦਿੱਤਾ। ਹਰਪ੍ਰੀਤ ਦਾ ਪਤੀ ਤੇ ਸੱਸ ਕੁੱਝ ਘੰਟਿਆਂ ਬਾਅਦ ਕਾਰ ਚ ਬੈਠੇ ਤੇ ਘਰ ਵੱਲ ਨੂੰ ਚੱਲਣ ਲੱਗੇ ਅਚਾਨਕ ਕਾਰ ਨਾਲ ਬਿੱਲੀ ਦਾ ਬੱਚਾ ਕਿਧਰੋਂ ਆ ਕੇ ਟਕਰਾਇਆ। ਇਹ ਦੇਖ ਹਰਪ੍ਰੀਤ ਦੀ ਸੱਸ ਰੌਲਾ ਪਾਉਣ ਲੱਗੀ ਕਿ "ਜੇਕਰ ਅੱਜ ਬਿੱਲੀ ਦਾ ਬੱਚਾ ਮਰ ਜਾਂਦਾ ਤਾਂ ਸਾਡੀਆਂ ਸੱਤ ਪੀੜੀਆਂ ਤੋਂ ਪਾਪ ਨਹੀਂ ਸੀ ਉੱਤਰਨਾ"। ਆਪਣੀ ਸੱਸ ਵਲੋਂ ਕਹੇ ਗਏ ਇਹ ਲਫ਼ਜ ਹਰਪ੍ਰੀਤ ਦੇ ਧੁਰ ਅੰਦਰ ਉਨਾਂ ਦੁਖਦੀਆਂ ਆਂਦਰਾਂ ਤੇ ਜਾ ਲੱਗੇ ਜਿਥੇ ਥੋੜੇ ਸਮੇਂ ਪਹਿਲੇ ਇੱਕ ਨੰਨੀ ਜਾਨ ਸਾਹ ਲੈ ਰਹੀ ਸੀ ਤੇ ਜਿਵੇਂ ਉਹ ਆਂਦਰਾਂ ਸਹਿਕਦੀਆਂ ਹੋਈਆਂ ਕੁਝ ਕਹਿਣ ਦਾ ਯਤਨ ਕਰ ਰਹੀਆਂ ਹੋਣ ਤੇ ਪ੍ਰਸ਼ਨ ਕਰ ਰਹੀਆਂ ਹੋਣ ਕਿ ਜਿਹੜਾ ਪਾਪ ਤੁਸੀਂ ਹੁਣੇ ਕਰ ਕੇ ਆ ਰਹੇ ਹੋ ਉਸ ਦਾ ਪਾਪ ਤੁਹਾਡੀਆਂ ਕਿੰਨੀਆਂ ਪੀੜੀਆਂ ਭੁਗਤਣਗੀਆਂ?

– ਹਰਮਿੰਦਰ ਸਿੰਘ ਭੱਟ

**ਬਿਸਨਗੜ੍ਹ (ਬਈਏਵਾਲ)**, **ਸੰਗਰੂਰ**, 09914062205

## NDTV ਤੇ ਸੀ. ਬੀ. ਆਈ.

# ਡਰ ਦੇ ਦਸਤਾਵੇਜ਼ ਨਹੀਂ ਹੁੰਦੇ, ਡਰ ਦਾ ਮਾਹੌਲ ਹੁੰਦਾ ਹੈ

### ਰਵੀਸ਼ ਕੁਮਾਰ ਦੀ ਕਲਮ ਤੋਂ ਕੌੜਾ ਸੱਚ !




ਬੀਤੇ ਦਿਨੀਂ ਸੀਬੀਆਈ ਨੇ ਇੱਕ ਪ੍ਰਾਈਵੇਟ ਬੈਂਕ ਨੂੰ ਨੁਕਸਾਨ ਪਹੁੰਚਾਉਣ ਦਾ ਇਲਜ਼ਾਮ ਲਾਉਂਦੇ ਹੋਏ ਐਨਡੀਟੀਵੀ ਦੇ ਸੰਸਥਾਪਕ ਡਾ. ਪ੍ਰਣਵ ਰਾਏ ਦੀ ਦਿੱਲੀ ਤੇ ਦੇਹਰਾਦੂਨ ਸਥਿਤ ਰਿਹਾਇਸ਼ ਉੱਤੇ ਛਾਪੇਮਾਰੀ ਕੀਤੀ। ਸੀਬੀਆਈ ਦੀ ਇਸ ਹਰਕਤ ਨੂੰ ਐਨਡੀਟੀਵੀ ਨੇ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ। ਉਸ ਤੋਂ ਬਾਅਦ ਐਨਡੀਟੀਵੀ ਦੇ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੂੰ ਫੋਨ ਰਾਹੀਂ ਧਮਕੀਆਂ ਮਿਲ ਰਹੀਆਂ ਹਨ, ਜਿਨ੍ਹਾਂ ਦਾ ਖੁਲਾਸਾ ਖੁਦ ਰਵੀਸ਼ ਕੁਮਾਰ ਨੇ ਕੀਤਾ ਹੈ। ਪੇਸ਼ ਹੈ ਰਵੀਸ਼ ਕੁਮਾਰ ਦਾ ਬਿਆਨ...

"ਡਰ ਦੇ ਦਸਤਾਵੇਜ਼ ਨਹੀਂ ਹੁੰਦੇ, ਡਰ ਦਾ ਮਾਹੌਲ ਹੁੰਦਾ ਹੈ। ਮੇਰਾ ਇਹੀ ਛੋਟਾ ਜਿਹਾ ਜਵਾਬ ਹੁੰਦਾ ਹੈ ਜਦ ਕੋਈ ਕਹਿੰਦਾ ਹੈ ਕਿ ਦੇਸ਼ ਵਿੱਚ ਐਮਰਜੈਂਸੀ ਨਹੀਂ, ਐਮਰਜੈਂਸੀ ਦਾ ਵਹਿਮ ਫੈਲਾਇਆ ਜਾ ਰਿਹਾ ਹੈ। ਸੱਤਾ ਦੇ ਆਤੰਕ ਤੇ ਅੰਕੁਸ਼ ਦਾ ਅੰਤਿਮ ਪੈਮਾਨਾ ਐਮਰਜੈਂਸੀ ਨਹੀਂ ਹੈ, ਡਰਾਉਣ ਦੇ ਹੋਰ ਵੀ ਸੌ ਤਰੀਕੇ ਆ ਗਏ ਹਨ ਜੋ ਐਮਰਜੈਂਸੀ ਵੇਲੇ ਨਹੀਂ ਸਨ। ਸਰਕਾਰਾਂ ਸਭ ਨੂੰ ਨਹੀਂ ਡਰਾਉਂਦੀਆਂ, ਸਿਰਫ ਉਨ੍ਹਾਂ ਨੂੰ ਡਰਾਉਂਦੀਆਂ ਹਨ ਜਿਨ੍ਹਾਂ ਤੋਂ ਸਰਕਾਰ ਨੂੰ ਡਰ ਲੱਗਦਾ ਹੈ। ਅਜਿਹੇ ਲੋਕਾਂ ਦੇ ਆਸ-ਪਾਸ ਡਰ ਦਾ ਮਾਹੌਲ ਸਿਰਜਿਆ ਜਾਂਦਾ ਹੈ। ਇਹ ਉਹ ਮਾਹੌਲ ਹੈ ਜਿੱਥੋਂ ਸੱਤਾ ਤੁਹਾਨੂੰ ਡਰਾਉਂਦੀ ਹੈ।

ਯੂਨੀਵਰਸਿਟੀ ਵਿੱਚ ਇੰਟਰਨੈੱਟ ਕੁਨੈਕਸ਼ਨ ਕੱਟ ਦਿੱਤਾ ਜਾਂਦਾ ਹੈ। ਪਟੇਲ ਅੰਦੋਲਨ ਹੁੰਦਾ ਹੈ ਤਾਂ ਇੰਟਰਨੈਟ ਬੰਦ ਕਰ ਦਿੱਤਾ ਜਾਂਦਾ ਹੈ। ਦਲਿਤ ਅੰਦੋਲਨ ਹੁੰਦਾ ਹੈ ਤਾਂ ਵੀ ਇੰਟਰਨੈਟ ਬੰਦ ਹੋ ਜਾਂਦਾ ਹੈ। ਮੱਧ ਪ੍ਰਦੇਸ਼ ਦੇ ਮੰਦਸੌਰ ਵਿੱਚ ਇੰਟਰਨੈੱਟ ਬੰਦ ਕਰਨ ਦੀ ਕੀ ਤੁਕ ਰਹੀ ਹੋਵੇਗੀ ? ਕੀ ਮੰਦਸੌਰ ਵਿੱਚ ਮਾਸਕੋ ਜਿੰਨੀ ਇੰਟਰਨੈੱਟ ਕਨੈਕਟੀਵਿਟੀ ਹੋਵੇਗੀ ? ਗੋਲੀ ਖਾਣ ਵਾਲੇ ਕਿਸਾਨਾਂ ਦੀ ਡਿਜੀਟਲ ਅਤੇ ਡੇਟਾ ਹਿਸਟਰੀ ਚੈੱਕ ਕੀਤੀ ਜਾਵੇਗੀ ? ਸਰਕਾਰ ਨੂੰ ਜਦੋਂ ਜਨਤਾ ਤੋਂ ਡਰ ਲੱਗਦਾ ਹੈ ਤਾਂ ਉਸ ਦਾ ਵਿਸ਼ਵਾਸ ਇੰਟਰਨੈੱਟ ਤੋਂ ਉੱਠ ਜਾਂਦਾ ਹੈ ਪਰ ਜਦੋਂ ਬਰਮਾ ਤੇ ਬੰਗਲਾਦੇਸ਼ ਦੀਆਂ ਫਰਜ਼ੀ ਤਸਵੀਰਾਂ ਨੂੰ ਲੈ ਕੇ ਫਿਰਕੂਪੁਣਾ ਫੈਲਾਇਆ ਜਾਂਦਾ ਹੈ ਤਾਂ ਇੰਟਰਨੈੱਟ ਬੰਦ ਨਹੀਂ ਕੀਤਾ ਜਾਂਦਾ ਹੈ। ਇਹੀ ਉਹ ਮਾਹੌਲ ਹੈ ਜੋ ਸਾਡੇ ਸਮੇਂ ਵਿੱਚ ਡਰ ਦਾ ਦਸਤਾਵੇਜ਼ ਹੈ, ਜੋ ਫਾਈਲਾਂ ਵਿੱਚ ਨਹੀਂ ਮਿਲੇਗਾ, ਮਾਹੌਲ ਵਿੱਚ ਮਿਲੇਗਾ।

ਫੋਨ 'ਤੇ ਗਾਲਾਂ ਕੱਢਣ ਵਾਲਾ ਖੁਦ ਨੂੰ ਕੋਲਕਾਤਾ ਦਾ ਦੱਸ ਰਿਹਾ ਸੀ, ਕਹਿ ਰਿਹਾ ਸੀ ਕਿ ਤੁਸੀਂ ਸੁਧਰ ਜਾਓ, ਜਦੋਂ ਮੈਂ 6 ਜੂਨ ਨੂੰ ਕਿਸਾਨਾਂ ਦੀ ਆਮਦਨੀ 'ਤੇ ਚਰਚਾ ਕਰਕੇ ਸਟੂਡੀਓ 'ਚੋਂ ਨਿਕਲਿਆ ਸੀ। ਕੀ ਕਿਸਾਨਾਂ ਨੂੰ ਇਹ ਦੱਸਣਾ ਗਲਤ ਹੈ ਕਿ ਤੁਹਾਡੀ ਮਹੀਨਾਵਾਰ ਆਮਦਨ 1600 ਰੁਪਏ ਹੈ। ਸਰਕਾਰ ਨੇ ਲਾਗਤ ਵਿੱਚ 50 ਫੀਸਦ ਜੋੜ ਕੇ ਭਾਅ ਦੇਣ ਦਾ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਕੀ ਕਿਸਾਨਾਂ ਦੀ ਗੱਲ ਕਰਨ 'ਤੇ ਗਾਲਾਂ ਕੱਢੀਆਂ ਜਾਣਗੀਆਂ? ਫਿਲਹਾਲ, ਜਿਵੇਂ ਗਾਲਾਂ ਕੱਢੀਆਂ ਗਈਆਂ, ਉਸ ਨੂੰ ਭਾਰਤੀ ਸੰਸਕ੍ਰਿਤੀ ਦਾ ਦੁਰਲੱਭ ਦਸਤਾਵੇਜ਼ ਮੰਨਦਾ ਹਾਂ, ਇਨ੍ਹਾਂ ਸਾਰਿਆਂ ਨੂੰ ਇਕੱਠਾ ਕਰਕੇ ਸੰਸਦ ਦੇ ਮੇਜ਼ 'ਤੇ ਰੱਖਿਆ ਜਾਣਾ ਚਾਹੀਦਾ ਹੈ। ਜਦੋਂ ਤੋਂ ਐਨਡੀਟੀਵੀ ਦੇ ਪ੍ਰਮੋਟਰ ਦੇ ਘਰ ਸੀਬੀਆਈ ਦੇ ਛਾਪੇ ਮਾਰੇ, ਉਦੋਂ ਤੋਂ ਅਜਿਹੇ ਫੋਨਾਂ ਦੀ ਗਿਣਤੀ ਹੋਣ ਵਧ ਗਈ ਹੈ। ਐਨਡੀਟੀਵੀ ਨੂੰ ਲੈ ਕੇ ਪਹਿਲਾਂ ਤੋਂ ਝੂਠ ਦੀ ਸਮੱਗਰੀ ਤਿਆਰ ਰਹਿੰਦੀ ਹੈ। ਉਸੇ ਦੀ ਵੰਡ ਸਮੇਂ-ਸਮੇਂ 'ਤੇ ਚਾਲੂ ਹੋ ਜਾਂਦੀ ਹੈ। ਫੋਨ 'ਤੇ ਕੋਈ ਮੈਨੂੰ ਮਾਓਵਾਦੀ ਕਹਿੰਦਾ ਹੈ ਤੇ ਕੋਈ ਵੱਖਵਾਦੀ। ਕੋਈ 'ਦੇਖ ਲਊਂਗਾ' ਦੀਆਂ ਧਮਕੀਆਂ ਦਿੰਦਾ ਹੈ, ਵਟਸਐਪ ਜ਼ਰੀਏ ਲਗਾਤਾਰ ਅਫਵਾਹ ਫੈਲਾਈ ਜਾ ਰਹੀ ਹੈ ਕਿ ਮੈਂ ਮਾਓਵਾਦ ਦਾ ਸਮਰਥਨ ਕਰਦਾ ਹਾਂ।

ਅਹਿਮਦਾਬਾਦ ਏਅਰਪੋਰਟ 'ਤੇ ਖੁਦ ਨੂੰ ਬੀਜੇਪੀ ਦਾ ਸਮਰਥਕ ਦੱਸਣ ਵਾਲੇ ਇੱਕ ਸੱਜਣ ਨੂੰ ਨਹੀਂ ਸਮਝਾ ਸਕਿਆ ਕਿ ਮੈਂ ਮਾਓਵਾਦ ਦਾ ਸਮਰਥਨ ਨਹੀਂ ਕਰਦਾ। ਵਸਟਐਪ ਜ਼ਰੀਏ ਫੈਲਾਇਆ ਜਾਣ ਵਾਲਾ ਝੂਠ ਇੱਕ ਦਿਨ ਲੋਕਾਂ ਦੇ ਮਨ ਵਿੱਚ ਰੈਫਰੈਂਸ ਤੱਥ ਬਣ ਜਾਂਦਾ ਹੈ। ਉਹ ਉਸੇ ਚਸ਼ਮੇ ਤੋਂ ਦੇਖਣ ਲੱਗਦੇ ਹਨ, ਜਿਸ ਦਿਨ ਬਹੁਤ ਸਾਰੇ ਲੋਕ ਉਸ ਝੂਠ 'ਤੇ ਯਕੀਨ ਕਰ ਲੈਣਗੇ। ਮੇਰੇ ਵਰਗੇ ਲੋਕਾਂ ਨੂੰ ਸੜਕਾਂ 'ਤੇ ਘੇਰ ਕੇ ਮਾਰ ਦਿੱਤਾ ਜਾਵੇਗਾ। ਫਿਰ ਉਨ੍ਹਾਂ ਦੀ ਹੱਤਿਆ ਦਾ ਆਦੇਸ਼ ਗ੍ਰਹਿ ਮੰਤਰਾਲੇ ਦੀ ਫਾਈਲ ਵਿੱਚੋਂ ਨਹੀਂ ਮਿਲੇਗਾ। ਸਿਰਫ ਮਾਹੌਲ ਵਿੱਚੋਂ ਮਿਲੇਗਾ ਜਿਸ ਨੂੰ ਸਿਆਸੀ ਤੌਰ 'ਤੇ ਰਚਿਆ ਜਾ ਰਿਹਾ ਹੈ। ਅਫਵਾਹ ਫੈਲਾਉਣਾ ਭਾਰਤ ਦਾ ਨਵਾਂ ਰਾਜਨੀਤਕ ਉਦਯੋਗ ਹੈ। ਸਿਆਸੀ ਦਲਾਂ ਦੇ ਵਰਕਰ ਹੁਣ ਇਸ ਅਫਵਾਹ ਨੂੰ ਫੈਲਾਉਣ ਵਾਲੇ ਵੈਂਡਰ ਬਣ ਗਏ ਹਨ। ਸਿਰਫ ਦੋ ਸਵਾਲ ਕਰੋ, ਤੁਹਾਨੂੰ ਸਾਰੇ ਜਵਾਬ ਮਿਲ ਜਾਣਗੇ।

ਇਹ ਲੋਕ ਕੌਣ ਹਨ ਤੇ ਕਿਹੜੇ ਲੋਕ ਇਨਾਂ ਦਾ ਸਮਰਥਨ ਕਰ ਰਹੇ ਹਨ। ਇਸ ਲਈ ਤੁਹਾਨੂੰ ਵਾਰ-ਵਾਰ ਪ੍ਰਧਾਨ ਮੰਤਰੀ ਮੋਦੀ ਦੇ ਟਵਿੱਟਰ ਹੈਂਡਲ 'ਤੇ ਜਾ ਕੇ ਚੈੱਕ ਕਰਨ ਦੀ ਲੋੜ ਨਹੀਂ, ਬਹੁਤ ਸਾਰੇ ਗਾਇਕ, ਸਮਾਜ ਸੇਵੀ, ਲੇਖਕ ਬਣ ਕੇ ਘੁੰਮ ਰਹੇ ਲੋਕਾਂ ਦੀ ਟਾਈਮਲਾਈਨ ਤੋਂ ਵੀ ਤੁਸੀਂ ਇਸ ਦੀ ਪੁਸ਼ਟੀ ਕਰ ਸਕਦੇ ਹੋ। ਇਹ ਉਹੀ ਲੋਕ ਹਨ ਜੋ ਕਿਸਾਨਾਂ ਤੇ ਗਰੀਬਾਂ ਦੀ ਗੱਲ ਕਰਨ 'ਤੇ ਕਿਸੇ ਨੂੰ ਨਕਸਲੀ ਐਲਾਨ ਰਹੇ ਹਨ, ਤਾਂ ਹੀ ਤਾਂ ਮੁੱਖ ਮੰਤਰੀ ਕਹਿ ਪਾਉਂਦੇ ਹਨ ਕਿ ਕਿਸਾਨ ਪੁਲਿਸ ਦੀ ਗੋਲੀ ਨਾਲ ਨਹੀਂ ਮਰੇ, ਗੈਰ ਸਮਾਜੀ ਤੱਤਾਂ ਦੀ ਗੋਲੀ ਨਾਲ ਮਰੇ ਹਨ। ਇੱਕ ਹੋਰ ਮੁੱਖ ਮੰਤਰੀ ਕਹਿੰਦੇ ਹਨ ਕਿ ਲੋਕ ਕਿਸਾਨਾਂ ਨੂੰ ਅੰਦੋਲਨ ਲਈ ਭੜਕਾ ਕੇ ਪਾਪ ਕਰ ਰਹੇ ਹਨ। ਦੇਸ਼ ਭਰ 'ਚ ਅਨੇਕਾਂ ਥਾਵਾਂ 'ਤੇ ਕਿਸਾਨ ਅੰਦੋਲਨ ਕਰ ਰਹੇ ਹੁੰਦੇ ਹਨ। ਇੱਕ ਦਿਨ ਉਨ੍ਹਾਂ ਖਿਲਾਫ ਵੀ ਮੁਹਿੰਮ ਚੱਲੇਗੀ ਕਿ ਇਹ ਕਿਸਾਨ ਨਹੀਂ, ਪਾਪੀ ਹੈ।

ਅੱਜਕਲ ਕਈ ਪੱਤਰਕਾਰਾਂ ਨੂੰ ਵਿਰੋਧੀ ਧਿਰ ਦੇ ਕਿਸੇ ਨੇਤਾ ਖਿਲਾਫ ਕੋਈ ਸਟੋਰੀ ਕਰਨ ਲਈ ਦੇ ਦਿਓ, ਫਿਰ ਦੇਖਣਾ ਕਿਵੇਂ ਉਨ੍ਹਾਂ ਦੇ ਚਿਹਰਿਆਂ 'ਤੇ ਅਧਿਆਤਮਕ ਖੁਸ਼ੀ ਛਾ ਜਾਂਦੀ ਹੈ। ਤੁਸੀਂ ਇਨ੍ਹਾਂ ਪੱਤਰਕਾਰਾਂ ਨੂੰ ਕੇਂਦਰ ਖਿਲਾਫ ਜਾਂ ਸੱਤਾਧਾਰੀਆਂ ਖਿਲਾਫ ਕੋਈ ਸਟੋਰੀ ਦੇ ਦਿਓ, ਤੇ ਫਿਰ ਉਨ੍ਹਾਂ ਦੀ ਚੁੱਪੀ ਦੇਖਿਓ। ਪੱਤਰਕਾਰ ਦਾ ਕੰਮ ਹੁੰਦਾ ਹੈ ਸਰਕਾਰ ਦੇ ਦਾਅਵਿਆਂ 'ਤੇ ਪਹਿਲਾਂ ਸ਼ੱਕ ਕਰੇ, ਜਾਂਚ ਕਰੇ। ਇਨ੍ਹਾਂ ਦਿਨਾਂ 'ਚ ਸਰਕਾਰ ਦੀ ਗੱਲ 'ਤੇ ਯਕੀਨ ਕਰਨ ਵਾਲੇ ਪੱਤਰਕਾਰਾਂ ਦੀ ਗਿਣਤੀ ਵਧ ਗਈ ਹੈ। ਇਨ੍ਹਾਂ ਪੱਤਰਕਾਰਾਂ ਦਾ ਸਭ ਤੋਂ ਵੱਡਾ ਤਰਕ ਇਹੀ ਹੁੰਦਾ ਹੈ ਕਿ ਪਹਿਲਾਂ ਵੀ ਤਾਂ ਇਹੀ ਹੁੰਦਾ ਸੀ।

ਭਾਰਤੀ ਪੱਤਰਕਾਰਤਾ ਵਿੱਚ ਸਰਕਾਰਪ੍ਰਸਤੀ ਵਧ ਗਈ ਹੈ। ਸਰਕਾਰ ਨੂੰ ਪਿਆਰ ਕਰਨ ਵਾਲੇ ਪੱਤਰਕਾਰਾਂ ਦੀ ਪੂਰਤੀ ਮੰਗ ਤੋਂ ਵਧ ਗਈ ਹੈ। ਇਸ ਲਈ ਹੁਣ ਪੱਤਰਕਾਰ ਹਕੂਮਤ ਦੀ ਨਜ਼ਰ ਵਿੱਚ ਆਉਣ ਲਈ ਕੁਝ ਵੀ ਕਰ ਸਕਦੇ ਹਨ। ਇਹੀ ਕਾਰਨ ਹੈ ਕਿ ਅਜਿਹੇ ਪੱਤਰਕਾਰਾਂ ਵਿੱਚ ਹੋੜ ਮੱਚੀ ਹੈ ਕਿ ਕਿਵੇਂ ਹਕੂਮਤ ਦੀ ਨਜ਼ਰਾਂ ਵਿੱਚ ਆਇਆ ਜਾਵੇ, ਚੀਕ ਕੇ, ਚਿੱਲਾ ਕੇ, ਧਮਕਾ ਕੇ ਜਾਂ ਉਕਸਾ ਕੇ, ਉਹ ਇੱਕ ਦਿਨ ਸਟੂਡੀਓ ਵਿੱਚ ਹੀ ਗੋਲੀ ਚਲਾ ਦੇਣਗੇ। ਜਿਨ੍ਹਾਂ ਦੋਸਤਾਂ ਨਾਲ ਗੱਲ ਕਰਦਾ ਹਾਂ ਉਹ ਹਰ ਦੂਜੀ ਗੱਲ ਤੋਂ ਬਾਅਦ ਇਹੀ ਕਹਿੰਦੇ ਨੇ ਫੋਨ ਤਾਂ ਨਹੀਂ ਰਿਕਾਰਡ ਹੋ ਰਿਹਾ। ਮੇਰੇ ਕੋਲ ਇਸ ਦਾ ਕੋਈ ਸਬੂਤ ਨਹੀਂ ਹੈ ਪਰ ਮਾਹੌਲ ਵਿੱਚ ਇਹ ਗੱਲ ਹੈ ਕਿ ਫੋਨ ਰਿਕਾਰਡ ਹੋ ਰਿਹਾ ਹੈ। ਚੁੱਪ ਰਹਿਣ ਦੀ ਸਲਾਹ ਵਧਦੀ ਜਾ ਰਹੀ ਹੈ। ਜਾਣਦਾ ਹਾਂ ਭੀੜ ਕੁਝ ਵੀ ਕਰ ਸਕਦੀ ਹੈ। ਇਹ ਭੀੜ ਗਊਮਾਸ ਦੇ ਨਾਂ 'ਤੇ ਕਿਸੇ ਮੁਸਲਮਾਨ ਨੂੰ ਮਾਰ ਸਕਦੀ ਹੈ। ਇਹ ਭੀੜ ਬੱਚਾ ਚੋਰੀ ਦੀ ਅਫਵਾਹ 'ਤੇ ਕਿਸੇ ਹਿੰਦੂ ਨੂੰ ਮਾਰ ਸਕਦੀ ਹੈ। ਇਹ ਭੀੜ ਲੰਗਰ ਲਈ ਅਨਾਜ ਮੰਗ ਰਹੇ ਕਿਸੇ ਸਿੱਖ ਸੇਵਾਦਾਰ ਦੀ ਪੱਗ ਵੀ ਉਛਾਲ ਸਕਦੀ ਹੈ।

ਯੂਪੀ ਵਿੱਚ ਜਦੋਂ ਪੁਲਿਸ ਅਧਿਕਾਰੀ ਨਹੀਂ ਬਚੇ ਤਾਂ ਮੈਂ ਸੁਰੱਖਿਆ ਕਿਸ ਤੋਂ ਮੰਗਾਂ, ਕਿਤੇ ਅਜਿਹਾ ਨਾ ਹੋ ਜਾਵੇ ਕਿ ਯੂਪੀ ਦਾ ਐਸਐਸਪੀ ਬਜਰੰਗ ਦਲ ਦੇ ਨੇਤਾਵਾਂ ਦੀ ਸੁਰੱਖਿਆ ਦੀ ਡਿਊਟੀ 'ਤੇ ਜਾ ਰਿਹਾ ਹੋਵੇ। ਇਹ ਭੀੜ ਨਹੀਂ, ਰਾਜਨੀਤੀ ਦਾ ਨਵਾਂ ਰਾਕੇਟ ਹੈ, ਜਿਸ ਦਾ ਹਰ ਦਿਨ ਪ੍ਰੀਖਣ ਕੀਤਾ ਜਾਂਦਾ ਹੈ। ਸਾਵਧਾਨ ਰਹਿਣ ਦੀ ਚੇਤਾਵਨੀ ਵਧ ਜਾਵੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਡਰ ਦੀ ਸਮਾਜਿਕ ਰਾਜਨੀਤਕ ਤੇ ਆਰਥਿਕ ਵੰਡ ਵਿਆਪਕ ਹੋ ਚੁੱਕੀ ਹੋਵੇ। ਡਰ ਦਾ ਮਾਹੌਲ ਹਰ ਥਾਂ ਨਹੀਂ ਹੁੰਦਾ, ਉਨ੍ਹਾਂ ਦੇ ਆਸ-ਪਾਸ ਹੁੰਦਾ ਹੈ ਜੋ ਸਮਾਜਿਕ ਆਰਥਿਕ ਮਸਲਿਆਂ 'ਤੇ ਬੋਲਦੇ ਹਨ। ਇਹ ਵਿਅਕਤੀ ਵੀ ਹੋ ਸਕਦਾ ਹੈ ਤੇ ਇਕੱਠ ਵੀ। ਦੋ ਦਿਨ ਪਹਿਲਾਂ ਦਿੱਲੀ ਦੇ ਕਿਨਾਰੀ ਬਾਜ਼ਾਰ ਤੋਂ ਇੱਕ ਫੋਨ ਆਇਆ। ਕਹਿਣ ਲੱਗੇ ਕਿ ਅਸੀਂ ਵਪਾਰੀ ਹਾਂ, ਅਸੀਂ ਤਾਂ ਖੁੱਲ੍ਹ ਕੇ ਨਹੀਂ ਬੋਲ ਸਕਦੇ, ਵਰਨਾ ਇਹ ਸੇਲਸ ਟੈਕਸ ਤੇ ਸੀਬੀਆਈ ਲਾ ਦੇਣਗੇ, ਸੋਸ਼ਲ ਮੀਡੀਆ ਤੋਂ ਗਾਲਾਂ ਕਢਵਾ ਦੇਣਗੇ।

ਚੰਗਾ ਹੈ ਕਿ ਭਾਈ ਸਾਹਬ ਤੁਸੀਂ ਖੁੱਲ੍ਹ ਕੇ ਬੋਲਦੇ ਹੋ, ਕੋਈ ਤਾਂ ਬੋਲ ਰਿਹਾ ਹੈ। ਮੈਂ ਹਰ ਵਿਸ਼ੇ 'ਤੇ ਨਹੀਂ ਬੋਲਦਾ, ਬੋਲਣ ਦੀ ਪਾਤਰਤਾ ਵੀ ਨਹੀਂ ਰੱਖਦਾ। ਮੇਰੀ ਇਸ ਸਫਾਈ ਨਾਲ ਕਿਨਾਰੀ ਬਾਜ਼ਾਰ ਵਾਲੇ ਵਪਾਰੀ ਨੂੰ ਕੋਈ ਫਰਕ ਨਹੀਂ ਪਿਆ, ਉਸ ਦੀ ਅਵਾਜ਼ ਵਿੱਚ ਡਰ ਸੀ। ਮੇਰਾ ਹੌਂਸਲਾ ਵਧਾਉਣ ਲਈ ਕੀਤੇ ਗਏ ਫੋਨ 'ਚੋਂ ਡਰ ਦੀ ਆਵਾਜ਼ ਆ ਰਹੀ ਸੀ। ਠੀਕ ਉਸੇ ਸਮੇਂ ਬਹੁਤ ਸਾਰੇ ਪੱਤਰਕਾਰ ਬੋਲ ਰਹੇ ਹਨ, ਲਿਖ ਰਹੇ ਹਨ, ਪਰ ਉਨ੍ਹਾਂ ਦੀਆਂ ਖਬਰਾਂ ਦੀ ਪਹੁੰਚ ਲਗਾਤਾਰ ਸੀਮਤ ਹੁੰਦੀ ਜਾ ਰਹੀ ਹੈ। ਉਹ ਆਪੋ-ਆਪਣੀ ਸੰਸਥਾ ਤੇ ਮੁਹੱਲੇ ਵਿੱਚ ਇਕੱਲੇ ਹਨ, ਜੋ ਹਕੂਮਤ ਦੇ ਸੁਰ ਨਾਲ ਸੁਰ ਮਿਲਾ ਕੇ ਗੀਤ ਗਾ ਰਹੇ ਹਨ। ਉਨ੍ਹਾਂ ਦੀ ਆਵਾਜ਼ ਵਧ ਹੈ, ਤੁਸੀਂ ਇਸ ਕੋਰਸ ਨੂੰ ਗੌਰ ਨਾਲ ਸੁਣਿਓ, ਇਸ ਕੋਰਸ ਵਿੱਚੋਂ ਜੋ ਸੰਗੀਤ ਨਿਕਲ ਰਿਹਾ ਹੈ, ਉਹ ਡਰ ਦਾ ਸੰਗੀਤ ਹੈ, ਲੋਕਤੰਤਰ ਦੀ ਹੱਤਿਆ ਤੋਂ ਪਹਿਲਾਂ ਦਾ ਬੈਕਗ੍ਰਾਊਂਡ ਮਿਊਜ਼ਕ ਹੈ। ਭਾਰਤ ਦਾ ਮੀਡੀਆ ਡਰ ਦੀ ਰਾਜਧਾਨੀ ਵਿੱਚ ਜਿਊਂਦਾ ਹੈ, ਅਸੀਂ ਸਭ ਉਸ ਰਾਜਧਾਨੀ ਵਿੱਚੋਂ ਰੋਜ਼ ਲੰਘਦੇ ਹਾਂ, ਡਰ ਸੀਬੀਆਈ ਦਾ ਨਹੀਂ, ਉਸ ਭੀੜ ਦਾ ਹੈ ਜੋ ਥਾਣੇ ਦੇ ਬਾਹਰ ਵੀ ਹੈ, ਅਦਾਲਤ ਦੇ ਪਰਿਸਰ ਵਿੱਚ ਵੀ। ਇਸ ਭੀੜ ਨੂੰ ਲੈ ਕੇ ਜੋ ਲੋਕ ਨਰਮ ਹਨ, ਉਹੀ ਤਾਂ ਡਰ ਦਾ ਦਸਤਾਵੇਜ਼ ਹਨ। ਅਜਿਹੇ ਲੋਕ ਫਾਈਲਾਂ ਵਿੱਚ ਨਹੀਂ ਮਿਲਦੇ, ਤੁਹਾਡੇ ਗੁਆਂਢ ਵਿੱਚ ਮਿਲਦੇ ਹਨ।"

**ਅਨੁਵਾਦ ਹਰਸ਼ਰਨ ਕੌਰ**

---

## ਬਿਆਨ

ਅਦਾਲਤ ਵਿੱਚ ਲੂਸੀ ਪਾਰਸੰਸ ਦਾ ਬਿਆਨ "ਜੱਜ ਆਰਟਗੋਲਡ, ਕੀ ਤੁਸੀਂ ਇਸ ਗੱਲ ਤੋਂ ਇਨਕਾਰ ਕਰੋਗੇ ਕਿ ਤੁਹਾਡੇ ਜੇਲਖਾਨੇ ਗਰੀਬਾਂ ਦੇ ਬੱਚਿਆਂ ਨਾਲ ਭਰੇ ਹੋਏ ਹਨ, ਅਮੀਰਾਂ ਦੇ ਬੱਚਿਆਂ ਤੋਂ ਨਹੀਂ? ਕੀ ਤੁਸੀਂ ਇੰਨਕਾਰ ਕਰੋਗੇ ਕਿ ਆਦਮੀ ਇਸ ਲਈ ਚੋਰੀ ਕਰਦਾ ਹੈ ਕਿਉਂਕਿ ਉਸਦਾ ਪੇਟ ਖ਼ਾਲੀ ਹੁੰਦਾ ਹੈ? ਕੀ ਤੁਹਾਡੇ ਵਿੱਚ ਇਹ ਕਹਿਣ ਦਾ ਸਾਹਸ ਹੈ ਕਿ ਉਹ ਭੁਲੀਆਂ-ਭਟਕੀਆਂ ਭੈਣਾਂ, ਜਿਸਦੀ ਤੁਸੀਂ ਗੱਲ ਕਰਦੇ ਹੋ, ਇੱਕ ਰਾਤ ਵਿੱਚ ਦਸ ਤੋਂ ਵੀਹ ਵਿਅਕਤੀਆਂ ਨਾਲ ਸੌਣ ਵਿੱਚ ਪਰਸੰਨਤਾ ਮਹਿਸੂਸ ਕਰਦੀਆਂ ਹਨ, ਆਪਣੀਆਂ ਆਤੜੀਆਂ ਨੂੰ ਗੁਦਵਾਕਰ ਬਹੁਤ ਖੁਸ਼ੀ ਹੁੰਦੀ ਹੈ?" ਪੂਰੇ ਹਾਲ ਵਿੱਚ ਵਿਰੋਧ ਦਾ ਸ਼ੋਰ ਗੂੰਜਣ ਲੱਗਾ : "ਸ਼ਰਮਨਾਕ" ਅਤੇ "ਘ੍ਰਿਣਾਯੋਗ" ਦੀਆ ਆਵਾਜ਼ਾਂ ਉਠਣ ਲੱਗੀਆਂ ਇੱਕ ਪਾਦਰੀ ਉਠਿਆਂ ਅਤੇ ਗੁੱਸੇ ਵਿੱਚ ਕੰਬਦੇ ਹੋਏ ਆਪਣੀ ਛਾਤੀ ਨੂੰ ਜੋਰ ਸ਼ੋਰ ਨਾਲ ਹਿਲਾ ਕੇ ਜੱਜ ਨੂੰ ਹਸਤਛੇਪ ਕਰਨ ਲਈ ਕਿਹਾ। ਦੂਜਿਆਂ ਨੇ ਵੀ ਸ਼ੋਰ ਕੀਤਾ। ਪਰ ਜੱਜ ਆਰਟਗੋਲਡ ਨੇ, ਜਿਵੇਂ ਕਿ ਅਗਲੇ ਦਿਨ ਅਖਬਾਰਾਂ ਨੇ ਵੀ ਲਿਖਿਆ, ਸ਼ਲਾਘਾਯੋਗ ਤਰੀਕੇ ਨਾਲ ਵਿਵਹਾਰ ਕੀਤਾ। ਉਸਨੇ ਆਪਣੇ ਹੱਥ ਦੇ ਇਸ਼ਾਰੇ ਨਾਲ ਸ਼ੋਰ ਸ਼ਰਾਬੇ ਨੂੰ ਸ਼ਾਂਤ ਕੀਤਾ। ਉਸਨੇ ਵਿਵਸਥਾ ਬਣਾਏ ਰੱਖਣ ਦਾ ਆਦੇਸ਼ ਦਿੱਤਾ ਅਤੇ ਉਸਨੂੰ ਲਾਗੂ ਕੀਤਾ। ਉਸਨੇ ਕਿਹਾ " ਮੰਚ ਤੇ ਇੱਕ ਮਹਿਲਾ ਖੜੀ ਹੈ। ਕਿ ਅਸੀਂ ਇੰਨੇ ਨਿਰਲੱਜ ਹੋ ਕੇ ਨਿਮਰਤਾ ਦੀਆ ਧੱਜਿਆਂ ਉਡਾਵਾਗੇ? ਫਿਰ ਸ੍ਰੀਮਤੀ ਪਾਰਸੰਸ ਦੇ ਵੱਲ ਮੁੜ ਕੇ ਉਸਨੇ ਕਿਹਾ" ਕਿਰਪਾ ਕਰਕੇ ਤੁਸੀਂ ਆਪਣੀ ਗੱਲ ਜਾਰੀ ਰੱਖੋ, ਸ੍ਰੀਮਤੀ ਪਾਰਸੰਸ, ਅਤੇ ਉਸਦੇ ਬਾਅਦ ਜੇਕਰ ਤੁਸੀਂ ਚਾਹੋਗੇ ਤਾਂ ਮੈਂ ਤੁਹਾਡੇ ਸਵਾਲ ਦਾ ਜਵਾਬ ਦਊਗਾ। ਤਾਂ ਇਹ ਸੀ ਬਹੁਚਰਚਿਤ ਲੂਸੀ ਪਾਰਸੰਸ। ਹਾਲ ਵਿੱਚ ਫੁਸਫੁਸਾਹਟ ਹੋਈ ਅਤੇ ਸਿਰੀਮਤੀ ਪਾਰਸੰਸ ਨੇ, ਜੋ ਉਸ ਦੋਰਾਨ ਪੂਰਾ ਸਮਾਂ ਬੇਝਿਜਕ ਖੜੀ ਰਹੀ ਸੀ, ਬੋਲਣਾ ਸ਼ੁਰੂ ਕੀਤਾ :" ਤੁਸੀਂ ਸਭ ਲੋਕ ਜੋ ਸੁਧਾਰ ਦੀਆਂ ਗੱਲਾਂ ਕਰਦੇ ਹੋ, ਸੁਧਾਰ ਦਾ ਉਪਦੇਸ਼ ਦਿੰਦੇ ਹੋ ਅਤੇ ਸੁਧਾਰ ਦੀ ਗੱਡੀ ਤੇ ਚੜ ਕੇ ਸਵਰਗ ਤੱਕ ਪਹੁੰਚਣਾ ਚਾਹੁੰਦੇ ਹੋ, ਤੁਹਾਡੀ ਲੋਕਾਂ ਦੀ ਸੋਚ ਕੀ ਹੈ? ਜੱਜ ਆਰਟਗੋਲਡ ਕੈਦੀਆਂ ਦੇ ਲਈ ਧਾਰੀਦਾਰ ਪੁਸ਼ਾਕ ਦੀ ਥਾਂ ਭੂਰੇ ਰੰਗ ਦੇ ਸੂਟ ਦੀ ਵਕਾਲਤ ਕਰਦੇ ਹਨ। ਉਹ ਰਚਨਾਤਮਕ ਕੰਮ, ਚੰਗੀਆਂ ਕਿਤਾਬਾਂ ਸੁਥਰੀ ਕੋਠੜੀਆਂ ਦੀ ਵਕਾਲਤ ਕਰਦੇ ਹਨ। ਬੇਸ਼ਕ ਉਹਨਾਂ ਦਾ ਇਹ ਕਹਿਣਾ ਸਹੀ ਹੈ ਕਿ ਕਠੋਰ ਦੰਡ ਦੀ ਸਜ਼ਾ ਵਾਲੇ ਕੈਦੀਆਂ ਅਤੇ ਪਹਿਲੀ ਵਾਰ ਅਪਰਾਧ ਦੀ ਸਜ਼ਾ ਭੁਗਤਣ ਵਾਲੇ ਕੈਦੀਆਂ ਨੂੰ ਅੱਲਗ ਰੱਖਿਆ ਜਾਣਾ ਚਾਹੀਦਾ ਹੈ। ਉਹ ਇੱਕ ਜੱਜ ਹੈ ਅਤੇ ਇਸ ਲਈ ਜਦੋਂ ਉਹ ਨਿਆਂ ਦੇ ਪੱਖ ਵਿੱਚ ਢੇਰ ਸਾਰੀਆਂ ਗੱਲਾਂ ਕਰਦੇ ਹਨ। ਮੈਨੂੰ ਹੈਰਾਨੀ ਨਹੀ ਹੁੰਦੀ ਕਿਉਂਕਿ ਜਦ ਕੋਈ ਚੀਜ ਮੌਜੂਦ ਹੀ ਨਹੀ ਹੈ ਤਾਂ ਵੀ ਉਸਦੀ ਚਰਚਾ ਜਰੂਰ ਹੋਣੀ ਹੀ ਚਾਹੀਦੀ ਹੈ। ਨਹੀ, ਮੈਂ ਜੱਜ ਆਰਟਗੋਲਡ ਦੀ ਅਲੋਚਨਾ ਨਹੀਂ ਕਰ ਰਹੀ ਹਾਂ। ਮੈਂ ਉਹਨਾਂ ਨਾਲ ਸਹਿਮਤ ਹਾਂ ਜਦੋਂ ਉਹ ਮੈਂ ਇੱਕ ਵਾਰ ਨਹੀ, ਅਨੇਕਾਂ ਵਾਰ ਤਕਲੀਫਾਂ ਅਤੇ ਯਾਤਨਾਵਾਂ ਬਰਦਾਸ਼ਤ ਕੀਤੀਆਂ ਹਨ। ਮੇਰੇ ਸ਼ਰੀਰ ਤੇ ਇਹਨਾਂ ਦੇ ਢੇਰਾਂ ਨਿਸ਼ਾਨ ਹਨ। ਪਰ ਮੈਂ ਤੁਹਾਡੇ ਸੁਧਾਰਾਂ ਦੇ ਝਾਸੇਂ ਵਿੱਚ ਨਹੀਂ ਆਉਂਦੀ। ਇਹ ਸਮਾਜ ਤੁਹਾਡਾ ਹੈ, ਜੱਜ ਆਰਟਗੋਲਡ। ਤੁਸੀਂ ਲੋਕਾਂ ਨੇ ਇਸ ਨੂੰ ਬਣਾਇਆ ਹੈ ਅਤੇ ਇਹ ਉਹੀ ਸਮਾਜ ਹੈ ਜੋ ਅਪਰਾਧੀਆਂ ਨੂੰ ਪੈਦਾ ਕਰਦਾ ਹੈ। ਇੱਕ ਔਰਤ ਆਪਣਾ ਸ਼ਰੀਰ ਵੇਚਣ ਲਗਦੀ ਹੈ ਕਿਉਂਕਿ ਇਹ ਭੁੱਖੇ ਮਰਨ ਦੀ ਤੁਲਨਾ ਵਿੱਚ ਥੋੜਾ ਬੇਹਤਰ ਹੈ। ਇੱਕ ਇਸਤਰੀ ਇਸ ਲਈ ਚੋਰ ਬਣ ਜਾਂਦੀ ਹੈ ਕਿਉਂਕਿ ਤੁਹਾਡੀ ਵਿਵਸਥਾ ਉਸਨੂੰ ਕਾਨੂੰਨ ਤੋੜਨ ਵਾਲਾ ਘੋਸ਼ਿਤ ਕਰਦੀ ਹੈ। ਉਹ ਤੁਹਾਡੇ ਨੀਤੀ ਸ਼ਾਸ਼ਤਰ ਨੂੰ ਦੇਖਦਾ ਹੈ ਜੋ ਕਿ ਜੰਗਲੀ ਜਾਨਵਰਾਂ ਦੇ ਆਚਾਰ- ਵਿਵਹਾਰ ਦਾ ਸ਼ਾਸ਼ਤਰ ਹੈ ਅਤੇ ਤੁਸੀਂ ਉਸਨੂੰ ਜੇਲਖਾਨਿਆਂ ਵਿੱਚ ਸੁੱਟ ਦਿੰਦੇ ਹੋ ਕਿਉਂਕਿ ਉਹ ਤੁਹਾਡੇ ਆਚਾਰ- ਵਿਵਹਾਰ ਦਾ ਪਾਲਣ ਨਹੀ ਕਰਦਾ। ਅਤੇ ਜੇਕਰ ਮਜਦੂਰ ਇੱਕਜੁਟ ਹੋ ਕੇ ਰੋਟੀ ਲਈ ਸੰਘਰਸ਼ ਕਰਦੇ ਹਨ, ਇੱਕ ਬੇਹਤਰ ਜ਼ਿੰਦਗੀ ਲਈ ਲੜਾਈ ਲੜਦੇ ਹਨ, ਤਾਂ ਤੁਸੀ ਉਹਨਾਂ ਨੂੰ ਵੀ ਜੇਲ ਭੇਜ ਦਿੰਦੇ ਹੋ ਅਤੇ ਆਪਣੀ ਆਤਮਾ ਦੀ ਸੰਤੁਸ਼ਟੀ ਲਈ ਹਮੇਸ਼ਾ ਸੁਧਾਰ ਦੀਆਂ ਗੱਲਾਂ ਕਰਦੇ ਹੋ। ਨਹੀਂ, ਜੱਜ ਆਰਟਗੋਲਡ, ਜਦੋਂ ਤੱਕ ਤੁਸੀਂ ਇਸ ਵਿਵਸਥਾ ਦੀ, ਇਸ ਨੀਤੀ ਸ਼ਾਸ਼ਤਰ ਦੀ ਹਿਫ਼ਾਜਤ ਅਤੇ ਰੱਖਵਾਲੀ ਕਰਦੇ ਰਹੋਗੇ, ਉਦੋਂ ਤੱਕ ਤੁਹਾਡੀਆਂ ਜੇਲਾਂ ਦੀਆਂ ਕੋਠੜੀਆਂ ਹਮੇਸ਼ਾ ਅਜਿਹੀਆਂ ਔਰਤਾਂ ਅਤੇ ਮਰਦਾਂ ਨਾਲ ਭਰੀਆਂ ਰਹਿਣਗੀਆਂ ਜੋ ਮੌਤ ਦੀ ਬਜਾਏ ਜੀਵਨ ਚੁਣਨਗੇ- ਉਹ ਅਪਰਾਧੀ ਜੀਵਨ ਜੋ ਤੁਸੀਂ ਉਹਨਾਂ ਤੇ ਥੋਪਦੇ ਹੋ।

# ਸਰਗਰਮੀਆਂ

**ਰਿਪੋਰਟ ਕਰਤਾ;:- ਗੁਰਪ੍ਰੀਤ ਮੱਲੋਕੇ, ਜਨਰਲ ਸਕੱਤਰ 98554-61726**

ਬੀਤੇ ਦਿਨੀਂ ਮਿਤੀ 14 ਮਈ ਨੂੰ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦੀ ਸੂਬਾ ਪੱਧਰੀ ਮੀਟਿੰਗ ਹੋਈ, ਜਿਸ ਵਿੱਚ ਤਰਕਸ਼ੀਲ ਸੁਸਾਇਟੀ ਦੇ ਸਰਪ੍ਰਸਤ ਸ਼੍ਰੀ ਮੇਘ ਰਾਜ ਮਿੱਤਰ, ਸੂਬਾਈ ਪ੍ਰਧਾਨ ਮੇਘਰਾਜ ਰੱਲਾ ਉਚੇਚੇ ਤੌਰ 'ਪੁੱਜੇ। ਇਸ ਤੋਂ ਇਲਾਵਾ ਸੂਬਾਈ ਅਹੁਦੇਦਾਰਾਂ ਲਖਵਿੰਦਰ ਹਾਲੀ, ਅਮਿੱਤ ਮਿੱਤਰ, ਗੁਰਨਾਮ ਮਹਿਸਮਪੁਰੀ, ਗੁਰਪ੍ਰੀਤ ਮੱਲੋਕੇ, ਨਗਿੰਦਰ ਮਾਨਾਂ, ਅਮਰੀਕ ਮਾਨਾਂ, ਸਤਨਾਮ ਸਿੰਘ ਜਵੰਧਾ, ਜਸਵੀਰ ਸਿੰਘ ਮੰਡੇਰ, ਨਿਰਮਲ ਸਿੰਘ, ਜਗਰਾਜ ਟੱਲੇਵਾਲ, ਜਸ ਪੰਛੀ ਆਦਿ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਮੁੱਖ ਤੌਰ 'ਤੇ ਸੂਬਾਈ ਇਜਲਾਸ ਦਾ ਮੁਲਾਂਕਣ, ਇਕਾਈਆਂ ਦੇ ਗਠਨ, ਲਾਇਬ੍ਰੇਰੀਆਂ ਸਥਾਪਿਤ ਕਰਨ, ਸਮਾਜ ਸੁਧਾਰਕ ਕੰਮਾਂ ਨੂੰ ਅਪਨਾਉਣ, ਸੁਸਾਇਟੀ ਦੀਆਂ ਚਨੌਤੀ ਵਾਲੀਆਂ ਸ਼ਰਤਾਂ ਆਦਿ ਮੁੱਖ ਏਜੰਡਿਆਂ ਉੱਪਰ ਭਰਭੂਰ ਚਰਚਾ ਹੋਈ, ਅੰਤ ਵਿੱਚ ਪੰਜਾਬ ਦੇ ਸਾਰੇ ਜਿਲ੍ਹਿਆਂ ਅਤੇ ਜ਼ਿਲਿਆਂ ਦੇ ਸ਼ਹਿਰਾਂ-ਪਿੰਡਾਂ, ਸੁਸਾਇਟੀ ਦੀਆਂ ਇਕਾਈਆਂ ਦੇ ਗਠਨ ਕਰਨ ਬਾਰੇ, ਹਾਜਰ ਮੈਂਬਰਾਂ ਦੀ ਜਿਲ੍ਹੇ ਵੰਡ ਕਿ ਡਿਊਟੀਆਂ ਸਥਾਪਿਤ ਕੀਤੀਆਂ ਗਈਆਂ, ਯੂ ਟਿਊਬ ਉੱਤੇ "ਤਰਕਬਾਣੀ" ਚੈਨਲ ਸ਼ੁਰੂ ਕਰਨ ਬਾਰੇ ਚਰਚਾ ਅਤੇ ਸਹਿਮਤੀ ਬਣਾਈ ਗਈ, ਸ਼ਹੀਦਾਂ ਦੇ ਨਾਵਾਂ ਨੂੰ ਨਾਟਕ ਮੇਲੇ ਸਮਰਪਿਤ ਕਰਨ ਦੀ ਰਾਏ ਬਣਾਈ ਗਈ, ਹਰ ਇਕਾਈ ਨੂੰ ਪੰਜ ਕਿਤਾਬਾਂ ਦੇ ਸਿੱਟ ਦੇਣਾ ਜਰੂਰੀ ਕੀਤਾ ਗਿਆ, ਤਕਰੀਬਨ ਢਾਈ ਘੰਟੇ ਚੱਲੀ ਇਸ ਮੀਟਿੰਗ ਵਿੱਚ ਬੜੀਆਂ ਗੰਭੀਰ ਲੋੜਾਂ, ਮੁੱਦਿਆਂ ਤੇ ਵਿਸਥਾਰ ਵਿੱਚ ਚਰਚਾ ਕੀਤੀ ਗਈ, ਹਰ ਦੋ ਮਹੀਨੇ ਬਾਅਦ ਤਰਕਸ਼ੀਲ ਸੁਸਾਇਟੀ ਭਾਰਤ ਦੀ ਸੂਬਾਈ ਮੀਟਿੰਗ ਪੱਕੀ ਨਿਸ਼ਚਿਤ ਕੀਤੀ ਗਈ, ਜਿਸ ਵਿੱਚ ਦੋ ਮਹੀਨੇ ਦੀਆਂ ਕਾਰਗੁਜ਼ਾਰੀਆਂ ਦੀ ਸਮੀਖਿਆ ਕੀਤੀ ਜਾਇਆ ਕਰੇਗੀ ਅਤੇ ਵਿਗਿਆਨ ਜੋਤ ਮੈਗਜ਼ੀਨ ਦੀ ਵੰਡ ਕੀਤੀ ਜਾਇਆ ਕਰੇਗੀ, ਇਸ ਤਰਾਂ ਇਹ ਮੀਟਿੰਗ ਬੇਹੱਦ ਸਫਲ ਮੀਟਿੰਗ ਸਾਬਿਤ ਹੋਈ।

-2-

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਹਿੰਮਤਪੁਰਾ, ਜਿਲ੍ਹਾ ਮੋਗਾ ਦੀ ਚੋਣ ਬੀਤੇ ਦਿਨੀਂ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦੇ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਮੱਲੋਕੇ ਦੀ ਅਗਵਾਈ ਹੇਠ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਹਿੰਮਤਪੁਰਾ, ਜਿਲ੍ਹਾ ਮੋਗਾ ਦੀ ਚੋਣ ਸਰਵਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਅਮਨਦੀਪ ਸਿੰਘ ਪ੍ਰਧਾਨ, ਗੁਰਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ, ਮਿੰਟੂ ਖੁਰਮੀਸ ਜਨਰਲ ਸਕੱਤਰ, ਪ੍ਰਭਜੋਤ ਸਿੰਘ ਮੀਤ ਸਕੱਤਰ, ਮਨਦੀਪ ਸਿੰਘ ਪ੍ਰਚਾਰ ਸਕੱਤਰ, ਗੁਰਜੀਤ ਸਿੰਘ ਪ੍ਰੈਸ ਸਕੱਤਰ, ਹਰਪ੍ਰੀਤ ਸਿੰਘ ਖਜਾਨਚੀ, ਬਾਦਲ ਸਿੰਘ ਉੱਪ ਖਜਾਨਚੀ, ਸਤਨਾਮ ਸਿੰਘ ਮੀਤ ਪ੍ਰਧਾਨ, ਕਰਮ ਸਿੰਘ, ਦਲਜੀਤ ਸਿੰਘ, ਗੁਰਸੇਵਕ ਸਿੰਘ, ਗੁਰਮੁੱਖ ਸਿੰਘ, ਕਰਮਜੀਤ ਸਿੰਘ, ਵਰਿੰਦਰ ਸਿੰਘ, ਸਤਵਿੰਦਰ ਸਿੰਘ ਬਿੱਟੂ ਇਕਾਈ ਦੇ ਮੈਂਬਰ ਚੁਣੇ ਗਏ। ਇਸ ਮੌਕੇ ਗੁਰਪ੍ਰੀਤ ਮੱਲੋਕੇ ਨੇ ਹਾਜਰ ਤਰਕਸ਼ੀਲ ਸਾਥੀਆਂ ਨੂੰ ਤਰਕਸ਼ੀਲ ਸੁਸਾਇਟੀ ਭਾਰਤ ਦੇ ਇਤਿਹਾਸ, ਸੰਵਿਧਾਨ, ਉਦੇਸ਼ਾਂ, ਆਦਿ ਬਾਰੇ ਜਾਣਕਾਰੀ ਦਿੱਤੀ ਅਤੇ ਸਾਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ।

-3-

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਤੂਤ ਦੀ ਚੋਣ ਬੀਤੇ ਦਿਨੀਂ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦੇ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਮੱਲੋਕੇ ਅਤੇ ਸੂਬਾਈ ਮੈਂਬਰ ਕਾਮਰੇਡ ਮਹਾਂਵੀਰ ਸਿੰਘ ਗਿੱਲ ਦੀ ਅਗਵਾਈ ਹੇਠ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਤੂਤ ਜਿਲ੍ਹਾ ਤਰਨਤਾਰਨ ਦੀ ਚੋਣ ਸਰਵਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਗੁਰਵਿੰਦਰ ਸਿੰਘ ਪ੍ਰਧਾਨ, ਰਸ਼ਪਾਲ ਸਿੰਘ ਮੀਤ ਪ੍ਰਧਾਨ, ਜਸਬੀਰ ਸਿੰਘ ਜਨਰਲ ਸਕੱਤਰ, ਜਤਿੰਦਰਬੀਰ ਸਿੰਘ ਮੀਤ ਸਕੱਤਰ, ਨਿਰਵੈਲ ਸਿੰਘ ਪ੍ਰਚਾਰ ਸਕੱਤਰ, ਸੁਖਵਿੰਦਰ ਸਿੰਘ ਪ੍ਰੈਸ ਸਕੱਤਰ, ਮੁਖਤਿਆਰ ਸਿੰਘ ਖਜਾਨਚੀ, ਉਪਵਿੰਦਰ ਸਿੰਘ ਉੱਪ ਖਜਾਨਚੀ, ਅਰਵਿੰਦਰਜੀਤ ਸਿੰਘ ਮੀਤ ਪ੍ਰੈਸ ਸਕੱਤਰ, ਅਭੀਰੂਪ ਸਿੰਘ, ਗੁਰਜੰਟ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਫੌਜੀ, ਮਹਿੰਦਰ ਸਿੰਘ, ਸ਼ਮਸ਼ੇਰ ਸਿੰਘ, ਰੇਸ਼ਮ ਸਿੰਘ ਇਕਾਈ ਦੇ ਮੈਂਬਰ ਚੁਣੇ ਗਏ। ਇਸ ਮੌਕੇ ਗੁਰਪ੍ਰੀਤ ਮੱਲੋਕੇ ਅਤੇ ਮਹਾਵੀਰ ਗਿੱਲ ਜੀ ਨੇ ਹਾਜਰ ਤਰਕਸ਼ੀਲ ਸਾਥੀਆਂ ਨੂੰ ਤਰਕਸ਼ੀਲ ਸੁਸਾਇਟੀ ਭਾਰਤ ਦੇ ਇਤਿਹਾਸ, ਸੰਵਿਧਾਨ, ਉਦੇਸ਼ਾਂ, ਆਦਿ ਬਾਰੇ ਜਾਣਕਾਰੀ ਦਿੱਤੀ ਅਤੇ ਸਾਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਸੁਸਾਇਟੀ ਦੇ ਬੁਲਾਰੇ ਵਿਗਿਆਨ ਜੋਤ ਮੈਗਜ਼ੀਨ ਬਾਰੇ ਜਾਣਕਾਰੀ ਦਿੱਤੀ ਅਤੇ ਵਿਗਿਆਨ ਜੋਤ ਦੀ ਵੰਡ ਕੀਤੀ।


ਜੇ ਤੁਸੀਂ ਆਪਣੇ ਇਲਾਕੇ ਵਿੱਚ ਕੋਈ ਤਰਕਸ਼ੀਲ ਨਾਟਕ ਮੇਲਾ ਜਾਂ ਕੋਰੀਓਗ੍ਰਾਫੀ ਕਰਵਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ।

**ਲੋਕ ਕਲਾ ਮੰਚ ਜੀਰਾ**

ਨਿਰਦੇਸ਼ਕ ਮੇਘ ਰਾਜ ਰੱਲਾ ਜੀ

ਸੰਪਰਕ : 98558-30400






# ਬੰਦਾ ਮਰ ਕੇ ਕਿੱਥੇ ਜਾਂਦਾ ਹੈ

-ਪ੍ਰੋਫੈਸਰ ਮੀਤ ਖੱਟੜਾ



AFP/GETTY IMAGES

ਬੰਦਾ ਸੰਸਾਰ ਵਿੱਚ ਆਉਂਦਾ ਤੇ ਜਾਣ ਬਾਰੇ ਅਹਿਮ ਤੇ ਮਹੱਤਵਪੂਰਨ ਸਵਾਲ ਹਨ ਜਿਹਨਾਂ ਬਾਰੇ ਚੇਤਨ ਤੇ ਅਵਚੇਤਨ ਸੋਚਣਾ ਬਹੁਤ ਜ਼ਰੂਰੀ ਹੈ। ਇਸ ਗੁੰਝਲ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਬੰਦਾ ਕਿਸਦੇ ਹੁਕਮ ਵਿੱਚ ਆਉਂਦਾ ਹੈ ਤੇ ਜਾਂਦਾ ਹੈ। ਇਸ ਬਾਰੇ ਸੰਸਾਰ ਪੱਧਰ ਤੇ ਦੋ ਧਾਰਾਵਾਂ ਕੰਮ ਕਰ ਰਹੀਆਂ ਹਨ; ਇੱਕ ਵਿਚਾਰਵਾਦੀ ਤੇ ਦੂਜੀ ਪਦਾਰਥਵਾਦੀ। ਵਿਚਾਰਵਾਦੀਆਂ ਦੀ ਸੋਚ ਸਮਝਦੀ ਹੈ ਕਿ ਮਨੁੱਖੀ ਸਰੀਰ ਵਿੱਚ ਆਤਮਾ ਪਰਮਾਤਮਾ ਤੋਂ ਵਿਛੜਕੇ ਆਈ ਤੇ ਮੁੜ ਮੌਤ ਤੋਂ ਬਾਅਦ ਉਸੇ ਵਿੱਚ ਹੀ ਰਲ ਜਾਂਦੀ ਹੈ। ਚੰਗੇ ਮਾੜੇ ਕਰਮੀ ਸਦਕਾ ਉਹ ਨਰਕ ਜਾਂ ਸਵਰਗ ਗ੍ਰਹਿਣ ਕਰਦੀ ਹੈ ਜਿਸਦਾ ਲੇਖਾ ਜੋਖਾ ਧਰਮ ਰਾਜ ਕਰਦਾ ਹੈ। ਆਤਮਾ ਜਾਂ ਰੂਹ ਬਾਰੇ ਉਪਨਿਸ਼ਦਾਂ ਵਿੱਚ ਵੀ ਜ਼ਿਕਰ ਆਇਆ ਹੈ। ਵਿਚਾਰਵਾਦੀ ਸ਼੍ਰਿਸਟੀ ਨੂੰ ਪਰਮਾਤਮਾ ਦੀ ਸਿਰਜਣਾ ਮੰਨਦੇ ਹਨ। ਪਰਮਾਤਮਾ ਦੀ ਅਨੰਦ ਇੱਛਾ ਸ਼੍ਰਿਸਟੀ ਦੀ ਰਚਨਾ ਦਾ ਮੂਲ ਕਾਰਨ ਹੈ। ਮਾਦੇ ਤੇ ਜੀਵ ਦਾ ਕਾਰਨ ਤੇ ਕਰਤਾ ਪਰਮਾਤਮਾ ਹੈ ਜੋ ਕਿ ਸੈਭੰ ਹੈ।

ਛਾਂਦੋਗਯ ਉਪਨਿਸ਼ਦ ਵਿੱਚ ਸਵੇਤਕੇਤੂ ਉਦਾਲਕ ਨੂੰ ਪੁੱਛਦਾ ਹੈ;

ਸਵੇਤਕੇਤੂ : ਅਣਹੋਂਦ ਵਿੱਚ ਹੋਂਦ ਦਾ ਜਨਮ ਕਿਵੇਂ ਹੋ ਸਕਦਾ ਸੀ, ਪਿਤਾ ਜੀ।

ਉਦਾਲਕ : "ਮੇਰੇ ਪਿਆਰੇ ਪੁਤਰ; ਅਣਹੋਂਦ ਦਾ ਭਾਵ ਹੈ ਕੋਈ ਦੂਜਾ ਨਹੀਂ ਸੀ (ਜੋ ਸਿੱਧ ਕਰ ਸਕਦਾ) ਬਸ ਉਹ ਇੱਕ ਸੀ ਕਿਸੇ ਦੂਜੀ ਹੋਂਦ ਤੋਂ ਬਿਨਾਂ। ਇਸ ਵਿੱਚ ਫ਼ੁਰਨਾ ਹੋਇਆ। ਕਿਹਾ ਚੰਗਾ ਹੋਵੇ ਜੇ ਮੈਂ ਇੱਕ ਤੋਂ ਅਨੇਕ ਹੋ ਜਾਵਾਂ ਤੇ ਆਪੇ ਦਾ ਪਸਾਰਾ ਕਰਾਂ। ਉਸਨੇ ਆਪਦੇ ਅੰਦਰੋਂ ਗਰਮੀ ਕੱਢੀ। ਇਸ ਗਰਮੀ ਨੂੰ ਵਿਚਾਰ ਆਇਆ ਕਿ ਕਿਹਾ ਚੰਗਾ ਹੋਵੇ ਜੇ ਮੈਂ ਇੱਕ ਤੋਂ ਅਨੇਕ ਹੋ ਜਾਵਾਂ ਤੇ ਉਸਨੇ ਆਪਦੇ ਅੰਦਰੋਂ ਪਾਣੀ ਕੱਢਿਆ। ਪਾਣੀ ਨੂੰ ਵਿਚਾਰ ਆਇਆ ਮੈਂ ਇੱਕ ਤੋਂ ਅਨੇਕ ਹੋ ਜਾਣਾ ਚਾਹੁੰਦਾ। ਮੈਂ ਆਪਣੇ ਵਿੱਚੋਂ ਹੋਰ ਜੀਵ ਪੈਦਾ ਕਰਾਂਗਾ।"

ਰਿਗਵੇਦ ਦੇ ਮੰਡਲ ਦਸ ਵਿੱਚ ਹੋਰ ਜ਼ਿਕਰ ਆਉਂਦਾ ਹੈ ਕਿ "ਮੁੱਢ ਵਿੱਚ ਇੱਕ ਹੀ ਸ਼ਕਤੀ ਸਤਪੁਰਖ ਸੀ। ਉਸਦੇ ਦਿਲ ਵਿੱਚ ਰਿਤੂ ਦਾ ਸੰਚਾਰ ਹੋਇਆ, ਨਾਲ ਹੀ ਨਾਲ ਇੱਛਾ ਦਾ ਆਭਾਵ ਹੋਇਆ। ਉਸੇ ਹੀ ਇੱਛਾ ਨਾਲ ਸਤਪੁਰਖ ਨੇ ਸ਼ੂਨਯ ਵਿੱਚ ਵਿਸ਼ਵ ਰਚਨਾ ਲਈ ਛੇ ਬ੍ਰਹਮ ਪੈਦਾ ਕੀਤਾ; ਓਂਕਾਰ, ਸਹਿਜ, ਇੱਛਾ, ਸੋਹੰ, ਅਚਿੰਤ ਤੇ ਔਖਰ। ਪਰ ਇਹਨਾਂ ਦੀ ਉਤਪਤੀ ਦੇ ਸਾਧਨਾਂ ਤੇ ਸੰਚਾਲਨਾਂ ਤੋਂ ਸਤਪੁਰਖ ਖੁਸ਼ ਨਾ ਹੋਇਆ ਤੇ ਸੌਂ ਗਿਆ। ਜਦ ਉਸਦੀ ਅੱਖ ਖੁੱਲ੍ਹੀ ਤਾਂ ਸਾਹਮਣੇ ਅਨੰਤ ਸਾਗਰ ਵਿੱਚ ਸੁਨਹਿਰੀ ਆਂਡਾ ਦਿੱਸਿਆ, ਜਿਸ ਚੋਂ ਨਿਰੰਜਨ ਪੈਦਾ ਹੋਇਆ। ਨਿਰੰਜਨ ਨੇ ਤਪ ਕਰਕੇ ਮਾਇਆ ਪ੍ਰਾਪਤ ਕੀਤੀ। ਮਾਇਆ ਤੇ ਨਿਰੰਜਨ ਤੋਂ ਤਿੰਨ ਪੁੱਤਰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਪੈਦਾ ਹੋਏ ਜਿਹਨਾਂ ਸਦਕਾ ਅੰਡਜ, ਜੇਰਜ, ਸੇਤਜ ਤੇ ਉਤਭੁਜ ਸ਼੍ਰਿਸ਼ਟੀ ਦੀ ਰਚਨਾ ਹੋਈ।

ਮਨੁੱਖ ਦੀ ਰੂਹ ਬਾਰੇ ਜੋ ਕਦੇ ਮਰਦੀ ਨਹੀਂ, ਬਾਰੇ ਕਠੋ ਉਪਨਿਸ਼ਦ ਵਿੱਚ ਉਸਦੇ ਆਕਾਰ ਬਾਰੇ ਅਧਿਆਇ (2/6/17) ਵਿੱਚ ਲਿਖਿਆ ਹੈ। ਕਿ ਆਤਮਾ ਅੰਗੂਠੇ ਦੇ ਆਕਾਰ ਦੀ ਹੁੰਦੀ ਹੈ। ਸਵੇਤਾਸ਼ਤਵਤਰ ਉਪਨਿਸ਼ਦ (5-9) ਵਿੱਚ ਵਾਲ ਦੇ ਅਗਲੇ ਹਿੱਸੇ ਦੇ ਸੌਵੇ ਭਾਗ ਜਿੰਨੀ ਲਿਖਿਆ। ਛਾਂਦੋਗਯ ਉਪਨਿਸ਼ਦ (3/1/14/2) ਵਿੱਚ ਦਾਣੇ ਤੋਂ ਛੋਟੀ। ਮਾਂਡੋਕਯ ਉਪਨਿਸ਼ਦ (3/1/9) ਵਿੱਚ ਅਣੂ ਦੇ ਸਮਾਨ। ਜਦੋਂ ਅਸੀਂ ਇਸਨੂੰ ਨੰਗੀ ਅੱਖ ਜਾਂ ਦੂਰਬੀਨ ਰਾਹੀਂ ਵੇਖਣਾ ਚਾਹੁੰਦੇ ਹਾਂ ਤਾਂ ਇਹ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਨਹੀਂ ਵੇਖੀ ਜਾ ਸਕਦੀ।

ਦਰਅਸਲ ਜੇ ਰੂਹ ਅਮਰ ਤੇ ਸਰੀਰ ਧਾਰਦੀ ਹੈ ਤਾਂ ਉਹ ਬ੍ਰਹਿਮੰਡ, ਆਕਾਸ਼, ਪਾਤਾਲ ਵਿੱਚ ਕਿਹੜੇ ਨਰਕ ਜਾਂ ਸਵਰਗ ਵਿੱਚ ਰਹਿੰਦੀ ਹੈ। ਨਰਕ ਜਾਂ ਸਵਰਗ ਕਿੱਥੇ ਸਥਿਤ ਹਨ। ਧਰਮ ਰਾਜ ਦਾ ਟਿਕਾਣਾ ਕਿੱਥੇ ਹੈ ? ਨੰਗੀ ਅੱਖ ਨਾਲ ਇਹ ਸਭ ਕੁਝ ਕਿਧਰੇ ਵੀ ਨਹੀਂ ਲੱਭਦਾ। ਜਦੋਂ ਅਸੀਂ ਸਰੀਰ ਦੀ ਜੀਵਨ ਪ੍ਰਕਿਰਿਆ ਨੂੰ ਵੇਖਦੇ ਹਾਂ ਤਾਂ ਦਿਲ, ਦਿਮਾਗ, ਨਾੜੀ ਸੰਚਾਰ, ਕਿਡਨੀਆਂ, ਲਹੂ ਆਦਿ ਚੇਤਨ ਰੂਪ ਵਿੱਚ ਵਿਚਰਦੇ ਨਜ਼ਰ ਆਉਂਦੇ ਹਨ ਜਿਸ ਸਦਕਾ ਸਰੀਰ ਹਰਕਤ ਵਿੱਚ ਰਹਿੰਦਾ ਹੈ। ਪੇਟ 'ਚ ਖਾਣਾ ਹਜ਼ਮ ਹੋ ਕੇ ਖ਼ੂਨ ਬਣਾ ਕੇ ਦਿਲ ਨੂੰ ਭੇਜਦਾ ਹੈ। ਗੰਦੇ ਖ਼ੂਨ ਨੂੰ ਸਾਫ਼ ਕਰਨ ਲਈ ਸਰੀਰ ਵਿੱਚ ਕਿਡਨੀਆਂ ਕੰਮ ਕਰਦੀਆਂ ਹਨ ਤੇ ਦਿਲ ਦੀ ਪੰਪਿੰਗ ਸਦਕਾ ਨਾੜੀ ਸੰਚਾਰ ਰਾਹੀਂ ਸਾਰਾ ਹੀ ਖ਼ੂਨ ਸਰੀਰ ਵਿੱਚ ਦੌਰਾ ਕਰਕੇ ਤਾਕਤ ਦਿੰਦਾ ਹੈ। ਸਰੀਰ ਦਾ ਸੰਚਾਲਨ ਇਮਿਊਨ ਸਿਸਟਮ ਰਾਹੀਂ, ਦਿਮਾਗ ਦੀ ਪ੍ਰਕਿਰਿਆ ਰਾਹੀਂ ਕੰਟਰੋਲ ਵਿੱਚ ਰਹਿੰਦਾ ਹੈ। ਗਲਤ ਹਰਕਤਾਂ, ਨਸ਼ਿਆਂ ਰਾਹੀਂ ਕਈ ਵਾਰੀ ਆਪਣਾ ਸੰਤੁਲਨ ਆਪ ਹੀ ਵਿਗਾੜ ਲੈਂਦੇ ਹਾਂ ਤੇ ਸਰੀਰ ਨੂੰ ਆਪੇ ਹੀ ਵਿਗਾੜ ਲੈਂਦੇ ਹਾਂ ਤੇ ਦੁਖ ਪਾਉਂਦੇ ਹਾਂ, ਮੌਤ ਨੂੰ ਸੱਦਾ ਦਿੰਦੇ ਹਾਂ। ਜਾਂ ਜਿਉਂ ਹੀ ਕਿਸੇ ਕਾਰਣ ਖ਼ੂਨ ਦਾ ਦੌਰਾ ਬੰਦ ਹੁੰਦਾ ਹੈ, ਬੰਦਾ ਮਰ ਜਾਂਦਾ ਹੈ। ਸਰੀਰ ਦੀ ਚੇਤਨ ਪ੍ਰਕਿਰਿਆ ਨੂੰ ਹੀ ਧਰਮਾਂ ਵਾਲੇ ਰੂਹ ਜਾਂ ਆਤਮਾ ਆਖਦੇ ਹਾਂ। ਪਰ ਇਹ ਸਰੀਰ ਦੇ ਖਤਮ ਹੋਣ ਨਾਲ ਹੀ ਖਤਮ ਹੋ ਜਾਂਦੀ ਹੈ। ਚੇਤਨਾ ਤੇ ਸਰੀਰ ਇੱਕ ਦੂਜੇ ਦੇ ਪੂਰਕ ਹਨ। ਬ੍ਰਹਿਮੰਡ ਵਿੱਚ ਜਾਣ ਲੱਗਿਆ ਅਸੀਂ ਆਕਸੀਜਨ ਦਾ ਪ੍ਰਬੰਧ ਕਰਕੇ ਜਾਂਦੇ ਹਾਂ ਕਿਉਂਕਿ ਜਿਉਂ ਜਿਉਂ ਅਸੀਂ ਉੱਪਰ ਵੱਲ ਜਾਂਦੇ ਹਾਂ ਤਾਂ ਆਕਸੀਜਨ ਘਟਦੀ ਜਾਂਦੀ ਹੈ ਤੇ ਸਾਹ ਘੁਟਣ ਲੱਗਦਾ ਹੈ। ਜੇਕਰ ਰੂਹ ਦਾ ਸਥਾਨ ਅਕਾਸ਼ ਜਾਂ ਪਾਤਾਲ ਹੈ ਤਾਂ ਮਰ ਜਾਵੇਗੀ ਪਰ ਧਰਮ ਵਾਲੇ ਉਸਨੂੰ ਅਮਰ ਮੰਨਦੇ ਹਨ। ਇਹ ਵਿਹਲੜ ਛਾਤਰਾਂ ਦਾ ਫੈਲਾਇਆ ਛੜਯੰਤਰ ਹੈ ਜੋ ਭੋਲੀ ਭਾਲੀ ਜਨਤਾ ਨੂੰ ਭਰਮਾਉਣ ਦਾ ਵਧੀਆ ਵਸੀਲਾ ਹੈ। ਛਾਤਰ ਹਰ ਯੁਗ ਵਿੱਚ ਪ੍ਰਭਾਵੀ ਰਿਹਾ ਹੈ। ਲੋੜ ਹੈ ਅਜਿਹੇ ਛਾਤਰਾਂ ਤੋਂ ਬਚਣ ਦੀ। ਚੰਗੀ ਸੋਚ ਹੀ ਬੌਧਿਕ ਵਰਤਾਰੇ ਨੂੰ ਪ੍ਰਭਾਵਿਤ ਕਰਦੀ ਹੈ।

ਇਸ ਲਈ ਬੰਦਾ ਮਰਕੇ ਕਿਤੇ ਨਹੀਂ ਜਾਂਦਾ। ਸਗੋਂ ਹਰ ਧਰਮ ਦੇ ਲੋਕ ਆਪੋ ਆਪਣੀਆਂ ਰਸਮਾਂ ਅਨੁਸਾਰ ਜ਼ਮੀਨ 'ਚ ਦਬਾਉਣਾ, ਵਗਦੇ ਪਾਣੀ ਵਿੱਚ ਤੈਰਨਾ, ਜਲਾਉਣਾ ਆਦਿ ਕਰਦੇ ਹਨ ਜੋ ਆਖਰ ਜ਼ਮੀਨ ਦਾ ਹੀ ਹਿੱਸਾ ਬਣ ਜਾਂਦਾ ਹੈ। ਭੌਤਿਕਵਾਦੀ ਸਮਝਦੇ ਹਨ ਕਿ ਪ੍ਰਕਿਰਤੀ ਵਿੱਚ ਨਿਰੰਤਰ ਪਰਿਵਰਤਨ ਹੁੰਦਾ ਰਹਿੰਦਾ। ਲੰਘ ਗਿਆ ਸਮਾਂ ਜਾਂ ਜਵਾਨੀ ਕਦੇ ਵੀ ਮੁੜਕੇ ਨਹੀਂ ਆਉਂਦੇ। ਆਦਿ ਸ਼੍ਰਿਸ਼ਟੀ ਦਾ ਕਾਰਣ ਜੁੜੇ ਕਣ ਹਨ ਜਿਹਨਾਂ ਨੂੰ ਪ੍ਰਮਾਣੂ ਵੀ ਕਿਹਾ ਜਾਂਦਾ ਹੈ। ਵੈਸ਼ਿਸ਼ਕ ਦਰਸ਼ਨ ਅਨੁਸਾਰ "ਜਗਤ ਦਾ ਮੂਲ ਤੱਤ ਬ੍ਰਹਮ ਨਹੀਂ ਬਲਕਿ ਪ੍ਰਮਾਣੂ ਹੈ।" ਜੈਨੀਆਂ ਦਾ ਪਰਿਣਾਮਵਾਦ (ਪਰਮਾਣੂਆਂ ਦਾ ਬਦਲਿਆ ਰੂਪ) ਬੁਧਾਂ ਦਾ ਸੰਘਾਤਮਕ (ਪਰਮਾਣੂਆਂ ਦਾ ਸੰਗ੍ਰਹਿ ਇਸੇ ਸਿਧਾਂਤ ਦੇ

ਭੇਦ ਹਨ। ਚਾਰਵਾਦ ਅਨੁਸਾਰ ; ਸੰਸਾਰ ਦੀਆਂ ਵਸਤੂਆਂ ਸਿਰਫ਼ ਚਾਰ ਪਦਾਰਥਾਂ ਪ੍ਰਿਥਵੀ, ਅੱਗ, ਹਵਾ ਤੇ ਪਾਣੀ ਤੋਂ ਹੀ ਬਣੀਆਂ ਹਨ। ਡਾਰਵਿਨ ਦੀ ਵਿਕਾਸ ਦੀ ਥਿਊਰੀ ਅਨੁਸਾਰ ਬ੍ਰਹਿਮੰਡ ਦੀ ਰਚਨਾ ਇੱਕ ਮਹਾਂ ਤੱਤ ਦੇ ਵਿਸਫੋਟ ਤੋਂ ਹੋਈ। ਨੋਬਲ ਪੁਰਸਕਾਰ ਵਿਜੇਤਾ ਹਰਗੋਬਿੰਦ ਖੁਰਾਣਾ ਤੇ ਡਾ. ਸਾਇਰਲ ਪਨੋਮਪੇਰੁਮਾ ਨੇ ਆਪਣੀ ਪ੍ਰਯੋਗਸ਼ਾਲਾਂ ਵਿੱਚ ਜਵਾਲਾਮੁਖੀ ਊਰਜਾ ਦੇ ਪ੍ਰਭਾਵ ਕਾਰਣ ਸਜੀਵ ਪਦਾਰਥ ਦੇ ਕਣ ਪੈਦਾ ਕੀਤੇ। ਇਉਂ ਅਸੀਂ ਵੇਖਦੇ ਹਾਂ ਕਿ ਮਨੁੱਖ ਜੀਵਨ ਦੇ ਨਾਲ ਨਾਲ ਚੇਤਨ ਤੇ ਵਿਵੇਕਸ਼ੀਲ ਹੈ ਜਿਸ ਕਰਕੇ ਉਹ ਸੰਸਾਰ ਵਿੱਚ ਵਿਲੱਖਣ ਤੇ ਸ੍ਰੇਸ਼ਟ ਹੈ।

ਜਦੋਂ ਗੈਲੀਲੀਓ ਨੇ ਸੂਰਜ ਤੇ ਧਰਤੀ ਦੇ ਘੁੰਮਣ ਦੇ ਅੰਧ ਵਿਸ਼ਵਾਸ ਨੂੰ ਤੋੜਿਆ ਕਿ ਸੂਰਜ ਦੁਆਲੇ ਹੀ ਧਰਤੀ ਤੇ ਸਿਤਾਰੇ ਘੁੰਮਦੇ ਹਨ ਤਾਂ ਮੌਕੇ ਦੇ ਧਾਰਮਿਕ ਛਾਤਰਾਂ ਨੇ ਹਾਕਮਾਂ ਤੋਂ ਤਸੀਹੇ ਦਿਵਾਏ। ਈਸਾ ਨੇ ਰੱਬ ਨੂੰ ਜਦੋਂ ਮਨੁੱਖ ਵਿੱਚ ਵੇਖਿਆ ਤਾਂ ਕਿੱਲ ਠੋਕੇ ਗਏ। ਮਨਾਂ ਵਿੱਚ ਅਗਿਆਨਤਾ ਦਾ ਹਨ੍ਹੇਰਾ ਮੂਰਖਾਂ ਦਾ ਸੂਚਕ ਹੈ। ਉਹ ਗਿਆਨ ਜੋ ਇੱਕ ਗਰੀਬ ਕਿਰਸਾਨ, ਮਜ਼ਦੂਰ ਤੇ ਕਾਮੇ ਦੇ ਘਰ ਦੀ ਆਰਥਿਕ ਤੰਗੀ ਦੇ ਕਾਰਣਾਂ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ ਆਖਦਾ ਹੈ ਤਾਂ ਉਹ ਇੱਕ ਬਹੁਤ ਵੱਡਾ ਛਲਾਵਾ ਹੈ। ਹਾਕਮ ਜਮਾਤ, ਅਮੀਰ, ਬਿਉਰੋਕ੍ਰੇਟਸ ਦੀਆਂ ਲੁਕਵੀਆਂ ਚਾਲਾਂ, ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ, ਤੇ ਲੁੱਟ ਖਸੁੱਟ ਤੇ ਪਰਦਾ ਪਾਉਂਦਾ ਹੈ। ਲੁਟੇਰਿਆਂ ਦੇ ਹੌਂਸਲੇ ਉਦੋਂ ਬੁਲੰਦ ਹੋ ਜਾਂਦੇ ਹਨ ਜਦੋਂ ਉਹਨਾਂ ਦੀ ਲੁਟ ਦੇ ਬਾਜ਼ਾਰ ਨੂੰ ਭਾਣਾ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ।

ਫ਼ਰਾਇਡ ਮਨੁੱਖੀ ਮਨ ਨੂੰ ਇਡ, ਈਗੋ ਤੇ ਸੁਪਰ ਈਗੋ ਵਿੱਚ ਵੇਖਦਾ ਹੈ। ਉਸਦਾ ਲਿਬਡੋ ਸਿਧਾਂਤ ਦਰਸਾਉਂਦਾ ਹੈ ਕਿ ਮਨੁੱਖ ਅੰਦਰ ਜੀਵਨ ਪ੍ਰਵਿਰਤੀ ਹੈ ਜੋ ਨੇਕੀ ਦਾ ਪ੍ਰਤੀਕ ਹੈ ਤੇ ਦੂਜੀ ਮੌਤ ਪ੍ਰਵਿਰਤੀ ਹੈ ਜਿਹੜੀ ਕਿ ਵਿਨਾਸ਼ਾਤਮਕ ਵੇਗ ਦਾ ਸੰਸਾਰ ਹੈ।

ਇਸ ਲਈ ਬੰਦਾ ਮਰਕੇ ਕਿਤੇ ਨਹੀਂ ਜਾਂਦਾ ਨਾ ਹੀ ਉਸਦੀ ਕੋਈ ਆਤਮਾ ਹੁੰਦੀ ਹੈ ਜੋ ਨਰਕ ਸੁਰਗ ਹੰਢਾਉਂਦੀ ਹੈ। ਬੇਜੋੜ ਵਿਆਹ ਸਭ ਤੋਂ ਵੱਡਾ ਨਰਕ ਹੈ ਜੋ ਦਿਨ ਰਾਤ ਇੱਕ ਦੂਜੇ ਨੂੰ ਹੀਣਭਾਵਨਾ ਵਿੱਚ ਜਿਉਣ ਲਈ ਮਜਬੂਰ ਕਰਦਾ ਹੈ। ਜਿਉਂਦਾ ਭੂਤ ਉਸ ਨਾਲ ਹਮਬਿਸਤਰ ਸੌਂਦਾ ਡਰਾਉਂਦਾ ਹੈ। ਜਲੀਲ ਕਰਦਾ ਹੈ। ਨਰਕ ਮੰਦੀ ਸੋਚ ਸਦਕਾ ਸਿਰਜਿਆ ਵਰਤਾਰਾ ਹੈ ਜੋ ਸੁਚੇਤ ਮਨ ਨੂੰ ਚੇਤਨ/ਅਣਚੇਤਨ ਦੁਖੀ ਕਰਦਾ ਹੈ। ਆਪਣੀ ਹੈਸੀਅਤ ਤੋਂ ਵੱਧ ਚੁੱਕਿਆ ਕਰਜ਼ਾ, ਸਿਆਣਪ ਨਰਕ ਰੂਪੀ ਜੀਵਨ ਜਿਉਣ ਲਈ ਮਜ਼ਬੂਰ ਕਰਦੇ ਹਨ। ਜਦੋਂ ਅਸੀਂ ਕਿਸੇ ਬਾਰੇ ਬੁਰਾ ਸੋਚਣ, ਹੰਕਾਰ, ਝੂਠੀ, ਸ਼ੁਹਰਤ ਲਈ ਰਾਤ ਭਰ ਸਕੀਮਾਂ ਘੜਦੇ ਨੀਂਦ ਨਹੀਂ ਸੌਂ ਸਕਦੇ ਮਾਨੋਂ ਨਰਕ ਭੋਗ ਰਹੇ ਹਾਂ। ਗਰੀਬੀ, ਬੀਮਾਰੀ, ਨਲਾਇਕ ਪੁਤ, ਧੀ, ਬੇਬਖਵਾਦੀ ਨਰਕ ਹੀ ਤਾਂ ਹੈ ਜੋ ਤੀਰ ਬਣ ਹਰ ਵੇਲੇ ਸੀਨੇ 'ਚ ਖੁਭਦੇ ਰਹਿੰਦੇ ਹਨ। ਧਰਮ ਤੇ ਰਾਜਨੀਤੀ ਦਾ ਛੜਯੰਤਰ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰਕੇ ਨਰਕ ਜਿਹੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕਰਦਾ ਹੈ।

ਸੁਚੱਜੀ ਰਾਜਨੀਤੀ ਸਵਰਗ ਹੈ। ਇਹੀ ਕਾਰਣ ਹੈ ਕਿ ਭਾਰਤ ਦੇ ਇੰਜਨੀਅਰ, ਡਾਕਟਰ, ਵਕੀਲ, ਅਫ਼ਸਰ ਵਿਦੇਸ਼ਾਂ ਵਿੱਚ ਡਰਾਇਵਰੀ ਵਰਗੇ ਸਖ਼ਤ ਕੰਮ ਕਰਕੇ ਵੀ ਖੁਸ਼ ਹਨ। ਕੰਮ ਦੀ ਕਦਰ ਹੁੰਦੀ ਹੈ, ਕਿਰਤ ਦਾ ਮੁਲ ਪੈਂਦਾ ਹੈ। ਪਰ ਭਾਰਤ ਵਿੱਚ ਧਨੀ ਅਨਪੜ੍ਹ ਬੁਧੂ ਧਨ ਤੇ ਰਾਜਨੀਤੀ ਸਹਾਰੇ ਪੜ੍ਹਿਆ, ਸਿਆਣਿਆਂ ਤੇ ਰਾਜ ਕਰਦਾ ਹੈ। ਡਾਕੂ, ਭਰਿਸ਼ਟ, ਚਲਾਕ, ਨੇਤਾਵਾਂ ਖਿਲਾਫ਼ ਸਾਡੀਆਂ ਅਦਾਲਤਾਂ ਵਿੱਚ ਕੇਸ ਭਰੇ ਪਏ ਹਨ। ਕਦੋਂ ਤੱਕ ?

ਸਵਰਗ ਮਨੁੱਖੀ ਮਨ ਦੀ ਸੁਹਿਰਦ ਅਵੱਸਥਾ ਹੈ। ਜੋ ਚੰਗੀ ਸੋਚ ਸਦਕਾ ਸਮਾਜ ਵਿੱਚ ਮਾਣ ਪ੍ਰਾਪਤ ਕਰਦੀ ਹੈ। ਘਰ ਵਿੱਚ ਏਕਤਾ ਰੱਖਦੀ ਹੈ, ਪਿਆਰ ਦੀ ਗੰਗਾ ਵਹਿ ਰਹੀ ਹੈ, ਬਸ ਇਹੋ ਹੀ ਤਾਂ ਸਵਰਗ ਹੈ। ਪਰਿਵਾਰ ਦੀ ਏਕਤਾ, ਇਕਸੁਰਤਾ, ਖੁਸ਼ਹਾਲੀ, ਘਰ ਦਾ ਪਿਆਰ, ਅਨੁਸ਼ਾਸ਼ਨ ਤੇ ਲੋਕ ਭਲਾਈ ਹੀ ਸਵਰਗ ਹੈ। ਫਿਰ ਬੰਦਾ ਮਰਨ ਉਪਰੰਤ ਕਿਤੇ ਨਹੀਂ ਜਾਂਦਾ। ਸਰੀਰ ਦੇ ਰਸਾਇਣ ਤੇ ਤੱਤ ਮਿੱਟੀ ਵਿੱਚ ਮਿਲਕੇ ਮਿੱਟੀ ਦਾ ਹੀ ਰੂਪ ਬਣ ਜਾਂਦੇ ਹਨ। ਸਰੀਰ ਦੀ ਚੰਗੀ ਸੰਭਾਲ ਦੇਰ ਤੱਕ ਜੀਅ ਸਕਦੀ ਹੈ। ਭੌਤਿਕ ਹੋਣ ਕਰਕੇ ਮਰਨ ਉਪਰੰਤ ਗਲਣ, ਸੜਨ, ਮੁਸਕਣ ਲੱਗਦੀ ਹੈ ਇਹ ਦੇਹ। ਕਈ ਵਾਰੀ ਕਈ ਰਸਾਇਣ ਲਾਕੇ ਮ੍ਰਿਤਕ ਦੇਹ ਨੂੰ ਦੇਰ ਤੱਕ ਸੰਭਾਲਿਆ ਵੀ ਜਾ ਸਕਦਾ ਹੈ। ਮਹਾਂ ਪੁਰਸ਼ਾਂ, ਵਿਗਿਆਨੀਆਂ ਦੀਆਂ ਮੰਮੀਜ਼ ਇਸ ਦੀਆਂ ਉਦਾਹਰਣਾਂ ਹਨ। ਮਿੱਟੀ ਨੇ ਆਖਰ ਮਿੱਟੀ ਵਿੱਚ ਹੀ ਰਲਣਾ ਸੀ। ਜੀਵਨ ਪ੍ਰਕਿਰਿਆ ਰੁਕਣ ਕਰਕੇ ਇਵੇਂ ਹੀ ਵਾਪਰਦਾ ਹੈ। ਪਿੱਤਰਾਂ ਨੂੰ ਭੋਜਨ, ਸ਼ਰਾਧ ਵਰਗੀਆਂ ਰੀਤਾਂ ਪੁਜਾਰੀ ਵਰਗ ਦਾ ਛੜਯੰਤਰ ਹੀ ਤਾਂ ਹੈ ਜੋ ਵਿਹਲੜ ਜਮਾਤ ਨੂੰ ਪਾਲਦਾ ਹੈ। ਸੋਚ ਨੂੰ ਨੇਕੀ ਦੇ ਰਾਹ ਤੇ ਸੁਚੱਜੇ ਕਾਰਜ ਲਈ ਤਿਆਰ ਰੱਖਣਾ ਚਾਹੀਦਾ ਹੈ। ਇਸ ਧਰਤ ਨੂੰ ਸਵਰਗ ਬਨਾਉਣ ਦਾ ਯਤਨ ਕਰੀਏ।

ਹੰਕਾਰ ਦੀ ਕੰਧ ਉਸਾਰੀ ਬੈਠੇ ਵੀਰੋ। ਧੌਲਰਾਂ ਦੇ ਭਾਰ ਥੱਲੇ ਦੱਬ ਕੇ ਨਾ ਮਰੋ। ਅਗਿਆਨ ਦੇ ਖੰਡਰਾਂ ਨੂੰ ਢਹਿ ਢੇਰੀ ਕਰਕੇ ਸੁਚੱਜੇ ਸਮਾਜ ਦੀ ਸਿਰਜਣਾ ਕਰੀਏ। ਪੂਜਾ ਦਾ ਧਾਨ ਖਾਣ ਵਾਲੇ ਵਿਹਲੜ ਛਾਤਰੋ, ਕਿਰਤੀ, ਕਿਸਾਨ ਤੇ ਕਾਮਿਆਂ ਦੀ ਹੱਡ ਭੰਨਣੀ ਮਿਹਨਤ ਨੂੰ ਚੰਬੜੀਓ ਜੋਕੋ, ਸਮਾਂ ਤੁਹਾਨੂੰ ਕਦੇ ਵੀ ਮੁਆਫ਼ ਨਹੀਂ ਕਰੇਗਾ। ਇਸ ਅੰਧ ਵਿਸ਼ਵਾਸ ਦੇ ਜੰਗਲ ਵਿੱਚ ਭਟਕਦੇ, ਭੁਲੇਖਿਆ ਦੀ ਖੱਡ ਵਿੱਚ ਡਿੱਗੇ ਲੋਕਾਂ ਨੂੰ ਕਰਮਾਂ ਦਾ ਫ਼ਲ, ਪੁਨਰ ਜਨਮ, ਨਰਕ ਤੇ ਸੁਰਗ ਜਿਹੇ ਸੰਕਲਪਾਂ 'ਚੋਂ ਸਮਾਜਵਾਦੀ ਚੇਤਨਾ ਹੀ ਕੱਢ ਸਕਦੀ ਹੈ। ਆਉ ਕੁਝ ਨਵਾਂ ਕਰਨ ਦਾ ਪ੍ਰਣ ਲਈਏ।


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

*70 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ ਬਣਾਉਣ ਵਾਲੇ ਨੂੰ**

*160 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ ਬਣਾਉਣ ਵਾਲੇ ਨੂੰ**

*340 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

*1000 ਰੁਪਏ ਮੁੱਲ ਦੀਆਂ ਕਿਤਾਬਾਂ*

*ਅਤੇ ਇੱਕ ਪ੍ਰਸ਼ੰਸਾ ਪੱਤਰ*

ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :

**ਅਮਿੱਤ ਮਿੱਤਰ**

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,

ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕਾਰ ਦੀ ਪੂਜਾ ਪਾਠ ਨਾਲੋਂ ਜ਼ਿਆਦਾ ਜ਼ਰੂਰੀ ਸੁਰੱਖਿਆ ਨਿਯਮ

**ਮੂਲ ਲੇਖਿਕਾ• ਪੂਨਮ ਅਹਿਮਦ•**

**ਅਨੁਵਾਦਕ : ਪਵਨ ਕੁਮਾਰ ਰੱਤੋਂ**



**ਜੇਕਰ ਤੁਸੀਂ ਇਹ ਸੋਚਦੇ ਹੋ ਕਿ ਪੂਜਾ ਪਾਠ ਨਾਲ ਤੁਹਾਡੀ ਨਵੀਂ ਕਾਰ ਦੀ ਉਮਰ ਵੱਧ ਜਾਵੇਗੀ, ਤਾਂ ਆਪਣੀ ਇਸ ਸੋਚ ਨੂੰ ਬਦਲ ਦਿਓ ਕੁੱਝ ਇਵੇਂ........।**

ਪ੍ਰੋਫੈਸਰ ਸੁਮਿਤਰਾ ਜੀ ਦੇ ਘਰ ਤਿਉਹਾਰ ਦਾ ਮਾਹੌਲ ਸੀ। ਤਿੰਨ ਮਹੀਨੇ ਪਹਿਲਾਂ ਬੁੱਕ ਕੀਤੀ ਗਈ ਨਵੀਂ ਔਡੀ ਅੱਜ ਘਰ ਆਉਣ ਵਾਲੀ ਸੀ। ਪਡੰਤ ਜੀ ਨੇ ਕਾਰ ਘਰ ਲਿਆਉਣ ਦਾ ਮਹੂਰਤ ਅੱਜ ਦਾ ਕੱਢਿਆ ਸੀ। ਉਨ੍ਹਾਂ ਦੇ ਪਤੀ ਡਾਕਟਰ ਚੰਦਰਭੂਸ਼ਨ ਨੇ, ਜਿਹੜੇ ਸ਼ਹਿਰ ਦੇ ਪ੍ਰਸਿੱਧ ਚਿਕਿਤਸਕ ਹਨ, ਅੱਜ ਆਪਣੇ ਨਰਸਿੰਗ ਹੋਮ ਜਾ ਕੇ ਜ਼ਰੂਰੀ ਔਪਰੇਸ਼ਨ ਕਰਨ ਦਾ ਕੰਮ ਵੀ ਕਿਸੇ ਹੋਰ ਨੂੰ ਦੇ ਦਿੱਤਾ ਸੀ, ਕਿਉਂਕਿ ਉਨ੍ਹਾਂ ਦਾ ਪੂਜਾ ਵਿੱਚ ਬੈਠਣਾ ਜ਼ਰੂਰੀ ਸੀ। ਮਯੰਕ ਜਿਹੜਾ ਐਮਡੀ ਕਰ ਰਿਹਾ ਸੀ, ਚਿਰਾਗ ਜੋ ਇੰਜਨੀਅਰ ਸੀ, ਅੱਜ ਛੁੱਟੀ ਉੱਤੇ ਸਨ। ਪੰਡਤ ਜੀ ਦੀ ਪੂਜਾ ਕਾਫ਼ੀ ਦੇਰ ਤੋਂ ਚੱਲ ਰਹੀ ਸੀ।

ਪੁੱਤਰ ਗੱਡੀ ਲੈ ਕੇ ਆਏ ਤਾਂ ਪੰਡਤ ਜੀ ਨੇ ਕਾਰ ਨੂੰ ਫੁੱਲਮਾਲਾ ਪਹਿਨਾਈ, ਘੁੰਮ-ਘੁੰਮ ਕੇ ਕਈ ਥਾਂ ਲਾਲ ਟਿੱਕਾ ਲਗਾਇਆ, ਹਰੇਕ ਪਹੀਏ ਉੱਤੇ ਪਾਣੀ ਛਿੜਕਿਆ, ਫੇਰ ਸੜਕ ਉੱਤੇ ਕਾਰ ਦੇ ਸਾਹਮਣੇ ਨਾਰੀਅਲ ਤੋੜਿਆ। ਕਈ ਮੰਤਰ ਪੜ੍ਹੇ ਜਿਹੜੇ ਕਿਸੇ ਨੂੰ ਸਮਝ ਨਹੀਂ ਆਏ। ਸਾਰਿਆਂ ਦੇ ਨਾਂ ਲੈ ਕੇ ਗੱਡੀ ਦੇ ਚਾਰੇ ਪਾਸੇ, ਘੁੰਮ-ਘੁੰਮ ਕੇ ਸ਼ਲੋਕ ਹੌਲੀ ਹੌਲੀ ਬੋਲੇ। ਉਸ ਦੇ ਬਾਅਦ ਸਭ ਨੇ ਉਨ੍ਹਾਂ ਦੇ ਪੈਰ ਛੂਹੇ।

**ਪ੍ਰਾਚੀਨ ਸੋਚ** : ਪੰਡਤ ਜੀ ਨੇ ਪਹਿਲਾਂ ਹੀ ਲੱਗਭੱਗ 50 ਲੱਖ ਦੀ ਔਡੀ ਦੇ ਹਿਸਾਬ ਨਾਲ 5 ਹਜ਼ਾਰ ਦਾ ਸ਼ੁੱਭਦਾਨ ਦਾ ਸੰਕੇਤ ਦੇ ਦਿੱਤਾ ਸੀ। ਗਰੀਬ ਮਰੀਜ਼ਾਂ ਦਾ ਵੀ ਖ਼ੂਨ ਚੂਸਣ ਵਾਲੇ ਡਾਕਟਰ ਚੰਦਰਭੂਸ਼ਣ ਨੂੰ ਕਿਸੇ ਪੰਡਤ ਨੂੰ ਕਾਰ ਪੂਜਾ ਦੇ ਲਈ ਏਨੀ ਦੱਛਨਾ ਦੇਣਾ ਕਿਧਰੇ ਤੋਂ ਵੀ ਗਲਤ ਨਹੀਂ ਲੱਗਦਾ।

ਪ੍ਰਸ਼ਨ ਇਹ ਉੱਠਦਾ ਹੈ ਕਿ ਇੱਕ ਤੋਂ ਇੱਕ ਪੜ੍ਹਿਆ ਲਿਖਿਆ ਪਰਿਵਾਰ ਵੀ ਨਵੀਨ ਤਕਨੀਕ ਦੀ ਕਾਰ ਖਰੀਦਣ ਉੱਤੇ ਪੂਜਾ ਪ੍ਰਾਚੀਨ ਜ਼ਮਾਨੇ ਦੀ ਕਿਉਂ ਕਰਦਾ ਹੈ? ਕੀ ਮੰਤਰ, ਜਾਪ, ਪੂਜਾਪਾਠ ਹੀ ਕਾਰ ਚਲਾਉਣ ਵਾਲੇ ਅਤੇ ਉਸ ਵਿੱਚ ਬੈਠਣ ਵਾਲੇ ਦੀ ਸੁਰੱਖਿਆ ਕਰਦੇ ਹਨ? ਜੇਕਰ ਕੋਈ ਸੀਟ ਬੈਲਟ ਨਹੀਂ ਬੰਨ੍ਹੇਗਾ, ਸੁਰੱਖਿਆ ਕਾਨੂੰਨ ਦਾ ਪਾਲਣ ਨਹੀਂ ਕਰੇਗਾ, ਸ਼ਰਾਬ ਪੀ ਕੇ ਗੱਡੀ ਚਲਾਏ, ਨਟਬੋਲਟ ਦੀ ਜਾਣਕਾਰੀ ਨਹੀਂ ਹੋਵੇਗੀ, ਉਸਨੂੰ ਪੰਡਤ ਜੀ ਦੇ ਇਹ ਮੰਤਰ ਬਚਾ ਲੈਣਗੇ? ਰੋਜ਼ਾਨਾ ਸੜਕਾਂ ਉਤੇ ਏਨੇ ਹਾਦਸੇ ਹੁੰਦੇ ਹਨ। ਦੇਖਦੇ-ਦੇਖਦੇ ਹੀ ਦੁਰਘਟਨਾ ਵਿੱਚ ਕਾਰਾਂ ਦਾ ਕਚੂਮਰ ਨਿੱਕਲ ਜਾਂਦਾ ਹੈ। ਉਨ੍ਹਾਂ ਕਾਰਾਂ ਦੀ ਵੀ ਤਾਂ ਪੂਜਾ ਕੀਤੀ ਗਈ ਹੁੰਦੀ ਹੈ, ਫੇਰ?

ਅਸੀਂ ਅਜੋਕੇ ਵਿਗਿਆਨ ਦੀਆਂ ਨਵੀਆਂ ਨਵੀਆਂ ਤਕਨੀਕਾਂ ਨੂੰ ਦੇਖ ਕੇ ਏਨੀਆਂ ਸਹੂਲਤਾਂ ਵਿੱਚ ਜਿਉਂਦੇ ਹੋਏ ਖੁਸ਼ ਹੁੰਦੇ ਹਾਂ ਪਰ ਮਾਨਸਿਕ ਰੂਪ ਤੋਂ ਅਸੀਂ ਸ਼ਾਇਦ ਪ੍ਰਾਚੀਨ ਯੁੱਗ ਵਿੱਚ ਹੀ ਹਾਂ, ਜਿੱਥੇ ਪੰਡਤਾਂ ਮੋਲਵੀਆਂ ਦੇ ਦੱਸੇ ਧਰਮਕਰਮ, ਦਾਨਦੱਛਨਾ ਆਦਿ ਸਾਡਾ ਪਿੱਛਾ ਨਹੀਂ ਛੱਡਦੇ ਜਾਂ ਇੰਜ ਕਹੋ ਅਸੀਂ ਹੀ ਇਹਨਾਂ ਨੂੰ ਛੱਡਣਾ ਨਹੀਂ ਚਾਹੁੰਦੇ।

ਕੀ ਕਾਰ ਖਰੀਦਣ ਉੱਤੇ ਕਾਰ ਵਿੱਚ ਬੈਠਣ ਵਾਲੇ ਲੋਕ ਇਹ ਸੋਚਦੇ ਹਨ ਕਿ ਉਨ੍ਹਾਂ ਨੇ ਤਾਂ ਕਾਰ ਦੀ ਪੂਜਾ ਕਰਵਾਈ ਹੋਈ ਹੈ, ਹੁਣ ਭਾਵੇਂ ਉਹ ਜਿਵੇਂ ਮਰਜ਼ੀ ਚਲਾਉਣ ਕੁਝ ਨਹੀਂ ਹੋਵੇਗਾ। ਨਹੀਂ ਫੇਰ? ਜਦ ਡਰਾਈਵਿੰਗ ਉੱਤੇ ਹੀ ਭਵਿੱਖ ਵਿੱਚ ਸੁਰੱਖਿਆ ਟਿਕੀ ਹੈ ਤਾਂ ਪੰਡਤਾਂ ਦੇ ਦੱਸੇ ਮਹੂਰਤ ਉੱਤੇ ਜਾਂ ਉਨ੍ਹਾਂ ਦੀ ਪੂਜਾ ਉੱਤੇ ਐਨਾ ਯਕੀਨ ਕਿਉਂ? ਅਸੀਂ ਕਿਉਂ ਇਨ੍ਹਾਂ ਗੱਲਾਂ ਤੋਂ ਬਾਹਰ ਨਹੀਂ ਆ ਪਾ ਰਹੇ?

**ਧਾਰਮਿਕ ਆਡੰਬਰ** : ਬੈਂਗਲੁਰ ਵਿੱਚ ਤਾਂ ਵੀਹੀਕਲ (ਸਵਾਰੀ, ਗੱਡੀ) ਗਣਪਤੀ ਮੰਦਰ ਹੈ, ਜਿੱਥੇ ਗੱਡੀ ਖਰੀਦਣ ਉੱਤੇ ਲੋਕ ਪਹਿਲਾਂ ਉੱਥੇ ਦਰਸ਼ਨ ਦੇ ਲਈ ਜਾਂਦੇ ਹਨ ਅਤੇ ਉਥੇ ਹਾਜ਼ਰ ਪੰਡਤਾਂ ਨੂੰ ਭਾਰੀ ਦੱਸਣਾ ਦਿੱਤੀ ਜਾਂਦੀ ਹੈ। ਇਹ ਕਿੱਥੇ ਜਾ ਰਹੇ ਹਾਂ ਅਸੀਂ? ਨਵੀਨ ਕਾਰ ਖਰੀਦਣ ਉੱਤੇ ਚਲਾਕ ਪੰਡਤਾਂ ਨੂੰ ਪੈਸੇ ਦੇ ਕੇ ਆਸ਼ੀਰਵਾਦ ਲੈਣ? ਇਹ ਕੀ ਮੂਰਖਤਾ ਹੈ? ਅਸੀਂ ਡਾਕਟਰ, ਇੰਜਨੀਅਰ, ਵਿਗਿਆਨਕ ਬਣ ਜਾਵਾਂਗੇ ਪਰ ਧਾਰਮਿਕ ਅੰਧਵਿਸ਼ਵਾਸ ਨਹੀਂ ਛੱਡ ਸਕਦੇ, ਕਿਉਂਕਿ ਉਨ੍ਹਾਂ ਦੀਆਂ ਜੜ੍ਹਾਂ ਤਾਂ ਸਾਡੇ ਅੰਦਰ ਐਨੀਆਂ ਡੂੰਘੀਆਂ ਬੈਠਾ ਦਿੱਤੀਆਂ ਗਈਆਂ ਹਨ ਕਿ ਅਸੀਂ ਇਨ੍ਹਾਂ ਤੋਂ ਮੁਕਤ ਹੋ ਹੀ ਨਹੀਂ ਪਾ ਰਹੇ। ਧਾਰਮਿਕ ਪਖੰਡਾਂ ਦੇ ਚੱਕਰ ਵਿੱਚ ਪੈ ਕੇ ਜਿਹੜੀ ਗਲਤੀ ਸਾਡੇ ਬਜ਼ੁਰਗਾਂ ਨੇ ਕੀਤੀ, ਅਸੀਂ ਵੀ ਏਨੇ ਆਧੁਨਿਕ ਪੜ੍ਹੇ ਲਿਖੇ ਹੋ ਕੇ ਉਸਨੂੰ ਦੋਹਰਾਂਦੇ ਚਲੇ ਜਾ ਰਹੇ ਹਾਂ ਅਤੇ ਇਹ ਸਿਰਫ਼ ਇੱਥੇ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਕਿਤੇ-ਕਿਤੇ ਦੇਖਣ ਨੂੰ ਮਿਲਦਾ ਹੈ। ਗਰੇਟ ਬ੍ਰਿਟੇਨ ਵਿੱਚ ਕਈ ਥਾਂ ਨਵੀ ਕਾਰ ਖਰੀਦਣ ਉੱਤੇ ਪਵਿੱਤਰ ਜਲ ਛਿੜਕਿਆ ਜਾਂਦਾ ਹੈ।

**ਪੰਡਤ ਦੀ ਪੌਂ ਬਾਰਾ** : ਮੁੰਬਈ ਦੀ ਇੱਕ ਮਲਟੀਨੈਸ਼ਨਲ ਕੰਪਨੀ ਦੀ ਐਕਸਪੋਰਟ ਮੈਨੇਜਰ ਨਿਧੀ ਰਸਤੋਗੀ ਦੱਸਦੀ ਹੈ, "5 ਸਾਲ ਪਹਿਲਾਂ ਵਿਆਹ ਹੁੰਦੇ ਸਾਰ ਅਸੀਂ ਨਵੀਂ ਕਾਰ ਖਰੀਦੀ ਸੀ। ਨਾ ਕਿਸੇ ਪੰਡਤ ਤੋਂ ਪੁੱਛਿਆ, ਨਾ ਦਾਨਦੱਛਨਾ ਦਿੱਤੀ, ਨਾ ਹੀ ਮਹੂਰਤ ਕੱਢਵਾਇਆ। ਅਸੀਂ ਦੋਵੇਂ ਆਰਾਮ ਨਾਲ ਚੁੱਪ ਚਾਪ ਗਏ ਅਤੇ ਨਵੀਂ ਕਾਰ ਲੈ ਕੇ ਘੁੰਮਦੇ, ਖਾਂਦੇ ਪੀਂਦੇ ਵਾਪਸ ਆ ਗਏ। ਹੁਣ 5 ਸਾਲ ਹੋ ਗਏ ਹਨ। ਤਿੰਨ ਸਾਲ ਦਾ ਇੱਕ ਪੁੱਤਰ ਵੀ ਹੈ। ਅੱਜ ਤੱਕ ਗੱਡੀ ਉੱਤੇ; ਇੱਕ ਝਰੀਟ ਤੱਕ ਨਹੀਂ ਆਈ ਹੈ। ਸੁਰੇਸ਼ ਯਾਨੀ ਮੇਰੇ ਪਤੀ ਬਹੁਤ ਸੇਫ਼ ਡਰਾਈਵਿੰਗ ਕਰਦੇ ਹਨ। ਜੇਕਰ ਕਾਰ ਲੈਣ ਤੋਂ ਪਹਿਲਾਂ ਦਿੱਲੀ ਵਿੱਚ ਬੈਠੇ ਅਸੀਂ ਆਪਣੇ ਬਜ਼ੁਰਗਾਂ ਤੋਂ ਸਲਾਹ ਲਈ ਹੁੰਦੀ ਤਾਂ ਪਤਾ ਨਹੀਂ ਕਿੰਨੇ ਰੁਪਏ ਪੰਡਤ ਦੀ ਜੇਬ ਵਿੱਚ ਚਲੇ ਗਏ ਹੁੰਦੇ, ਅਸੀਂ ਤਾਂ ਉਨ੍ਹਾਂ ਨੂੰ ਕਾਰ ਲੈਣ ਦੇ ਬਾਅਦ ਹੀ ਦੱਸਿਆ।"

**ਸੁਰੱਖਿਆ ਨਿਯਮ ਜ਼ਿਆਦਾ ਅਹਿਮ** : ਦੁਨੀਆਂ ਅੱਗੇ ਵੱਧ ਰਹੀ ਹੈ। ਰੋਜ ਨਵੀਆਂ ਖੋਜਾਂ ਹੋ ਰਹੀਆਂ ਹਨ। ਬੰਦਾ ਕਦੋਂ ਦਾ ਚੰਦ ਉੱਤੇ ਜਾ ਪੁੱਜਾ ਹੈ, ਨਵੀਂ ਤਕਨੀਕਾਂ ਉੱਤੇ ਅਸੀਂ ਰੋਜ਼ ਹੈਰਾਨ ਹੁੰਦੇ ਹਾਂ ਪਰ ਧਰਮਾਂਧਤਾ, ਅੰਨ੍ਹੀਸ਼ਰਧਾ, ਅੰਧਵਿਸ਼ਵਾਸ, ਪੰਡਤ, ਮੌਲਵੀਆਂ ਦੇ ਮਾਮਲੇ ਵਿੱਚ ਅਸੀਂ ਬੜੇ ਕਮਜ਼ੋਰ ਪੈ ਜਾਂਦੇ ਹਾਂ। ਆਪਣੀ ਸੋਚ ਦਾ ਘੇਰਾ ਵਧਾਓ। ਜੀਵਨ ਵਿੱਚ ਆਉਣ ਵਾਲੇ ਸੁੱਖ ਦੁੱਖ ਨੂੰ ਨਵੇਂ ਤਰਕਾਂ ਨਾਲ ਜੋੜੋ, ਪੰਡਤਾਂ ਦੇ ਦੱਸੇ ਸ਼ੁੱਭ ਅਸ਼ੁੱਭ ਨਾਲ ਨਹੀਂ। ਨਵੀਂ ਕਾਰ ਲੈਣ ਉੱਤੇ ਦੋਸਤਾਂ, ਪਰਿਵਾਰ ਦੇ ਨਾਲ ਉਸ ਦਾ ਆਨੰਦ ਉਠਾਓ। ਪੰਡਤਾਂ ਦੇ ਭਰਮਜਾਲ ਵਿੱਚ ਨਾ ਪਓ। ਤੁਹਾਡੀ ਸੁਰੱਖਿਆ ਤੁਹਾਡੇ ਆਪਣੇ ਹੱਥ ਵਿੱਚ ਹੈ, ਕਿਸੇ ਪੰਡਤ ਦੇ ਮੰਤਰ ਤੰਤਰ ਵਿੱਚ ਨਹੀਂ। ਸੁਰੱਖਿਆ ਨਿਯਮਾਂ ਦਾ ਧਿਆਨ ਰੱਖਦੇ ਹੋਏ ਆਪਣੇ ਨਵੇਂ ਸਫ਼ਰ ਦਾ ਆਨੰਦ ਲਵੋ।

# ਗਤੀ ਅਤੇ ਗਤੀ ਦੀਆਂ ਕਿਸਮਾਂ

ਸਰਜੀਤ ਤਲਵਾਰ



ਪਾਤਰ :
1. ਸੁਰੇਸ਼
2. ਪਿਤਾ
3. ਜੋਕਰ
4. ਟ੍ਰੈਫਿਕ ਪੁਲੀਸਮੈਨ

ਦ੍ਰਿਸ਼-1

ਪਿਤਾ ਕੁਰਸੀ ਤੇ ਬੈਠਾ ਆਪਣੇ ਪੁੱਤਰ ਨੂੰ ਟੀ. ਵੀ. ਵੇਖਦੇ ਹੋਏ ਭਾਂਪ ਰਿਹਾ ਹੈ।

ਪਿਤਾ : ਸੁਰੇਸ਼! ਕੀ ਹੋ ਰਿਹੈ ਇਹ? ਸਾਰਾ ਦਿਨ ਤੂੰ ਇਹ ਘਟੀਆ ਜਿਹੇ ਕਾਰਟੂਨ ਅਤੇ ਫ਼ਿਲਮਾਂ ਵੇਖਦਾ ਰਹਿਨੈਂ ਤੂੰ ਆਪਣਾ ਸਮਾਂ ਖਾਹ-ਮਖਾਹ ਬਰਬਾਦ ਕਿਉਂ ਕਰਦੈਂ? ਕੀ ਤੈਨੂੰ ਸਕੂਲ ਵਾਲਿਆਂ ਨੇ ਘਰੇਂ ਕਰਨ ਲਈ ਕੋਈ ਕੰਮ ਨਹੀਂ ਦਿੱਤਾ? ਵਾਹ ਉਏ!

ਸੁਰੇਸ਼ : ਡੈਡੀ ਮੇਰੇ ਨਾਲ ਐਵੇ ਹੀ ਇਸਤਰ੍ਹਾਂ ਗੁੱਸੇ ਨਾ ਹੋਵੋ, ਮੈਂ ਅੱਜ ਹੀ ਤਾਂ ਆਪਣੇ ਮਹੀਨਾਵਾਰੀ ਟੈਸਟ ਖ਼ਤਮ ਕੀਤੇ ਹਨ। ਮੈਨੂੰ ਹੁਣ ਥੋੜਾ ਜਿਹਾ ਸਾਹ ਲੈਣ ਦੇਵੋ।

ਡੈਡੀ : ਤੂੰ ਆਪਣੇ ਅਧਿਆਪਕਾਂ ਵੱਲੋਂ ਟੈਸਟਾਂ ਤੋਂ ਪਿੱਛੋਂ ਦੇ ਪਾਠ ਕਿਉਂ ਨਹੀਂ ਯਾਦ ਕਰਦਾ ਅਤੇ ਅੱਗੇ ਨੂੰ ਹੋਣ ਵਾਲੇ ਟੈਸਟਾਂ ਵਾਸਤੇ ਤਿਆਰੀ ਕਿਉਂ ਨਹੀਂ ਕਰਦਾ?

ਸੁਰੇਸ਼ : ਡੈਡੀ ਰੱਬ ਕਰਕੇ ਮੈਨੂੰ ਬਖਸ਼ੋ! ਅਗਲੇ ਟੈਸਟਾਂ ਵਾਸਤੇ ਤਾਂ ਹਾਲਾਂ ਬਹੁਤ ਸਮਾਂ ਪਿਆ ਹੈ। ਹਾਂ ਸੱਚ, ਅੱਜ ਮੈਨੂੰ ਮੇਰੇ ਅਧਿਆਪਕ ਨੇ ਸਾਨੂੰ ਗਤੀ ਅਤੇ ਗਤੀ ਦੀਆਂ ਕਿਸਮਾਂ ਬਾਰੇ ਪੜ੍ਹਾਇਆ ਸੀ। ਕਿੰਨਾ ਬੋਰ ਕਰਨ ਵਾਲਾ ਸੀ ਇਹ ਮੈਂ ਤਾਂ ਇਹ ਪੜ੍ਹਨਾ ਹੀ ਨਹੀਂ ਚਾਹੁੰਦਾ। ਮੇਹਰਬਾਨੀ ਕਰਕੇ ਮੈਨੂੰ ਇਕੱਲਾ ਹੀ ਛੱਡ ਦੇਵੋ ਅਤੇ ਮੈਨੂੰ ਮੌਜਾਂ ਲੁੱਟਣ ਦੇਵੋ।

ਡੈਡੀ : ਓ. ਕੇ. ਠੀਕ ਐ, ਹੁਣ ਮੈਂ ਤੈਨੂੰ ਇੱਕ ਡਰਾਮਾ ਸ਼ੋਅ ਵਿਖਾਉਣ ਲੈ ਕੇ ਜਾਂਦਾ ਹਾਂ। ਤੂੰ ਉਸਦਾ ਆਨੰਦ ਮਾਣ ਸਕਦਾ ਹੈ, ਇਹ ਤੇਰੇ ਕਾਰਟੂਨਾਂ ਤੇ ਨੈਟਕਵਰਕ ਵਰਗਾ ਹੀ ਹੋਵੇਗਾ।

ਸੁਰੇਸ਼ : ਠੀਕ ਐ ਡੈਡੀ! ਡਰਾਮਾ ਇਹ ਤਾਂ ਇੱਕ ਬਹੁਤ ਹੀ ਵਧੀਆ ਮਨੋਰੰਜਨ ਹੋਵੇਗਾ।

ਉਹ ਦੋਵੇ ਡਰਾਮਾ ਵੇਖਣ ਜਾਂਦੇ ਹਨ, ਆਪਣੀਆਂ ਸੀਟਾਂ ਤੇ ਬੈਠ ਜਾਂਦੇ ਹਨ ਅਤੇ ਡਰਾਮਾ ਵੇਖਦੇ ਹਨ। ਇਹ ਸ਼ੋਅ ਇੱਕ ਜ਼ੋਕਰ ਦੇ ਨਾਲ ਆਰੰਭ ਹੁੰਦਾ ਹੈ ਜਿਹੜਾ ਮੰਚ ਤੇ ਟਪੂਸੀਆਂ ਮਾਰਦਾ ਫਿਰਦਾ ਹੈ।

ਜ਼ੋਕਰ : ਸਾਰਿਆਂ ਨੂੰ ਬਹੁਤ ਹੀ ਪਿਆਰ ਭਰੀ ਸੰਧਿਆ। ਮੇਰਾ ਅਰਥ ਹੈ ਸ਼ਾਮ। ਤੁਹਾਡਾ ਸਾਰਿਆਂ ਦਾ ਇਸ ਸ਼ੋਅ ਵਿੱਚ ਪਧਾਰਨ ਦੇ ਲਈ ਬਹੁਤ ਹੀ ਧੰਨਵਾਦ, ਜੀ ਆਇਆ, ਸਵਾਗਤ ਤੇ ਨਮਸ਼ਕਾਰ। ਮੈਂ ਤਾਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿੰਨਾ ਖੁਸ਼.....

ਅਚਾਨਕ ਹੀ ਇੱਕ ਕਾਰ ਘੂੰ-ਘੂੰ ਕਰਦੀ ਮੰਚ ਤੇ ਆਉਂਦੀ ਹੈ ਅਤੇ ਉਸਨੂੰ ਪ੍ਰੇਸ਼ਾਨ ਕਰਦੀ ਹੈ। ਉਹ ਉਸ ਵੱਲੀ ਵੇਖਦਾ ਹੈ ਅਤੇ ਫੇਰ ਦਰਸ਼ਕਾਂ ਸਰੋਤਿਆਂ ਵੱਲੀਂ ਦੋ ਤਿੰਨ ਵਾਰੀ, ਉਹ ਮੁੜ ਬੋਲਣ ਦੀ ਕੋਸ਼ਿਸ਼ ਕਰਦਾ ਹੈ।

ਜ਼ੋਕਰ : ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਿੰਨਾ ਖੁਸ਼ ਹਾਂ। (ਫਿਰ ਉਹੀ ਤੇਜ ਰਫ਼ਤਾਰ ਕਾਰ ਆਉਂਦੀ ਹੈ ਅਤੇ ਉਸਦੀ ਗੱਲ ਵਿੱਚ ਵਿਘਨ ਪਾਉਂਦੀ ਹੈ। ਜ਼ੋਕਰ ਕਾਰ ਦੀਆਂ ਹਰਕਤਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਦਾ ਹੈ, ਫੇਰ ਕੁਝ ਚਿਰ ਪਿੱਛੋਂ ਉਹ ਆਖਦਾ ਹੈ।)

ਹੈਂ, ਤੈਨੂੰ ਕੀ ਹੋ ਗਿਆ? ਤੂੰ ਸਾਨੂੰ ਪ੍ਰੇਸ਼ਾਨ ਕਰ ਰਹੀ ਏਂ ਕੀ ਇਹ ਦੋਸਤ ਨਹੀਂ ਹਨ- ਮੈਂ ਤਾਂ ਤੁਹਾਡੇ ਸਾਰਿਆਂ ਨਾਲ ਗੱਲ ਕਰਨ ਵਾਲਾ ਹਾਂ ਹੈ, ਇਹ ਤਾਂ ਫੇਰ ਆ ਵੜੀ (ਹੁਣ ਕਾਰ......)

ਜ਼ੋਕਰ : ਮੈਨੂੰ ਲੱਗਦਾ ਹੈ ਕਿ ਇਹ ਕਾਰ ਸਾਡੇ ਨਾਲ ਕੋਈ ਗੱਲ ਕਰਨੀ ਚਾਹੁੰਦੀ ਹੈ। (ਕਾਰ ਵੱਲੀ ਵੇਖਕੇ) ਉਹ ਕੀ ਸੀ।? ਤੂੰ ਇਹ ਕਹਿਣਾ ਚਾਹੁੰਦੀ ਐ ਕਿ ਤੂੰ ਗਤੀ ਵਿੱਚ ਸੀ। (ਕਾਰ ਹਾਂ ਆਖਦੀ ਹੈ ਤੇ ਫੇਰ ਘੂੰ-ਘੂੰ ਕਰਦੀ ਹੈ)

ਜ਼ੋਕਰ : ਕੀ ਤੂੰ ਉਨ੍ਹਾਂ ਬੱਚਿਆਂ ਨੂੰ ਸੁਣ ਰਹੀ ਏਂ, ਇਹ ਕਾਰ ਆਖਦੀ ਹੈ ਕਿ ਉਹ ਗਤੀ ਵਿੱਚ ਹੈ। ਹੁਣ ਆਪਣਾ ਸਿਰ ਖੁਰਕਦਾ ਹੈ ਮੈਂ ਵੇਖਾਂ ਕਿ ਮੈਂ ਇਸਨੂੰ ਵਧੀਆ ਢੰਗ ਨਾਲ ਕਿਵੇਂ ਸਮਝਾ ਸਕਦਾ ਹਾਂ- ਇੱਕ ਵਸਤੂ ਨੂੰ ਗਤੀਸ਼ੀਲ ਉਸ ਸਮੇਂ ਆਖਿਆ ਜਾਂਦਾ ਹੈ ਜਦੋਂ ਸਮੇਂ ਸਮੇਂ ਉਸਦੀ ਸਥਿਤੀ ਬਦਲਦੀ ਰਹਿੰਦੀ ਹੈ। (ਕਾਰ ਫੇਰ ਘੂੰ-ਘੂੰ ਕਰਦੀ ਹੈ ਅਤੇ ਮੰਚ ਤੋਂ ਅਲੋਪ ਹੋ ਜਾਂਦੀ ਹੈ)

ਜ਼ੋਕਰ : ਹੁਣ ਗੱਲ ਏਥੇ ਆਕੇ ਖੜ੍ਹੀ ਹੋ ਗਈ ਕਿ ਕੀ ਤੁਸੀਂ ਜਾਣਦੇ ਹੋ ਕਿ ਵਸਤੂਆਂ ਵਖੋ-ਵੱਖਰੀਆਂ ਵਿਧੀਆਂ ਰਾਹੀ ਗਤੀ ਕਰਦੀਆਂ ਹਨ ਅਤੇ ਉਨ੍ਹਾਂ ਗਤੀਆਂ ਨੂੰ ਕਈ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ (ਦੋਬਾਰਾ ਫਿਰ ਕਾਰ ਹੌਲੀ ਹੌਲੀ ਖਿਸਕਦੀ ਪ੍ਰਵੇਸ਼ ਕਰਦੀ ਹੈ)

ਜ਼ੋਕਰ : ਲਉ ਹੁਣ ਵੀ ਤੁਸੀਂ ਇਸ ਕਾਰ ਨੂੰ ਵੇਖੋ? ਇਹ ਵੀ ਇੱਕ ਸਿੱਧੀ ਦਿਸ਼ਾ ਵਿੱਚ ਚੱਲ ਰਹੀ ਐ। ਇਸਦਾ ਕੀ ਮਤਲਬ ਹੈ? ਇਹ ਕਿ ਇਸਦੇ ਸਾਰੇ ਹਿੱਸੇ ਇੱਕੋ ਸਮੇਂ ਇੱਕੋ ਜਿਹੀ ਦੂਰੀ ਪਾਰ ਕਰ ਰਹੇ ਹਨ।

ਸੂਤਰਧਾਰ : ਅਚਨਚੇਤ ਇੱਕ ਪੁਲਿਸ ਦਾ ਸਿਪਾਹੀ ਮੰਚ ਤੇ ਪ੍ਰਵੇਸ਼ ਕਰਦਾ ਹੈ। ਜ਼ੋਕਰ ਉਸਦੇ ਨੇੜੇ ਜਾਂਦਾ ਹੈ, ਉਸਨੂੰ ਕਦੇ ਹੇਠਾਂ ਤੇ ਕਦੇ ਉਪਰ ਕਈ ਵਾਰ ਵੇਖਦਾ ਹੈ।

ਸਿਪਾਹੀ : ਤੂੰ ਮੈਨੂੰ ਇਉਂ ਕਿਵੇਂ ਵੇਖ ਰਿਹਾ ਏ?

ਜ਼ੋਕਰ : ਇਹ ਤੇਰੇ ਹੱਥ ਵਿੱਚ ਕੀ ਫੜਿਆ ਹੋਇਐ?

ਸਿਪਾਹੀ : ਇਹ ਬੰਦੂਕ ਐ, ਗੋਲੀ ਮਾਰਨ ਦੇ ਲਈ

ਜ਼ੋਕਰ ਮੰਚ ਤੇ ਕਾਹਲੀ ਨਾਲ ਏਧਰ-ਔਧਰ ਡਰਕੇ ਟਪੂਸੀਆਂ ਮਾਰਦਾ ਹੈ।

ਜ਼ੋਕਰ : ਹੇਂ ਤੂੰ ਮੈਨੂੰ ਮਾਰਨ ਆਇਆ ਐਂ? ਯਾਰ! ਮੈਨੂੰ ਬਖ਼ਸ਼ ਦੇ! ਮੈਂ ਤੇਰਾ ਕੀ ਮਾੜਾ ਕੀਤੈ?

ਜ਼ੋਕਰ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਸਿਪਾਹੀ ਖੁੱਲ੍ਹਕੇ ਹੱਸਦਾ ਹੈ।

ਸਿਪਾਹੀ : ਨਹੀਂ ਉਏ। ਮੂਰਖਾ ਇਹ ਤਾਂ ਸਾਡੀ ਡਿਊਟੀ ਐ। ਅਸੀਂ ਲੋਕਾਂ ਨੂੰ ਸੁਰੱਖਿਆ ਦੇਣੀ ਹੁੰਦੀ ਐ, ਤਾਂ ਹੀ ਤਾਂ ਅਸੀਂ

ਇਹ ਬੰਦੂਕ ਚੁੱਕੀ ਫਿਰਦੇ ਹਾਂ।

ਜ਼ੋਕਰ : ਇੱਕ ਗੱਲ ਪੁੱਛਾ, ਜੇ ਸੱਚ ਦੱਸੇਂਗਾ ਤਾਂ?

ਸਿਪਾਹੀ : ਹਾਂ, ਪੁੱਛ

ਜ਼ੋਕਰ : ਕੀ ਤੇਰੀ ਬੰਦੂਕ ਵਿੱਚ ਸੱਚੀ-ਮੁੱਚੀ ਦੀਆਂ ਗੋਲੀਆਂ ਹਨ?

ਸਿਪਾਹੀ : ਹੈ ਤੈਨੂੰ ਕੋਈ ਸ਼ੱਕ ਐ? ਮੈਂ ਬਿਨਾਂ ਗੋਲੀਆਂ ਦੇ ਬੰਦੂਕ ਸਿਰ 'ਚ ਮਾਰਨੀ ਐਂ। ਹਾਂ, ਮੈਂ ਥੋਨੂੰ ਗਤੀ ਬਾਰੇ ਗੱਲਾਂ ਕਰਦੇ ਸੁਣਿਆ ਸੀ। ਤੁਸੀਂ ਗਤੀ ਦੀਆਂ ਕਈ ਕਿਸਮਾਂ ਬਾਰੇ ਗੱਲਾਂ ਕਰ ਰਹੇ ਸੀ।

ਜ਼ੋਕਰ : ਹਾਂ, ਹਾਂ, ਕੀ ਤੁਸੀਂ ਹੋਰ ਵੱਧ ਗਤੀ ਬਾਰੇ ਸਮਝਾ ਸਕਦੇ ਹੋ?

ਸਿਪਾਹੀ : ਹਾਂ, ਕਿਉਂ ਨਹੀਂ। ਤੁਸੀਂ ਜਾਣਦੇ ਹੋਵੋਂਗੇ ਕਿ ਬੰਦੂਕ ਵਿੱਚੋਂ ਚਲਾਈ ਗੋਲੀ ਸਿੱਧੀ ਰੇਖਾ ਵਿੱਚ ਗਤੀ ਕਰਦੀ ਹੈ-ਤੁਸੀਂ ਇਸ ਨੂੰ ਆਖੋਗੇ ਲਾਈਨੀਅਰ ਮੋਸ਼ਨ। ਇਹ ਇੱਕ ਕਿਸਮ ਦੀ ਟਰਾਂਜਲੇਟਰੀ ਗਤੀ ਹੁੰਦੀ ਹੈ (ਸਰੋਤਿਆਂ ਵੱਲੀਂ ਵੇਖਦੇ ਹੋਏ) ਬੱਚਿਓ! ਮੈਨੂੰ ਯਕੀਨ ਹੈ ਕਿ ਤੁਸੀਂ ਹੋਰ ਉਦਾਹਰਣਾਂ ਵੀ ਸੋਚ ਸਕਦੇ ਹੋ। (ਪਿੱਠ ਭੂਮੀ ਵਿੱਚ ਟ੍ਰੈਫਿਕ ਦੀਆਂ ਬਹੁਤ ਸਾਰੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ) ਹੁਣ ਮੈਨੂੰ ਟ੍ਰੈਫਿਕ ਦੀ ਆਪਣੀ ਡਿਊਟੀ 'ਤੇ ਜਾਣਾ ਚਾਹੀਦਾ ਹੈ। (ਸਿਪਾਹੀ ਮੰਚ ਤੋਂ ਚਲਾ ਜਾਂਦਾ ਹੈ।)

ਇੱਕ ਬੱਚਾ ਰੱਸੀ ਨਾਲ ਬੰਨ੍ਹੇ ਹੋਏ ਇੱਕ ਪੱਥਰ ਨੂੰ ਘੁੰਮਾਉਂਦਾ ਹੋਇਆ ਮੰਚ ਤੇ ਗਾਉਂਦੇ ਹੋਏ ਪ੍ਰਵੇਸ਼ ਕਰਦਾ ਹੈ।

ਜ਼ੋਕਰ : ਹੈਲੋ, ਮੈਨੂੰ ਫੜਾਈ ਇਹ, ਮੈਂ ਵੀ ਇਸ ਨਾਲ ਖੇਡ ਲਵਾਂ।

ਬੱਚਾ : (ਰੁੱਖਾ ਜਿਹਾ ਜਵਾਬ ਦਿੰਦਾ ਐ) ਨਹੀਂ

ਜ਼ੋਕਰ : ਦੋਸਤ ਮੈਨੂੰ ਫੜਾ ਤਾਂ ਸਹੀ ਮੈਂ ਤੈਨੂੰ ਇਸ ਨਾਲ ਖੇਡਣ ਦਾ ਨਵਾਂ ਤਰੀਕਾ ਸਿਖਾਵਾਂਗਾ-ਠੀਕ ਐ! ਇੰਝ ਆਖਕੇ ਉਹ ਉਸ ਕੋਲੋਂ ਖੋਹ ਲੈਂਦਾ ਹੈ ਅਤੇ ਦਰਸ਼ਕਾਂ ਵੱਲੀਂ ਪੂਰੇ ਜ਼ੋਰ ਨਾਲ ਘੁੰਮਾਉਂਦਾ ਹੈ।

ਮੇਰੇ ਦੋਸਤੋ। ਇਹ ਚੱਕਰਦਾਰ ਗਤੀ ਵਿੱਚ ਹੈ? ਹੈਂ ਉਹ ਕੀ ਹੁੰਦੀ ਹੈ? ਜਦੋਂ ਕੋਈ ਵਸਤੂ ਚਾਪਦਰ ਰਸਤੇ ਤੇ ਚੱਲ ਰਹੀ ਹੁੰਦੀ ਹੈ-ਤਾਂ ਆਖਦੇ ਹਨ ਕਿ ਉਹ ਚੱਕਰਦਾਰ ਗਤੀ ਵਿੱਚ ਜਾਂ ਕਾਵੀਲਾਈਨੀਅਰ ਮੋਸ਼ਨ-ਸਮਝ ਗਿਆ, ਇਹ ਵੀ ਇੱਕ ਹੋਰ ਟਰਾਂਜਲੇਟਰੀ ਗਤੀ ਹੀ ਹੈ।

ਲੜਕਾ : ਮੇਰਾ ਖਿਡੌਣਾ ਮੈਨੂੰ ਵਾਪਸ ਕਰਦੇ (ਲੜਕਾ ਆਪਣੇ ਆਪ ਨੂੰ) ਬਹੁਤ ਗਰਮੀ ਹੈ, ਮੈਨੂੰ ਅੰਦਰ ਜਾਕੇ ਪੱਖੇ ਹੇਠਾਂ ਬੈਠ ਜਾਣਾ ਚਾਹੀਦਾ ਐ (ਉਹ ਮੰਚ ਤੇ ਚਲਾ ਜਾਂਦਾ ਹੈ, ਦੂਜੇ ਪਾਸੇ ਦੀ ਮੰਚ ਤੇ ਆਕੇ ਪੱਖੇ ਦੀ ਸਵਿੱਚ ਔਨ ਕਰ ਦਿੰਦਾ ਹੈ। ਪੱਖੇ ਦੀ ਠੰਢੀ-ਠਾਰ ਹਵਾ ਆਉਂਦੀ ਹੈ ਅਤੇ ਉਹ ਆਰਾਮ ਕਰਦਾ ਹੈ)

ਜ਼ੋਕਰ : ਕਿੰਨਾ ਚੰਗਾ ਲੱਗਦੈ-ਪਰ ਇੱਕ ਗੱਲ ਦੱਸਾਂ-ਮੈਨੂੰ ਇਸ ਗਤੀ ਬਾਰੇ ਵੀ ਦੱਸ ਦੇਣਾ ਚਾਹੀਦਾ ਹੈ-ਪੱਖੇ ਦੇ ਬਲੇਡ ਘੁਮਾਈਦਰ ਗਤੀ ਵਿੱਚ ਹਨ-ਇਸਨੂੰ ਰੋਟੇਟਰੀ ਗਤੀ ਆਖਦੇ ਹਨ। ਅਚਾਨਕ ਕੰਮ ਵਾਲੇ ਕਲੌਕ ਦੀ ਆਵਾਜ਼ ਸੁਣਾਈ ਦਿੰਦੀ ਹੈ। ਹੁਣ ਮੇਰੇ ਘਰ ਜਾਣ ਦਾ ਸਮਾਂ ਹੋ ਗਿਆ-ਪਰ ਜਾਣ ਤੋਂ ਪਹਿਲਾਂ ਮੈਂ ਤੁਹਾਨੂੰ ਇੱਕ ਗੱਲ ਦੱਸ ਦੇਵਾਂ- ਪੈਂਡੂਲਮ ਦੀ ਗਤੀ ਨੂੰ ਔਸੀਲੇਟਰੀ ਗਤੀ ਆਖਦੇ ਹਨ। ਕਿਸੇ ਵਸਤੂ ਦੀ ਅੱਗੇ ਪਿੱਛੇ ਦੀ ਗਤੀ-ਉਸਦੀ ਖੜੋਤ ਲਈ ਅਵਸਥਾ ਦੇ ਸੰਬੰਧ ਵਿੱਚ ਐਸੀਲੇਟਰ ਗਤੀ ਅਖਵਾਉਂਦੀ ਹੈ। (ਜਦੋਂ ਉਹ ਜਾਣ ਲੱਗਦਾ ਹੈ, ਇੱਕ ਲੜਕਾ ਗਿਟਾਰ ਵਜਾਉਂਦਾ ਹੋਇਆ ਮੰਚ ਤੇ ਆਉਂਦਾ ਹੈ।)

ਜ਼ੋਕਰ : ਤੈਨੂੰ ਪਤੈ ਇਹ ਕੀ ਐ?

ਲੜਕਾ : ਕਿਉਂ ਨਹੀਂ-ਇਹ ਇੱਕ ਗਿਟਾਰ ਹੈ, ਕੀ ਤੈਨੂੰ ਵਿਖਾਈ ਨਹੀਂ ਦਿੰਦਾ ਮੈਂ ਇਸਨੂੰ ਕਿੰਨਾ ਸੋਹਣਾ ਵਜਾ ਰਿਹਾ ਹਾਂ (ਉਹ ਫੇਰ ਪੂਰੀ ਉੱਚੀ ਵਜਾਉਂਦਾ ਹੈ-ਹਾਂ ਇਹ ਬੇਸ਼ੱਕ ਗਿਟਾਰ ਹੈ)

ਜ਼ੋਕਰ : ਕੀ ਤੈਨੂੰ ਪਤਾ ਹੈ ਇਹ ਆਵਾਜ਼ ਕਿਵੇਂ ਪੈਦਾ ਕਰਦਾ ਐ?

ਲੜਕਾ : ਇਸਦੇ ਇੱਕ ਤਾਰ ਲੱਗੀ ਹੋਈ ਐ-ਵੇਖ ਜਦੋਂ ਮੈਂ ਇਸ ਤਰ੍ਹਾਂ ਕਰਦਾ ਹਾਂ।

ਜ਼ੋਕਰ : ਠੀਕ ਐ, ਮੈਂ ਸਹੀ ਢੰਗ ਨਾਲ ਸਮਝਾਉਂਦਾ ਹਾਂ-ਜਦੋਂ ਤੂੰ ਤਾਰ ਨੂੰ ਫੜਦਾ ਏ; ਇਹ ਬਹੁਤ ਤੇਜ਼ੀ ਨਾਲ ਅੱਗੇ-ਪਿੱਛੇ ਕੰਬਦੀ ਹੈ-ਇਸ ਗਤੀ ਨੂੰ ਕੰਬਨ ਆਖਦੇ ਹਨ।

ਲੜਕਾ : ਹੁਣ ਮੈਨੂੰ ਮੇਰਾ ਗਾਣਾ ਪੂਰਾ ਕਰ ਲੈਣ ਦੇ-ਸੁਣ -ਲਾ-ਲਾ-ਲਾ

ਜ਼ੋਕਰ : ਠੀਕ ਐ, ਠੀਕ ਐ, ਜੇ ਤੇਰੇ ਮਾਤਾ-ਪਿਤਾ ਤੇਰੇ ਤੇ ਗੁੱਸੇ ਹੋਏ ਤਾਂ ਮੈਨੂੰ ਦੋਸ਼ ਨਾ ਦੇਵੀਂ? ਤੂੰ ਘਰੇ ਜਾਂਦਾ-ਜਾਂਦਾ ਲੇਟ ਹੋ ਜਾਏਂਗਾ। ਵੇਖ ਤਾਂ ਸਹੀ ਕਿੰਨਾ ਹਨੇਰਾ ਹੋ ਗਿਆ ਏ।

ਲੜਕਾ : ਹਾਂ ਐਨਾ ਹਨੇਰਾ

ਜ਼ੋਕਰ : ਤੈਨੂੰ ਪਤੈ-ਰਾਤ ਕਿਵੇਂ ਪੈਂਦੀ ਐ?

ਲੜਕਾ : ਮੈਨੂੰ ਇਸ ਦੀ ਕੋਈ ਪ੍ਰਵਾਹ ਨਹੀਂ-ਮੈਂ ਜਾਣਾ ਹੈ-ਹਾਲੇ ਇਹ ਤਾਂ ਮੈਂ ਆਪਣੀ ਵਿਗਿਆਨ ਦੀ ਕਿਤਾਬ ਵਿੱਚ ਪੜ੍ਹਦਾ ਹਾਂ, ਮੈਂ ਇਸ ਬਾਰੇ ਜਾਣ ਜਾਵਾਂਗਾ। (ਉਹ ਬਾਹਰ ਜਾਣ ਲੱਗਦਾ ਹੈ।)

ਜ਼ੋਕਰ : ਰੁਕ ਤਾਂ ਜਾਹ। ਤੈਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਧਰਤੀ ਸੂਰਜ ਦੇ ਦੁਆਲੇ ਕਿਵੇਂ ਗਤੀ ਕਰਦੀ ਹੈ? ਇਹੋ ਜਿਹੀ ਗਤੀ ਜਿਹੜੀ ਖਾਸ ਸਮੇਂ ਬਾਦ ਦੁਹਰਾਈ ਜਾਂਦੀ ਹੋਵੇ, ਉਸ ਨੂੰ ਗਤੀ ਆਖਦੇ ਹਨ। ਮੈਨੂੰ ਲੱਗਦੈ ਕਿ ਮੈਂ ਵਾਧੂ ਸੂਚਨਾ ਦੇਈ ਜਾਂਦਾ ਹਾਂ। ਗਤੀ ਬਾਰੇ ਅਤੇ ਗਤੀ ਦੀਆਂ ਕਿਸਮਾਂ ਬਾਰੇ। ਕੀ ਇਹ ਠੀਕ ਨਹੀਂ! ਪਰ ਮੈਂ ਸੋਚਦਾ ਹਾਂ ਕਿ ਤੂੰ ਮਜਾ ਲਿਆ ਹੋਵੇਗਾ-ਬਾਏ-ਬਾਏ

**ਤਾੜੀਆਂ ਪੈਣ ਦੀ ਆਵਾਜ਼**

ਸੁਰੇਸ਼ : ਇਹ ਨਾਟਕ ਤਾਂ ਬਹੁਤ ਹੀ ਦਿਲਚਸਪ ਹੈ-ਇਸ ਵਿੱਚੋਂ ਸਿੱਖਣ ਲਈ ਵੀ ਬਹੁਤ ਕੁਝ ਮਿਲਦਾ ਹੈ-ਚੰਗਾ ਹੋਇਆ ਤੁਸੀਂ ਮੈਨੂੰ ਏਥੇ ਲੈ ਆਏ।

ਡੈਡੀ : ਮੈਨੂੰ ਪਤਾ ਸੀ ਕਿ ਤੂੰ ਇਸਦਾ ਆਨੰਦ ਮਾਣੇਂਗਾ। ਇਸ ਤਰ੍ਹਾਂ ਸਿੱਖਣਾ ਰੌਚਕ ਹੁੰਦਾ ਹੈ।

ਸੁਰੇਸ਼ : ਹਾਂ, ਡੈਡੀ, ਮੈਨੂੰ ਹੁਣ ਗਤੀ ਬਾਰੇ ਕਾਫੀ ਪਤਾ ਲੱਗ ਗਿਆ ਹੈ। ਡੈਡ, ਤੁਹਾਡਾ ਬਹੁਤ ਧੰਨਵਾਦ। -੦-

## ਬੁੱਧ ਨੇ ਕਿਹਾ ਸੀ

ਇਸ ਲਈ ਬੁੱਧ ਨੇ ਕਿਹਾ ਹੈ "ਤੁਸੀਂ ਕਿਸੇ ਗੱਲ ਨੂੰ ਇਸ ਲਈ ਨਾ ਸਵੀਕਾਰ ਕਰੋ ਕਿਉਂਕਿ ਇਹ ਪਹਿਲਾਂ ਕਦੇ ਨਹੀਂ ਸੁਣਿਆ ਇਸ ਲਈ ਨਾ ਸਵੀਕਾਰ ਕਰੋ ਕਿਉਂਕਿ ਇਹ ਸਦੀਆਂ ਤੋਂ ਚੱਲੀ ਆ ਰਹੀ ਹੈ। ਕਿਸੇ ਗੱਲ ਨੂੰ ਇਸ ਲਈ ਨਾ ਮੰਨੋ ਕਿ ਇਹ ਸਾਡੇ ਬਜ਼ੁਰਗਾਂ ਨੇ ਕਹੀ ਹੈ। ਕਿਸੇ ਚੀਜ ਨੂੰ ਇਸ ਲਈ ਨਾ ਮੰਨੋ ਕਿ ਇਹ ਕਿਸੇ ਧਰਮ ਗ੍ਰੰਥ ਦੇ ਅਨੁਕੂਲ ਹੈ ਕਿਸੇ ਗੱਲ ਨੂੰ ਇਸ ਲਈ ਨਾ ਸਵੀਕਾਰ ਕਰੋ ਕਿ ਕਹਿਣ ਵਾਲਾ ਵਿਅਕਤੀ ਮਹਾਨ ਹੈ। ਕਿਸੇ ਗੱਲ ਨੂੰ ਇਸ ਲਈ ਸਵੀਕਾਰ ਨਾ ਕਰੋ ਕਿ ਇਹ ਬੁੱਧ ਨੇ ਕਹੀ ਹੈ। ਕਿਸੇ ਗੱਲ ਵੀ ਗੱਲ ਨੂੰ ਮੰਨਣ ਤੋਂ ਪਹਿਲਾਂ ਇਹ ਸੋਚੋ ਕਿ ਇਹ ਸਹੀ ਹੈ। ਤਰਕ ਸੰਗਤ ਹੈ। ਕਿਸੇ ਵੀ ਚੀਜ ਨੂੰ ਮੰਨਣ ਤੋਂ ਪਹਿਲਾਂ ਸੋਚੋ ਕਿ ਇਸ ਨਾਲ ਤੁਹਾਡਾ ਵਿਕਾਸ ਹੋ ਸਕਦਾ ਹੈ। ਕਿਸੇ ਵੀ ਚੀਜ ਨੂੰ ਮੰਨਣ ਤੋਂ ਪਹਿਲਾਂ ਬੁੱਧੀ ਦੀ ਕਸੌਟੀ ਤੇ ਮਾਪੋ ਅਤੇ ਆਪ ਅਨੁਭਵੀ ਹੋ ਕੇ ਜਾਣੋ।

# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀ



# ...ਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ










## ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ,
ਬਰਨਾਲਾ-148101

ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਜਾਂ ਡਾਕ ਰਾਹੀਂ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ

ਮੋ. 78377 18723 ਜਾਂ @AFGI-BDAGDD

# ਸ਼ੰਕਾ ਨਵਿਰਤੀ

## ਮੇਘ ਰਾਜ ਮਿੱਤਰ

**ਪ੍ਰਸ਼ਨ : ਕੀ ਮੋਰਨੀ ਮੋਰ ਦੇ ਆਂਸੂ ਪੀ ਕੇ ਗਰਭਵਤੀ ਹੋ ਸਕਦੀ ਹੈ।**
ਉੱਤਰ : ਜੀ ਨਹੀਂ ਮੋਰਨੀ, ਮੋਰ ਦੇ ਆਂਸੂ ਪੀ ਕੇ ਗਰਭਵਤੀ ਨਹੀਂ ਹੁੰਦੀ ਸਗੋ ਮੋਰਨੀ ਅਤੇ ਮੋਰ ਮਿਲਕੇ ਸੈਕਸ ਕਰਦੇ ਹਨ ਤੇ ਮੋਰਨੀ ਇਸ ਤਰ੍ਹਾਂ ਗਰਭਵਤੀ ਹੁੰਦੀ ਹੈ। ਤੁਸੀਂ ਪਿੰਡਾਂ ਵਿੱਚ ਮੁਰਗੇ ਮੁਰਗੀਆਂ ਨੂੰ ਸਹਿਵਾਸ ਕਰਦੇ ਆਮ ਤੌਰ ਤੇ ਹੀ ਵੇਖਿਆ ਹੋਵੇਗਾ। ਮੋਰ ਵੀ ਮੁਰਗਿਆਂ ਦੇ ਵਰਗ ਵਿੱਚ ਆਉਂਦਾ ਹੈ। 20 ਤੋਂ 50,000 ਹਜ਼ਾਰ ਸਾਲ ਪਹਿਲਾਂ ਇਨ੍ਹਾਂ ਦਾ ਪਰਿਵਾਰ ਇੱਕੋ ਹੀ ਹੁੰਦਾ ਸੀ ਜਿਉਂ-ਜਿਉਂ ਮਨੁੱਖ ਸਭਿਅਕ ਹੁੰਦਾ ਗਿਆ ਤਾਂ ਉਸਨੇ ਬਸਤੀਆਂ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਕੁੱਝ ਮੋਰਾਂ ਨੂੰ ਪਾਲਤੂ ਬਣਾਉਣਾ ਵੀ ਉਸਦੀ ਆਂਡਿਆਂ ਵਾਸਤੇ ਲੋੜ ਬਣ ਗਈ। ਤੇ ਇਸ ਤਰ੍ਹਾਂ ਉਹ ਹੌਲੀ ਹੌਲੀ ਮੋਰਾਂ ਨੂੰ ਮੁਰਗਿਆਂ ਦੀ ਸ਼ਕਲ ਵੀ ਪ੍ਰਧਾਨ ਕਰਦਾ ਗਿਆ। ਇਸ ਤਰ੍ਹਾਂ ਅੱਜ ਦੇ ਮੁੱਰਗਿਆਂ ਦਾ ਵਿਕਾਸ ਵੀ ਮੋਰਾਂ ਤੋਂ ਹੋਇਆ ਹੈ। ਇਸ ਲਈ ਇਨ੍ਹਾਂ ਦੇ ਸਹਿਵਾਸ ਢੰਗ ਵੀ ਇੱਕੋ ਜਿਹੇ ਹਨ। ਮਨੁੱਖ ਨੇ ਘੋੜਿਆਂ, ਗਧਿਆਂ ਅਤੇ ਖੱਚਰਾਂ ਦੀ ਨਸਲ ਵੀ ਇੱਕੋ ਨਸਲ ਤੋਂ ਤਿਆਰ ਕੀਤੀ ਹੈ। ਘੋੜਿਆਂ ਦਾ ਕੱਦ ਵੀ ਕਿਸੇ ਸਮੇਂ ਕੁੱਤਿਆਂ ਜਿੰਨਾ ਹੁੰਦਾ ਸੀ।

**ਪ੍ਰਸ਼ਨ : ਛਾਤੀ ਤੇ ਰੱਖਕੇ ਪੱਥਰ ਕਿਵੇਂ ਤੋੜਿਆ ਜਾਂਦਾ ਹੈ ? ਜਿੰਨਾਂ ਮਨੁੱਖਾਂ ਦੀ ਛਾਤੀ ਤੇ ਪੱਥਰ ਰੱਖਿਆ ਜਾਂਦਾ ਹੈ ਉਨ੍ਹਾਂ ਦੇ ਸੱਟ ਕਿਉਂ ਨਹੀਂ ਲੱਗਦੀ ?**
ਉੱਤਰ : ਜੇ ਤੁਸੀਂ ਗਣਿਤ ਜਾਣਦੇ ਹੋ ਤਾਂ ਤੁਹਾਡੇ ਇਹ ਗੱਲ ਛੇਤੀ ਸਮਝ ਆ ਸਕਦੀ ਹੈ। ਪੱਥਰ ਦਾ ਭਾਰ ਲੱਗਭੱਗ 50 ਕਿੱਲੋ ਦੇ ਕਰੀਬ ਹੁੰਦਾ ਹੈ ਅਤੇ ਹਥੌੜੇ ਦਾ ਭਾਰ ਲੱਗਭੱਗ ਇੱਕ ਕਿੱਲੋ ਹੁੰਦਾ ਹੈ। ਜੇ ਪੱਥਰ ਨੂੰ ਦੱਰਖ਼ਤ ਤੇ ਲਟਕਾਇਆ ਹੋਵੇ ਤੇ ਹਥੌੜਾ ਪੱਥਰ ਤੇ ਮਾਰਿਆ ਜਾਵੇ ਤਾਂ ਤੁਸੀਂ ਦੇਖੋਂਗੇ ਕਿ ਹਥੌੜੇ ਦੀ ਜਿਹੜੀ ਸਪੀਡ ਹੋਵੇਗੀ ਉਸ ਤੋਂ 50 ਗੁਣਾਂ ਘੱਟ ਪੱਥਰ ਦੀ ਸਪੀਡ ਹੋਵੇਗੀ। ਸਾਇੰਸ ਵਿੱਚ ਇਸ ਨੂੰ ਸਮਝਣ ਲਈ ਸੰਵੇਗ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਸੰਵੇਗ ਪੁੰਜ ਅਤੇ ਵੇਗ ਦਾ ਗੁਣਨਫਲ ਹੁੰਦਾ ਹੈ। ਇਸ ਲਈ ਜਦੋਂ ਛਾਤੀ ਤੇ ਰੱਖ ਕੇ ਪੱਥਰ ਤੋੜਿਆ ਜਾਂਦਾ ਹੈ। ਤਾਂ ਜਿਸ ਸਪੀਡ ਨਾਲ ਹਥੌੜਾ ਲੈ ਕੇ ਆਇਆ ਜਾਂਦਾ ਹੈ ਤਾਂ ਪੱਥਰ ਦੀ ਥੱਲੇ ਜਾਣ ਦੀ ਗਤੀ ਉਸਤੋਂ 50 ਗੁਣਾਂ ਘੱਟ ਹੋ ਜਾਂਦੀ ਹੈ। ਹੇਠਾਂ ਪਿਆ ਮਨੁੱਖ ਆਪਣੀ ਛਾਤੀ ਨੂੰ ਹਵਾ ਭਰਕੇ ਫੁਲਾ ਲੈਂਦਾ ਹੈ ਅਤੇ ਜਦੋਂ ਹਥੌੜਾ ਹੇਠਾਂ ਨੂੰ ਆਉਂਦਾ ਹੈ ਤਾਂ ਹਵਾ ਨਿੱਕਲ ਜਾਂਦੀ ਹੈ। ਇਸ ਤਰ੍ਹਾਂ ਛਾਤੀ ਤੇ ਸੱਟ ਨਹੀਂ ਲੱਗਦੀ।

**ਪ੍ਰਸ਼ਨ : ਪਹਾੜਾਂ ਤੇ ਉਤਰਾਈ ਸਮੇਂ ਕਈ ਸਥਾਨ ਅਜਿਹੇ ਆਉਂਦੇ ਹਨ ਜਿੱਥੇ ਕਾਰਾਂ ਆਪਣੇ ਆਪ ਚੜਾਈ ਤੇ ਚੜ੍ਹਦੀਆਂ ਨਜ਼ਰ ਆਉਂਦੀਆਂ ਹਨ ?**
ਉੱਤਰ : ਕੈਨੇਡਾ ਦੇ ਸ਼ਹਿਰ ਐਬਟਸਫੋਰਡ ਵਿਖੇ ਇੱਕ ਅਜਿਹਾ ਸਥਾਨ ਹੈ ਜਿੱਥੇ ਕਾਰ ਨੂੰ ਨਿਊਟਰਲ ਵਿੱਚ ਛੱਡ ਦਿੱਤਾ ਜਾਂਦਾ ਹੈ, ਉਹ ਆਪਣੇ-ਆਪ ਪਹਾੜੀ ਦੇ ਉੱਪਰ ਨੂੰ ਚੜ੍ਹਨਾ ਸ਼ੁਰੂ ਕਰ ਦਿੰਦੀ ਹੈ। ਅਸੀਂ ਕਈ ਸਾਥੀ ਜਿਨ੍ਹਾਂ ਵਿੱਚ ਅਵਤਾਰ ਗਿੱਲ, ਰਘਵੀਰ ਬਿਲਾਸਪੁਰੀ, ਮਲਕੀਤ ਸਵੈਚ, ਜਗਰੂਪ ਧਾਲੀਵਾਲ ਤੇ ਮੈਂ ਵੀ ਸ਼ਾਮਲ ਸੀ। ਇਸ ਸਥਾਨ 'ਤੇ ਦੋ ਗੱਡੀਆਂ ਲੈ ਕੇ ਪੁੱਜ ਗਏ। ਮਲਕੀਤ ਅਗਾਂਹਵਧੂ ਸੋਚ ਦਾ ਮਾਲਕ ਹੈ। ਉਹ ਲੇਜ਼ਰ ਲੈਵਲ ਵੀ ਲੈ ਆਇਆ। ਸਾਡੇ ਕੋਲ ਕੋਲਡ ਡਰਿੰਕ ਦੇ ਕਈ ਟੀਨ ਵੀ ਸਨ। ਅਸੀਂ ਵੇਖਿਆ ਕਿ ਕੋਲਡ ਡਰਿੰਕ ਦੇ ਉਹ ਟੀਨ ਫਟਾਫਟ ਪਹਾੜੀ ਤੇ ਉੱਪਰ ਨੂੰ ਚੜ੍ਹ ਗਏ। ਇਸ ਤਰ੍ਹਾਂ ਜਦੋਂ ਅਸੀਂ ਪਾਣੀ ਦੇ ਗੈਲਨ ਵਿੱਚੋਂ ਪਾਣੀ ਡੋਲ੍ਹਿਆਂ ਤਾਂ ਇਹ ਪਾਣੀ ਵੀ ਪਹਾੜੀ ਦੇ ਉੱਪਰ ਨੂੰ ਜਾਣ ਲੱਗ ਪਿਆ। ਅਸੀਂ ਲੱਗਭੱਗ ਦੋ ਘੰਟੇ ਇਸ ਗੱਲ ਦੀ ਪੜਤਾਲ ਕਰਦੇ ਰਹੇ ਕੋਈ ਗੱਲ ਸਾਡੇ ਸਮਝ ਨਾ ਪਈ। ਕੁਝ ਗੋਰਿਆਂ ਦੀ ਮੱਦਦ ਲੈਣ ਦਾ ਯਤਨ ਵੀ ਕੀਤਾ। ਉਹ ਵੀ ਕੁਝ ਪੱਲੇ ਨਾ ਪਾ ਸਕੇ। ਸੜਕ ਸਾਫ ਚੜ੍ਹਾਈ ਚੜ੍ਹਦੀ ਨਜ਼ਰ ਆ ਰਹੀ ਸੀ। ਭਾਵੇਂ ਕਾਫੀ ਯਤਨਾਂ ਦੇ ਬਾਵਜੂਦ ਅਸੀਂ ਇਸ ਬੁਝਾਰਤ ਨੂੰ ਹੱਲ ਨਾ ਕਰ ਸਕੇ ਪਰ ਘਰ ਆ ਕੇ ਇੱਕ ਕਾਗਜ਼ ਤੇ ਮੈਂ ਇਸ ਬੁਝਾਰਤ ਨੂੰ ਹੱਲ ਕਰ ਹੀ ਲਿਆ।

ਇਹ ਦੋ ਕਿਲੋਮੀਟਰ ਦੇ ਲਗਭਗ ਪਹਾੜੀ ਉਤਰਾਈ ਹੈ। ਹਰ ਥਾਂ ਤੇ ਉਤਰਾਈ ਹੈ ਭਾਵੇਂ ਸੜਕ ਤੇ ਵੇਖਣ ਨੂੰ ਕਈ ਥਾਵਾਂ 'ਤੇ ਚੜ੍ਹਾਈ ਨਜ਼ਰ ਆਉਂਦੀ ਹੈ। ਅਸਲ ਵਿੱਚ ਇਹ ਵੀ ਉਤਰਾਈ ਹੀ ਹੈ। A ਸਥਾਨ ਤੇ ਖੜ੍ਹੇ ਬੰਦੇ ਨੂੰ ਸੜਕ ਦੀ ਚੜ੍ਹਾਈ ਨਜ਼ਰ ਆਵੇਗੀ। ਅਸਲ ਵਿੱਚ ਉਹ ਉਤਰਾਈ ਹੀ ਹੈ। ਇਸ ਲਈ ਇਹ ਸਭ ਕੁਝ ਦ੍ਰਿਸ਼ਟੀ ਭਰਮ ਹੀ ਹੈ। B ਤੇ C ਦੀ ਸੌ ਫੁੱਟ ਦੂਰੀ ਵਿੱਚੋਂ ਲਗਭਗ ਛੇ ਫੁੱਟ ਲੈਵਲ ਦਾ ਫਰਕ ਸੀ। A ਤੇ ਖੜ੍ਹੇ ਵਿਅਕਤੀ ਨੂੰ ਕਿਨਾਰਾ C, B ਤੋਂ ਉਚਾਈ ਵੱਲ ਨਜ਼ਰ ਆਉਂਦਾ ਹੈ। ਅਸਲ ਵਿੱਚ ਕਿਨਾਰਾ, C, B ਤੋਂ ਛੇ ਫੁੱਟ ਨੀਵਾਂ ਹੈ। ਇਸ ਸਥਾਨ ਤੇ ਚੁੰਬਕ ਵਗੈਰਾ ਹੋਣ ਬਾਰੇ ਕਿਸੇ ਕਿਸਮ ਦੀ ਸੱਚਾਈ ਨਹੀਂ।

**ਪ੍ਰਸ਼ਨ : ਬਹੁਤ ਸਾਰੇ ਵਿਅਕਤੀ ਇਕੱਠੇ ਹੀ ਸਿਰ ਮਾਰਨਾ ਸ਼ੁਰੂ ਕਰ ਦਿੰਦੇ ਹਨ ਜਾਂ ਨੱਚਣਾ ਸ਼ੁਰੂ ਕਰ ਦਿੰਦੇ ਹਨ ਕੀ ਇਹ ਕੋਈ ਬਿਮਾਰੀ ਹੈ ?**
ਉੱਤਰ : ਅਸੀਂ ਇਸ ਤਰ੍ਹਾਂ ਦੇ ਵੀ ਕਈ ਕੇਸ ਹੱਲ ਕੀਤੇ ਹਨ। ਜਿਵੇਂ ਟੋਹਾਣੇ ਨਜ਼ਦੀਕ ਪਿੰਡ ਜਮਾਲਪੁਰ ਸੇਖਾਂ ਵਿਖੇ ਇਸਤਰੀਆਂ ਦੇ ਘਰੂਟ ਵੱਢੇ ਜਾਣੇ ਸ਼ੁਰੂ ਹੋ ਗਏ ਸਨ। 2001 ਵਿੱਚ ਦਿੱਲੀ ਵਿਖੇ ਬਾਂਦਰ ਆ ਗਿਆ ਸੀ ਤੇ ਲੋਕਾਂ ਨੇ ਕੋਠਿਆਂ ਤੋਂ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਕੇਸਾਂ ਨੂੰ ਮਾਸ ਹਿਸਟੀਰੀਆਂ ਕਿਹਾ ਜਾਂਦਾ ਹੈ। ਆਮ ਤੌਰ ਤੇ ਦੇਖਾ ਦੇਖੀ ਇਹ ਸ਼ੁਰੂ ਹੋ ਜਾਂਦੇ ਹਨ। ਸੋਸ਼ਲ ਨੈੱਟਵਰਕ ਤੇ ਅੱਜ ਕੱਲ ਅਜਿਹੀਆਂ ਵੀਡੀਓਜ਼ ਵੀ ਵੇਖਣ ਨੂੰ ਮਿਲ ਜਾਂਦੀਆਂ ਹਨ। ਜਿੰਨ੍ਹਾਂ ਵਿੱਚ ਇਕੱਠੇ ਵਿਅਕਤੀ ਸਿਰ ਮਾਰਨਾ ਸ਼ੁਰੂ ਕਰ ਦਿੰਦੇ ਹਨ ਜਾਂ ਭਜਨ ਕਰਨ ਸਮੇਂ ਇੱਕ-ਇੱਕ ਸ਼ਬਦ ਹੀ ਲੋਰ 'ਚ ਆ ਕੇ ਕਹਿਣਾ ਸ਼ੁਰੂ ਕਰ ਦਿੰਦੇ ਹਨ। ਇਨ੍ਹਾਂ ਕੇਸਾਂ ਨੂੰ ਵੀ ਜਾਗਰੂਕਤਾ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਇਹ ਇੱਕ ਕਿਸਮ ਦੀ ਬਿਮਾਰੀ ਦੇ ਹੀ ਲੱਛਣ ਹਨ। ਜੇ ਇਹ ਸਿਲਸਿਲਾ ਜ਼ਿਆਦਾ ਹੋ ਜਾਵੇ ਤਾਂ ਇਹ ਗੰਭੀਰ ਬਿਮਾਰੀ ਦਾ ਵੀ ਰੂਪ ਧਾਰਨ ਕਰ ਲੈਂਦੀ ਹੈ।

**ਪ੍ਰਸ਼ਨ : ਸਾਰੇ ਧਰਮ ਅਤੇ ਦਵਾਈਆਂ ਵਾਲੇ ਇਹ ਦਾਅਵਾ ਕਰਦੇ ਹਨ ਕਿ ਸਾਡੇ ਧਰਮ ਅਤੇ ਸਾਡੀਆਂ ਦਵਾਈਆਂ ਵਿਗਿਆਨਕ ਹਨ।**
ਉੱਤਰ : ਸੰਸਾਰ ਦੇ ਸਾਰੇ ਧਰਮ ਵਿਗਿਆਨਕ ਹੋਣ ਦਾਅਵਾ ਕਰਦੇ ਹਨ ਪਰ ਉਹ ਵਿਗਿਆਨਕ ਨਹੀਂ ਹੁੰਦੇ ਕਿਉਂਕਿ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਿਗਿਆਨ ਕੀ ਹੈ। ਵਿਗਿਆਨ ਦੇ ਕੁੱਝ ਗੁਣ ਹੁੰਦੇ ਹਨ। ਜਿਵੇਂ ਵਿਗਿਆਨ ਬਦਲਦੀ ਨਹੀਂ ਇਹ ਚਾਰ ਮੁੱਢਲੇ ਨਿਯਮਾਂ 'ਤੇ ਆਧਾਰਿਤ ਹੁੰਦੀ ਹੈ। ਨਿਯਮਾਂ ਦੀ ਪਾਲਣਾ ਜ਼ਰੂਰੀ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਜੇ ਮੇਰੇ ਖੂਨ ਵਿੱਚ ਸ਼ੂਗਰ ਦੀ ਮਾਤਰਾ 90 ਹੈ ਤਾਂ ਉਸੇ ਖੂਨ ਦੀ ਬੂੰਦ ਜੇ ਮੈਂ ਸੰਸਾਰ ਦੀਆਂ ਸਾਰੀਆਂ ਪ੍ਰਯੋਗਸ਼ਾਲਾਵਾਂ ਨੂੰ ਭੇਜ ਦੇਵਾਂ ਤਾਂ ਉਨ੍ਹਾਂ ਵਿੱਚੋਂ 99% ਦੀ ਰਿਪੋਰਟ ਵੀ ਇਹ 90 ਦੇ ਆਸ ਪਾਸ ਹੀ ਵਿਖਾਏਗੀ। ਇਸਦਾ ਮਤਲਬ ਇਹ ਵਰਤਾਰਾ ਵਿਗਿਆਨਕ ਹੈ ਪਰ ਜੇ ਇਹ ਬਦਲਦੀ ਹੋਵੇਗੀ ਤਾਂ ਇਹ ਵਰਤਾਰਾ

ਗੈਰ ਵਿਗਿਆਨਕ ਹੋਵੇਗਾ। ਧਰਮਾਂ ਦੀ ਪਰਮਾਤਮਾ ਬਾਰੇ ਧਾਰਨਾ ਵੀ ਵੱਖ-ਵੱਖ ਹੈ ਇਸ ਲਈ ਇਹ ਵਿਗਿਆਨਕ ਨਹੀਂ ਹੋ ਸਕਦੇ। ਉਂਝ ਵੀ ਦੁਨੀਆਂ ਦੇ ਕੁੱਲ ਧਰਮਾਂ ਦੀ ਗਿਣਤੀ 4200 ਦੇ ਲੱਗਭੱਗ ਹੈ। ਇਸੇ ਤਰ੍ਹਾਂ ਹੀ ਦੇਸੀ ਤੇ ਹੋਮਿਓਪੈਥੀ ਦੀਆਂ ਦਵਾਈਆਂ ਦਾਅਵਾ ਕਰਦੀਆਂ ਹਨ ਪਰ ਇਨ੍ਹਾਂ ਦੇ ਅਸਰ ਅਲੱਗ-ਅਲੱਗ ਹੁੰਦੇ ਹਨ। ਇਸ ਲਈ ਇਹ ਵਿਗਿਆਨਕ ਨਹੀਂ ਹੋ ਸਕਦੀਆਂ।



**ਪ੍ਰਸ਼ਨ : ਕੀ ਪਲਾਸਟਿਕ ਦੇ ਆਂਡੇ ਜਾਂ ਚਾਵਲ ਵੀ ਹੋ ਸਕਦੇ ਹਨ ?**

ਉੱਤਰ : ਬਹੁਤ ਸਾਰੇ ਚੈਨਲਾਂ ਦੇ ਉੱਪਰ ਵੀ ਵਿਖਾਇਆ ਜਾਂਦਾ ਹੈ ਕਿ ਬਜ਼ਾਰ ਵਿੱਚ ਅਜਿਹੇ ਆਂਡੇ ਤੇ ਚਾਵਲ ਮਿਲਦੇ ਹਨ ਜਿਹੜੇ ਪਲਾਸਟਿਕ ਦੇ ਬਣੇ ਹੋਏ ਹਨ ਅਤੇ ਇਸ ਲਈ ਖਾਣ ਲਈ ਨੁਕਸਾਨਦਾਇਕ ਹਨ। ਅਸਲ ਵਿੱਚ ਪਲਾਸਟਿਕ ਆਂਡਿਆਂ ਤੇ ਚਾਵਲਾਂ ਤੋਂ ਮਹਿੰਗਾ ਹੁੰਦਾ ਹੈ। ਇਸ ਲਈ ਇਸਦੀ ਵਰਤੋਂ ਜ਼ਿਆਦਾ ਨਹੀਂ ਹੋ ਸਕਦੀ ਪਰ ਇਹ ਵੀ ਅਸਲੀਅਤ ਹੈ ਕਿ ਚਾਵਲ ਤੇ ਆਂਡੇ ਪਲਾਸਟਿਕ ਤੋਂ ਬਣਾਏ ਜਾ ਸਕਦੇ ਹਨ। ਕਿਉਂਕਿ ਅੱਜ ਕੱਲ ਵਿਗਿਆਨਕ ਚਾਵਲਾਂ ਦੀ ਅਤੇ ਆਂਡਿਆਂ ਦੀ ਪਦਾਰਥਕ ਸੰਰਚਨਾ ਪ੍ਰਯੋਗਸ਼ਾਲਾਵਾਂ 'ਚੋਂ ਪਰਖ ਕਰਵਾਕੇ ਪਤਾ ਕਰ ਸਕਦੇ ਹਨ। ਫਿਰ ਉਹ ਪਦਾਰਥ ਮਿਲਾ ਕੇ ਆਂਡਿਆਂ ਅਤੇ ਚਾਵਲਾਂ ਵਰਗਾ ਬਣਾਇਆ ਜਾ ਸਕਦਾ ਹੈ।

**ਪ੍ਰਸ਼ਨ : ਕੀ ਗਾਂ ਆਕਸੀਜ਼ਨ ਛੱਡਦੀ ਹੈ ?**

ਉੱਤਰ : ਅਸਲ ਵਿੱਚ ਹਰੇਕ ਜੀਵ ਨੂੰ ਆਪਣਾ ਭੋਜਨ ਹਜ਼ਮ ਕਰਨ ਲਈ ਆਕਸੀਜ਼ਨ ਦੀ ਲੋੜ ਹੁੰਦੀ ਹੈ। ਇਸ ਲਈ ਸਾਹ ਲੈਣ ਸਮੇਂ ਪਸ਼ੂ ਹਵਾ ਆਪਣੇ ਅੰਦਰ ਖਿਚ ਲੈਂਦੇ ਹਨ ਅਤੇ ਉਸ ਵਿੱਚੋਂ ਲੋੜੀਦੀ ਆਕਸੀਜ਼ਨ ਰੱਖ ਲੈਂਦੇ ਹਨ ਤੇ ਬਾਕੀ ਹਵਾ ਬਾਹਰ ਕੱਢ ਦਿੰਦੇ ਜਿਸ ਵਿੱਚ ਕਾਰਬਨਡਾਈਆਕਸਾਈਡ ਦੀ ਮਾਤਰਾ ਵੱਧ ਹੁੰਦੀ ਹੈ। ਇਸ ਲਈ ਖੁਰਾਕ ਖਾਣ ਵਾਲੇ ਹਰੇਕ ਜੀਵ ਲਈ ਆਕਸੀਜ਼ਨ ਲੈਣਾ ਅਤੇ ਕਾਰਬਨਡਾਈਆਕਸਾਈਡ ਕੱਢਣਾ ਜ਼ਰੂਰਤ ਹੈ। ਇਸ ਲਈ ਜੇ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ ਗਊ ਤਾਂ ਆਕਸੀਜਨ ਪੈਦਾ ਕਰਦੀ ਹੈ ਇਸਦਾ ਮਤਲਬ ਹੈ ਕਿ ਉਸਦੀ ਜਾਣਕਾਰੀ ਘੱਟ ਹੈ। ਅੱਜ ਕੱਲ ਇੱਕ ਹੋਰ ਵੀ ਫੈਸ਼ਨ ਬਣਦਾ ਜਾ ਰਿਹਾ ਹੈ ਕਿ ਵਿਗਿਆਨਕ ਜਾਣਕਾਰੀਆਂ ਨੂੰ ਵਿਗਾੜੋ ਅਤੇ ਇੰਨ੍ਹਾਂ ਵਿੱਚੋਂ ਹਿੰਦੂ ਧਾਰਮਿਕ ਵਿਚਾਰ ਪੈਦਾ ਕਰੋ ਤਾਂ ਜੋ ਇਨ੍ਹਾਂ ਸਾਰਿਆਂ ਗੱਲਾਂ ਨੂੰ ਧਾਰਮਿਕ ਰੰਗਤ ਦੇ ਕੇ ਦੇਸ਼ ਵਿੱਚ ਧਰਮ ਦੇ ਨਾਂ ਤੇ ਵੰਡੀਆਂ ਪਾਈਆਂ ਜਾ ਸਕਣ ਅਤੇ ਇਸ ਤਰ੍ਹਾਂ ਤਰੱਕੀਆਂ ਵੀ ਪਾਈਆਂ ਜਾ ਸਕਣ।

**ਪ੍ਰਸ਼ਨ : ਜੀਵ ਕਿੰਨੀ ਡਿਗਰੀ ਦੇ ਤਾਪਮਾਨ ਤੱਕ ਜਿਉਂਦੇ ਰਹਿ ਸਕਦੇ ਹਨ।**

ਉੱਤਰ : ਕਈ ਜੀਵ ਜਿਨ੍ਹਾਂ ਵਿੱਚ ਬੈਕਟੀਰੀਆਂ ਅਤੇ ਵਾਇਰਸ ਆਦਿ ਵੀ ਸ਼ਾਮਲ ਹਨ ਇਹ 250 ਡਿਗਰੀ ਤੱਕ ਦੀ ਗਰਮੀ ਵੀ ਸਹਾਰਦੇ ਦੇਖੇ ਗਏ ਹਨ ਤੇ ਦੂਸਰੇ ਪਾਸੇ ਪੈਂਗੁਅਨ ਵਗੈਰਾ ਅੰਨਟਾਰਟਿਕਾ ਮਹਾਂਦੀਪ ਵਿੱਚ ਲੱਗਭੱਗ -80 ਡਿੱਗਰੀ ਸੈਲਸੀਅਸ ਜਿਉਂਦੇ ਰਹਿੰਦੇ ਵੇਖੇ ਗਏ ਹਨ।

**ਪ੍ਰਸ਼ਨ : ਜ਼ਿੰਦਗੀ ਕੀ ਹੈ ?**

ਉੱਤਰ : ਜੀਵਨ ਦੇ ਕੁੱਝ ਗੁਣ ਹੁੰਦੇ ਹਨ ਇਸ ਵਿੱਚ ਵਾਧਾ ਤੇ ਵਿਕਾਸ ਹੁੰਦਾ ਹੈ ਅਤੇ ਇਸ ਵਿੱਚ ਊਰਜਾ ਦੀ ਵਰਤੋਂ ਹੁੰਦੀ ਹੈ। ਇਹ ਆਪਣੇ ਵਰਗੇ ਹੋਰ ਜੀਵਾਂ ਨੂੰ ਜਨਮ ਦਿੰਦੀ ਹੈ। ਇਹ ਕੁੱਝ ਪਦਾਰਥਾਂ ਦੀ ਵਰਤੋਂ ਵੀ ਕਰਦਾ ਹੈ।

**ਪ੍ਰਸ਼ਨ : ਕੀ ਵਾਇਰਸ ਜਿਉਂਦੀ ਵਸਤੂ ਹਨ ?**

ਉੱਤਰ : ਵਾਇਰਸ ਸਜੀਵ ਵੀ ਹਨ ਅਤੇ ਨਿਰਜੀਵ ਵੀ ਹਨ। ਇੱਕ ਸਥਾਨ ਤੇ ਪਏ ਵਾਇਰਸ ਹਜ਼ਾਰਾਂ ਸਾਲਾਂ ਤੱਕ ਨਿਰਜੀਵ ਪਏ ਰਹਿੰਦੇ ਹਨ ਪਰ ਜਦੋਂ ਇਹ ਕਿਸੇ ਸਰੀਰ ਵਿੱਚ ਦਾਖਲ ਹੋ ਜਾਂਦੇ ਹਨ ਤਾਂ ਇਹ ਸਜੀਵ ਹੋ ਜਾਂਦੇ ਹਨ। ਇਨ੍ਹਾਂ ਵਿੱਚ ਵਾਧਾ ਤੇ ਵਿਕਾਸ ਸ਼ੁਰੂ ਹੋ ਜਾਂਦਾ ਹੈ।

**ਪ੍ਰਸ਼ਨ : ਕੁੱਤਿਆਂ ਨੂੰ ਭੁਚਾਲਾਂ ਦਾ ਪਹਿਲਾਂ ਹੀ ਕਿਵੇਂ ਪਤਾ ਲੱਗਣ ਲੱਗ ਜਾਂਦਾ ਹੈ ?**

ਉੱਤਰ : ਭੁਚਾਲਾਂ ਦੀ ਅਵ੍ਰਿਤੀ ਆਮ ਤੌਰ ਤੇ 15 ਹਰਟਜ ਪ੍ਰਤੀ ਸਕਿੰਡ ਹੁੰਦੀ ਹੈ। ਮਨੁੱਖੀ ਕੰਨਾਂ ਦੀ ਸੁਨਣ ਦੀ ਅਵ੍ਰਿਤੀ ਆਮ ਤੌਰ ਤੇ 20 ਹਰਟਜ ਤੋਂ ਲੈ ਕੇ 20,000 ਹਰਟਜ ਤੱਕ ਹੁੰਦੀ ਹੈ, ਇਸ ਲਈ 15 ਹਰਟਜ ਦੀ ਅਵ੍ਰਿਤੀ ਮਨੁੱਖੀ ਕੰਨਾਂ ਨੂੰ ਸੁਣਾਈ ਨਹੀਂ ਦਿੰਦੀ ਪਰ ਕੁੱਤਿਆਂ ਦੀ ਸੁਨਣ ਸਮੱਰਥਾ 10 ਹਰਟਜ ਪ੍ਰਤੀ ਸਕਿੰਡ ਦੀ ਵੀ ਹੁੰਦੀ ਹੈ। ਇਸ ਲਈ ਭੁਚਾਲ ਆਉਣ ਤੋਂ ਪਹਿਲਾਂ ਕੁੱਤਿਆਂ ਤੇ ਹੋਰ ਜਾਨਵਰਾਂ ਦੀਆਂ ਹਰਕਤਾਂ ਵੱਧ ਜਾਂਦੀਆਂ ਹਨ।

**12. ਪ੍ਰਸ਼ਨ : ਕੀ ਧੂਫ਼ ਬੱਤੀ ਕਰਨ ਨਾਲ ਮਾਤਾ ਠੀਕ ਹੋ ਸਕਦੀ ਹੈ ?**

ਉੱਤਰ : ਅਸਲ ਵਿੱਚ ਸਾਡੇ ਸਰੀਰ ਵਿੱਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਮਿਆਦ ਹੁੰਦੀ ਹੈ ਕੋਈ ਬਿਮਾਰੀ 10 ਦਿਨਾਂ ਬਾਅਦ ਆਪਣੇ ਆਪ ਠੀਕ ਹੋ ਜਾਂਦੀ ਹੈ ਕੋਈ 20 ਦਿਨ ਬਾਅਦ ਠੀਕ ਹੋ ਜਾਂਦੀ ਹੈ। ਇਸੇ ਤਰ੍ਹਾਂ ਮਾਤਾ (ਚੇਚਕ) ਵੀ 10 ਦਿਨਾਂ ਬਾਅਦ ਆਪਣੇ ਆਪ ਠੀਕ ਹੋ ਜਾਂਦੀ ਹੈ ਪਰ ਬਹੁਤ ਸਾਰੇ ਵਿਅਕਤੀਆਂ ਨੂੰ ਭੁੱਲੇਖਾ ਹੁੰਦਾ ਹੈ ਕਿ ਇਹ ਕੁੱਝ ਉਪਾਅ ਕਰਨ ਨਾਲ ਠੀਕ ਹੁੰਦੀ ਹੈ। ਜਿੰਨ੍ਹਾਂ ਵਿੱਚ ਧੂਫ਼ ਬੱਤੀ ਵੀ ਸ਼ਾਮਿਲ ਹੈ। ਪਰ ਧੂਫਬੱਤੀ ਦਾ ਅਸਰ ਕੋਈ ਨਹੀਂ ਹੁੰਦਾ ਸਗੋ ਨੁਕਸਾਨ ਹੁੰਦਾ ਹੈ। ਇਹ ਦਿਮਾਗੀ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। -o-

## ਇਹਨਾਂ ਇੱਟਾਂ ਨੂੰ ਮਦਦ ਦੀ ਲੋੜ ਹੈ

ਦਾਨ ਵਾਲਾ ਡੱਬਾ ਅੱਗੇ ਹੈ

ਤੁਹਾਡੇ ਦਿੱਤੇ ਦਾਨ ਨਾਲ ਇਹਨਾ ਇੱਟਾਂ ਨੇ ਤਰੱਕੀ ਕਰਕੇ ਪਹਿਲਾਂ ਕਿਸੇ ਦਿਨ ਮਟੀ ਬਣਨਾ ..ਫ਼ੇਰ ਕਬਰ ..ਫ਼ੇਰ ਮਜਾਰ ..ਫ਼ੇਰ ਡੇਰਾ .ਤੇ ਫੇਰ ਇਸ ਡੇਰੇ ਤੇ ਇਕ ਵੇਹਲੜ ਨੇ ਆਕੇ ਤੁਹਾਡਾ ਰੱਬ ਬਣ ਕੇ ਬੈਠ ਜਾਣਾ ..ਇਸ ਤਰਾਂ ਤੁਹਾਡੇ ਦਿੱਤੇ ਪੈਸੇ ਨਾਲ ..ਇਹਨਾਂ ਇੱਟਾਂ ਨੇ ਕਿਸੇ ਦਿਨ ਤਰੱਕੀ ਕਰਕੇ ਰੱਬ ਬਣ ਜਾਣਾ ਤੁਹਾਨੂੰ ਪਤਾ ਹੀ ਨਹੀ ਲੱਗਣਾ।

# ਭਾਰਤ ਗਰੀਬ ਲੋਕਾਂ ਦਾ ਅਮੀਰ ਦੇਸ਼

ਜਰਮਨ ਦੇ ਇਕ ਚਿੰਤਕ ਕਾਊਂਟ ਕੈਸਰਲਿਨ ਨੇ ਇਕ ਵਾਰ ਲਿਖਿਆ ਸੀ ਕਿ ਭਾਰਤ ਅਮੀਰ ਦੇਸ਼ ਹੈ ਪਰ ਇਸ ਵਿਚ ਗਰੀਬ ਲੋਕ ਰਹਿੰਦੇ ਹਨ। ਇਸਦਾ ਭਾਵ ਇਹ ਸੀ ਕਿ ਇਥੋਂ ਦੇ ਲੋਕਾਂ ਦੀ ਸੋਚ ਬਹੁਤ ਗਰੀਬ ਹੈ। ਇਹ ਕਦੇ ਅਮੀਰ ਹੋਣ ਬਾਰੇ ਸੋਚ ਹੀ ਨਹੀਂ ਸਕਦੇ। ਇਥੋਂ ਦੇ ਲੋਕਾਂ ਦਾ ਰਹਿਣ ਸਹਿਣ ਅਤੇ ਸੋਚਣ ਦਾ ਢੰਗ ਸਭ ਗਰੀਬ ਹੈ। ਲੋਕਾਂ ਕੋਲ ਸਭ ਕੁਝ ਹੈ ਸਿਰਫ ਸੋਚਣ ਵਾਲਾ ਦਿਮਾਗ ਨਹੀਂ। ਜੇ ਭਾਰਤ ਦੇ ਸਾਰੇ ਲੋਕ ਅਮਰੀਕਾ ਚਲੇ ਜਾਣ ਅਤੇ ਅਮਰੀਕੀ ਭਾਰਤ ਆ ਜਾਣ ਤਾਂ ਸਭ ਉਲਟ ਹੋ ਜਾਵੇਗਾ। ਅਮਰੀਕਾ ਗਰੀਬ ਦੇਸ਼ ਬਣ ਜਾਵੇਗਾ ਅਤੇ ਭਾਰਤ ਅਮੀਰ । ਅਮਰੀਕਾ ਸਦਾ ਹੀ ਇਸ ਤਰ੍ਹਾਂ ਅਮੀਰ ਦੇਸ਼ ਨਹੀਂ ਸੀ। ਜਦੋਂ 1492 'ਚ ਸਪੇਨ ਦੇ ਮਲਾਹ ਕੋਲੰਬਸ ਨੇ ਅਮਰੀਕਾ ਲੱਭਿਆ ਤਾਂ ਅਮਰੀਕਾ ਬਹੁਤ ਗਰੀਬ ਸੀ। ਅਮਰੀਕਾ ਦੇ ਮੂਲ ਨਿਵਾਸੀ ਅਜੇ ਵੀ ਉਸੇ ਗਰੀਬੀ ਹਾਲਤ 'ਚ ਰਹਿ ਰਹੇ ਹਨ। ਕੋਲੰਬਸ ਭਾਰਤ ਲੱਭਣ ਨਿਕਲਿਆ ਸੀ ਪਰ ਉਹ ਉਲਟੇ ਪਾਸੇ ਅਮਰੀਕਾ ਚਲਿਆ ਗਿਆ। ਜੇ ਕਿਤੇ ਭਾਰਤ ਆ ਗਿਆ ਹੁੰਦਾ ਤਾਂ ਅੱਜ ਅਮਰੀਕਾ ਦੀ ਜਗਾਹ ਭਾਰਤ ਅਮੀਰ ਹੋਣਾ ਸੀ। ਉਨਤ ਯੂਰਪੀਅਨ ਕੌਮਾਂ ਜਦ ਅਮਰੀਕਾ ਜਾ ਕੇ ਵੱਸ ਗਈਆਂ ਤਾਂ ਅਮਰੀਕਾ ਅਮੀਰ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਯੂਰਪੀਅਨ ਕੌਮਾਂ ਬਹੁਤ ਤੇਜ਼ ਦਿਮਾਗ ਸਨ। ਭਾਵੇਂ ਅਮਰੀਕਾ ਨੂੰ ਵੀ ਇੰਗਲੈਂਡ ਦੇ ਅੰਗਰੇਜ਼ਾਂ ਨੇ ਗੁਲਾਮ ਬਣਾ ਲਿਆ ਸੀ ਪਰ ਉਥੇ ਵਸੇ ਉਨਤ ਕੌਮਾਂ ਦੇ ਲੋਕਾਂ ਨੇ ਬਾਕਾਇਦਾ ਲੜਾਈ ਲੜਕੇ ਜਾਰਜ ਵਸ਼ਿੰਗਟਨ ਦੀ ਅਗਵਾਈ 'ਚ ਭਾਰਤ ਨਾਲੋਂ ਪੌਣੇ ਦੋ ਸੌ ਸਾਲ ਪਹਿਲਾਂ ਅਜ਼ਾਦ ਕਰਵਾ ਲਿਆ ਸੀ। ਐਨੇ ਸਾਲਾਂ 'ਚ ਅੰਗਰੇਜ਼ ਭਾਰਤ ਨੂੰ ਲੁਟਦੇ ਰਹੇ ਜਦੋਂ ਅਮਰੀਕਾ ਵਾਸੀ ਖੁਦ ਆਪਣੇ ਦੇਸ਼ ਦਾ ਵਿਕਾਸ ਕਰਦੇ ਰਹੇ। 1861-65 ਦੀ ਚਾਰ ਸਾਲਾ ਘਰੇਲੂ ਖਾਨਾ ਜੰਗੀ 'ਚ ਬਹੁਤ ਜਿਆਦਾ ਨੁਕਸਾਨ ਕਰਵਾਉਣ ਤੋਂ ਬਾਦ ਵੀ ਅਮਰੀਕਾ ਬਹੁਤ ਛੇਤੀ ਉਭਰ ਕੇ ਦੁਨੀਆਂ ਦੀ ਵੱਡੀ ਤਾਕਤ ਬਣ ਗਿਆ । ਕਾਰਨ ਇਹ ਸੀ ਜਿਹੜੇ ਕਾਲਿਆਂ ਨੂੰ ਅਮਰੀਕਾ ਦੇ ਅਮੀਰ ਲੋਕ ਗੁਲਾਮ ਬਣਾ ਕੇ ਉਹਨਾਂ ਤੋਂ ਨਿੱਜੀ ਕੰਮ ਕਰਵਾਉਂਦੇ ਸਨ ਉਹਨਾਂ ਨੂੰ ਅਜ਼ਾਦੀ ਦੇ ਕੇ ਅਬਰਾਹਮ ਲਿੰਕਨ ਨੇ ਉਸੇ ਸ਼ਕਤੀ ਨੂੰ ਮੁਲਕ ਦੇ ਵਿਕਾਸ ਵਾਲੇ ਪਾਸੇ ਲਾ ਲਿਆ।



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਸਾਡੇ ਮੁਲਕ 'ਚ ਭਾਵੇਂ ਰਿਜ਼ਰਵੇਸ਼ਨ ਦਾ ਰੌਲਾ ਸਭ ਤੋਂ ਜਿਆਦਾ ਬ੍ਰਹਿਮਣ, ਬਾਣੀਏਂ ਅਤੇ ਖਤਰੀ ਪਾਉਂਦੇ ਹਨ ਪਰ ਇਹਨਾਂ ਲੋਕਾਂ ਨੇ ਹੀ ਸਾਡੇ ਦੇਸ਼ 'ਚ ਚਾਰ ਹਜਾਰ ਸਾਲ ਤੋਂ ਰਿਜ਼ਰਵੇਸ਼ਨ ਕੀਤੀ ਹੋਈ ਹੈ। ਬ੍ਰਹਿਮਣ ਤੋਂ ਬਿਨਾਂ ਕਿਸੇ ਨੂੰ ਪੜ੍ਹਣ ਦਾ ਹੱਕ ਹੀ ਨਹੀਂ ਸੀ। ਜੇ ਸ਼ੂਦਰ ਦੇ ਕੰਨ 'ਚ ਕੋਈ ਸ਼ਬਦ ਪੈ ਵੀ ਜਾਂਦਾ ਤਾਂ ਕੰਨ 'ਚ ਸਿੱਕਾ ਢਾਲ ਕੇ ਪਾ ਦੇਣ ਦੀ ਰਵਾਇਤ ਸੀ। ਸ਼ੂਦਰ ਪੜ੍ਹਦਾ ਸੀ ਤਾਂ ਉਸਦਾ ਕਤਲ ਲਾਜ਼ਮੀ ਸੀ ਜਿਵੇਂ ਰਮਾਇਣ ਅਨੁਸਾਰ ਰਾਮ ਚੰਦਰ ਜੀ ਨੇ ਰਿਸ਼ੀ ਸ਼ੰਬੂਕ ਦਾ ਕਤਲ ਕੀਤਾ। ਸ਼ੰਬੂਕ ਦਾ ਗੁਨਾਹ ਪੜ੍ਹਣਾ ਅਤੇ ਪੜ੍ਹਾਉਣਾ ਹੀ ਸੀ। ਖਤਰੀ ਬਿਨਾਂ ਹੋਰ ਕਿਸੇ ਕੋਲ ਲੜਣ ਦਾ ਅਧਿਕਾਰ ਨਹੀਂ ਸੀ। ਇਸੇ ਲਈ ਇਹ ਦੇਸ਼ ਦੋ ਹਜਾਰ ਸਾਲ ਤੱਕ ਗੁਲਾਮ ਰਿਹਾ। ਮੰਤਰ ਮਾਰ ਕੇ ਕਰਾਮਾਤ ਕਰਨ ਅਤੇ ਭਾਣਾ ਮੰਨਣ ਦੀਆਂ ਰਵਾਇਤਾਂ ਨੇ ਲੋਕਾਂ ਦੀ ਅਣਖ ਖਤਮ ਕਰ ਦਿਤੀ। ਸਾਡੇ ਲੋਕ ਜਿਹੜੇ ਬਾਹਰਲੇ ਵਿਕਸਤ ਦੇਸ਼ਾਂ ਜਾਂ ਅਰਬ ਕੰਟਰੀਆਂ 'ਚ ਜਾ ਕੇ ਦਿਨ ਰਾਤ ਕੰਮ ਕਰਦੇ ਹਨ ਇਥੇ ਜਾਂ ਤਾਂ ਅਰਦਾਸ 'ਚ ਹੀ ਜੁੜੇ ਰਹਿੰਦੇ ਹਨ ਜਾਂ ਮੰਦਰਾਂ ਗੁਰਦਵਾਰਿਆਂ ,ਡੇਰਿਆਂ ਆਦਿ 'ਚ ਜਾ ਕੇ ਝਾੜੂ ਮਾਰਦੇ ਰਹਿੰਦੇ ਹਨ। ਲਾਟਰੀ ਨਿਕਲਣ ਵਾਂਗ ਹਰ ਵਕਤ ਕਿਸੇ ਕਰਾਮਾਤ ਦੀ ਹੀ ਉਡੀਕ ਕਰਦੇ ਹਨ। ਇਹ ਸਭ ਇਸ ਕਰਕੇ ਹੈ ਕਿਉਂਕਿ ਸਾਡੇ ਧਾਰਮਿਕ ਗਰੰਥਾਂ ਨੇ ਸਾਡੀ ਸੋਚ ਖੁੰਡੀ ਕਰ ਦਿੱਤੀ ਹੈ। ਅਸੀਂ ਸੋਚਦੇ ਹੀ ਨਹੀਂ, ਕੋਈ ਮੁਸੀਬਤ ਹੋਵੇ ਤਾਂ ਬਜਾਏ ਸੋਚ ਕੇ ਹੱਲ ਕਰਨ ਦੇ ਅਸੀਂ ਭੱਜ ਕੇ ਧਾਰਮਿਕ ਸਥਾਨ 'ਚ ਜਾਹ ਪਨਾਹ ਲੈਂਦੇ ਹਾਂ ਅਤੇ ਹੱਥ ਜੋੜ ਕੇ ਅਰਦਾਸ ਕਰਕੇ ਸੁੱਖਣਾ ਸੁਖਦੇ ਹਾਂ ਕਿ ਜੇ ਬਚ ਗਏ ਤਾਂ ਇਹ ਕੁਝ ਦਾਨ ਕਰਾਂਗੇ।

ਪਹਿਲਾਂ ਸਾਨੂੰ ਧਾਰਮਿਕ ਲੋਕਾਂ ਨੇ ਮੰਗਤੇ ਬਣਾਇਆ ਅਤੇ ਫਿਰ ਰਾਜਨੇਤਾਵਾਂ ਨੇ । ਸਾਡੇ ਕੋਲੋਂ ਲੜਣ ਦੀ ਸ਼ਕਤੀ ਖੋਹ ਕੇ ਸਾਨੂੰ ਨਿਪੁੰਸਕਤਾ ਵੱਲ ਧੱਕਿਆ ਗਿਆ। ਅਸੀਂ ਜੋਤਸ਼ੀਆਂ, ਪਾਂਡਿਆਂ ਕੋਲ ਜਾ ਕੇ ਗਿੜਗਿੜਾਉਣ ਲੱਗੇ। ਸਾਨੂੰ ਵਰਤਮਾਨ ਤੋਂ ਬੇਮੁੱਖ ਕਰਕੇ ਭੂਤ ਅਤੇ ਭਵਿੱਖ ਵੱਲ ਧੱਕ ਦਿਤਾ ਗਿਆ। ਭੂਤ ਪਿਛਲੇ ਜਨਮ ਦੇ ਕਿਸੇ (ਉਦੋਂ ਮਾੜੇ ਕੰਮ ਕੀਤੇ ਸੀ ਤਾਂ ਗਰੀਬੀ ਹੈ।) ਭਵਿੱਖ ਅਗਲੇ ਜਨਮ ,ਲੋਕ ਪਰਲੋਕ ਦਾ ਫਿਕਰ 'ਚ ਸਾਡਾ ਵਰਤਮਾਨ ਤਬਾਹ ਕਰ ਦਿੱਤਾ ਗਿਆ। ਜ਼ਿੰਦਗੀ ਨਰਕ ਬਣਾ ਦਿੱਤੀ ਸੁਰਗਾਂ ਦੇ ਲਾਰਿਆਂ ਨੇ। ਸਾਡਾ ਵਰਤਮਾਨ ਅਰਦਾਸਾਂ ਕਰਨ ਅਤੇ ਯੱਗ ਕਰਨ 'ਚ ਬਰਬਾਦ ਕਰ ਦਿੱਤਾ ਗਿਆ। ਯੂਰਪੀਅਨ ਕੌਮਾਂ ਨੇ ਜਿਹੜਾ ਸਮਾਂ ਨਵੀਆਂ ਕਾਢਾਂ ਕੱਢ ਕੇ ਵਿਕਾਸ ਵੱਲ ਲਾਇਆ ਅਸੀਂ ਉਹ ਸਮਾਂ ਯੱਗ ਕਰਨ,ਅਹੂਤੀਆਂ ਦੇਣ ,ਨਰ ਬਲੀ ਦੇਣ ਅਤੇ ਔਰਤਾਂ ਨੂੰ ਸਤੀ ਕਰਨ ਆਦਿ ਵਿਚ ਨਸ਼ਟ ਕਰ ਦਿੱਤਾ। ਅਸੀਂ ਕਿਰਤੀ ਨੂੰ ਦਿਹਾੜੀ ਲਿਜਾ 300 ਰੁਪੈ 'ਚੋਂ 100 ਰੁਪੈ ਘੱਟ ਦੇਣ ਦੀ ਕੋਸ਼ਿਸ਼ ਕਰਦੇ ਹਾਂ,ਪਰ ਭਗਵੇਂ ਕਪੜੇ ਵਾਲੇ ਵਿਹਲੜ ਸਾਧ 500 ਰੁਪੈ ਦੇ ਦਾਣਿਆਂ ਦਾ ਬੱਠਲ ਭਰ ਕੇ ਪਾ ਦਿੰਦੇ ਹਾਂ ਅਤੇ ਬੜੇ ਖੁਸ਼ ਹੁੰਦੇ ਹਾਂ ਕਿ ਸ਼ਾਇਦ ਸਾਡੀ ਗਰੀਬੀ ਇਹ ਸਾਧ ਦੂਰ ਕਰ ਦੇਵੇਗਾ। ਇਸ ਤਰ੍ਹਾਂ ਅਸੀਂ ਕੰਮ ਦੀ ਕਦਰ ਨਾ ਕਰਕੇ ਕੰਮ ਸੱਭਿਆਚਾਰ ਤੋਂ ਦੂਰ ਹੁੰਦੇ ਗਏ। ਭਾਰਤ ਦਾ ਇਕ ਸਵਾਮੀ ਰਾਮ ਤੀਰਥ 30 ਸਾਲ ਦੀ ਉਮਰ 'ਚ ਸਮੁੰਦਰੀ ਜਹਾਜ 'ਤੇ ਜਪਾਨ ਜਾ ਰਿਹਾ ਸੀ ਕਿ ਉਸ ਜਹਾਜ 'ਚ ਇਕ 90 ਸਾਲ ਦਾ ਬਜ਼ੁਰਗ ਚੀਨੀ ਭਾਸ਼ਾ ਸਿੱਖ ਰਿਹਾ ਸੀ। ਚੀਨੀ ਭਾਸ਼ਾ ਦੁਨੀਆਂ ਦੀ ਸਭ ਤੋਂ ਔਖੀ ਭਾਸ਼ਾ ਹੈ। ਹਰ ਸ਼ਬਦ ਇਕ ਚਿਤਰ ਹੈ। ਜੇ ਝਗੜਾ ਲਿਖਣਾ ਹੈ ਝੁੱਗੀ 'ਚ ਬੈਠੀਆਂ ਦੋ ਔਰਤਾਂ ਦਾ ਚਿਤਰ ਹੈ। ਇਸ ਤਰ੍ਹਾਂ ਦੇ ਇਕ ਲੱਖ ਚਿਤਰ ਯਾਦ ਹੋ ਜਾਣ 'ਤੇ ਚੀਨੀ ਭਾਸ਼ਾ ਲਿਖਣੀ ਪੜ੍ਹਣੀ ਆਉਂਦੀ ਹੈ। ਕਹਿੰਦੇ ਚੀਨੀ ਭਾਸ਼ਾ ਸਿਖਣ ਲਈ ਘੱਟੋ ਘੱਟ 10 ਸਾਲ ਲਗਦੇ ਐ। ਉਸ ਬੁੱਢੇ ਨੂੰ ਰੋਜ ਚੀਨੀ ਭਾਸ਼ਾ ਸਿਖਦੇ ਨੂੰ ਦੇਖ ਕੇ ਇਕ ਦਿਨ ਰਾਮ ਤੀਰਥ ਨੇ ਕਿਹਾ ਕਿ ਬਾਬਾ ਤੂੰ ਮਰਨ ਕਿਨਾਰੇ ਐਂ ਅਤੇ ਐਨੀ ਔਖੀ ਭਾਸ਼ਾ ਸਿੱਖਣ ਲੱਗਿਆ ਪਿਐਂ। ਬਜ਼ੁਰਗ ਕਹਿੰਦਾ ਮੈਂ ਤਾਂ ਕਦੇ ਮੌਤ ਬਾਰੇ ਸੋਚਿਆ ਹੀ ਨਹੀਂ ,ਇਹ 90 ਸਾਲ ਜ਼ਿੰਦਗੀ ਬਾਰੇ ਸੋਚ ਕੇ ਕੰਮ ਕਰਦਿਆਂ ਹੀ ਬਤੀਤ ਕੀਤੇ ਐ, ਮੌਤ ਬਾਰੇ ਤਾਂ ਸਿਰਫ ਤੁਸੀਂ ਭਾਰਤੀ ਹੀ ਹਰ ਵਕਤ ਸੋਚਦੇ ਰਹਿੰਦੇ ਹੋ। ਤੁਸੀਂ ਮੌਤ ਤੋਂ ਡਰਦੇ ਕੋਈ ਨਵਾਂ ਕੰਮ ਨਹੀਂ ਕਰਦੇ, ਸਿਰਫ ਮੌਤ ਦੀ ਉਡੀਕ ਕਰਦੇ ਰਹਿੰਦੇ ਹੋ। ਕਹਿੰਦੇ ਰਾਮ ਤੀਰਥ ਤਾਂ 32 ਸਾਲ ਦੀ ਉਮਰ 'ਚ ਹੀ ਮਰ ਗਿਆ। ਉਹ ਬਜ਼ੁਰਗ 105 ਸਾਲ ਦਾ ਹੋ ਕੇ ਮਰਿਆ। ਉਦੋਂ ਤੱਕ ਉਸਨੇ ਚੀਨੀ ਭਾਸ਼ਾ ਸਿੱਖ ਕੇ ਨਾ ਕੇਵਲ ਅਨੇਕਾਂ ਚੀਨੀ ਕਿਤਾਬਾਂ ਪੜ੍ਹੀਆਂ ਸਗੋਂ ਚੀਨੀ ਭਾਸ਼ਾ 'ਚ ਇਕ ਕਿਤਾਬ ਵੀ ਲਿਖ ਦਿੱਤੀ ਸੀ।

ਵਿਕਸਤ ਦੇਸ਼ ਕਿਸੇ ਰੱਬ ਜਾਂ ਕਿਸਮਤ ਨੇ ਨਹੀਂ ਬਣਾਏ ਦਿਮਾਗੀ ਸੋਚ ਅਤੇ ਮਿਹਨਤ ਨੇ ਬਣਾਏ ਐ। ਰੂਸੀਆਂ -ਇਜ਼ਰਾਈਲ ਵਾਲਿਆਂ ਅਤੇ ਹੋਰ ਕਈ ਮੁਲਕਾਂ ਨੇ ਮਾਰੂਥਲ 'ਚ ਬਾਗ ਲਾ ਦਿਤੇ। ਸੁੱਕੀ ਰੇਤ 'ਚ ਨਦੀਆਂ ਵਗਾ ਦਿੱਤੀਆਂ ਅਤੇ ਅਸੀਂ ਨਹਿਰਾਂ ਪਿੱਛੇ ਆਪਸ 'ਚ ਝਗੜ ਕੇ ਵਗਦੀਆਂ ਨਦੀਆਂ ਵੀ ਸੁਕਾਉਣ ਲੱਗੇ ਪਏ ਹਾਂ। ਸਾਡੀਆਂ ਨਪੁੰਸਕ ਅਰਦਾਸਾਂ ਨਾ ਸੁਣੀਆਂ ਗਈਆਂ ਅਤੇ ਨਾ ਹੀ ਕਦੇ ਸੁਣੀਆਂ ਗਈਆਂ। ਅਸੀਂ ਅੱਖਾਂ ਮੀਚ ਆਪਣੇ ਵਡੇਰਿਆਂ ਮਗਰ ਤੁਰਦੇ ਰਹੇ ਅਤੇ ਸਾਡੇ ਬੱਚੇ ਦਿਮਾਗ ਬੰਦ ਕਰਕੇ ਸਾਡੇ ਮਗਰ ਹੱਥ ਜੋੜੀ ਤੁਰੇ ਆ ਰਹੇ ਹਨ। ਬੱਸ ਸਾਡਾ ਦੁਖਾਂਤ ਹੈ ਕਿ ਅਸੀਂ ਸੋਚਦੇ ਨਹੀਂ,ਜਿਸ ਦਿਨ ਭਾਰਤ ਵਾਸੀ ਸੋਚਣ ਲੱਗ ਪਏ, ਸਵਾਲ ਕਰਨ ਲੱਗ ਪਏ ਉਸ ਦਿਨ ਭਾਰਤ ਵੀ ਦੁਨੀਆਂ ਦਾ ਅਮੀਰ ਦੇਸ ਹੋ ਜਾਵੇਗਾ।

# ਅਲੌਕਿਕ ਸ਼ਕਤੀਆਂ

ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ

ਬੀ. ਬੀ. ਸੀ. ਦੇ ਹਿੰਦੀ ਪ੍ਰੋਗਰਾਮ ਮੁਤਾਬਕ, "ਅੱਜ ਮਿਥਿਹਾਸਕ ਕਹਾਣੀਆਂ ਦੇ ਨਾਲ ਨਾਲ ਭੂਤਾਂ, ਪ੍ਰੇਤਾਂ ਅਤੇ ਨਾਗਿਨਾਂ ਚੁੜੇਲਾਂ ਵਾਲੇ ਨਾਟਕ ਕਹਾਣੀਆਂ, ਫਿਲਮਾਂ, ਜ਼ਿਆਦਾ ਮਸ਼ਹੂਰ ਹੋ ਰਹੇ ਹਨ।" ਕਿਤਾਬਾਂ, ਫਿਲਮਾਂ ਅਤੇ ਵੀਡੀਓ ਗੇਮਾਂ ਵਿੱਚ ਅਕਸਰ ਭੂਤਾਂ ਨੂੰ ਜਵਾਨ ਜਾਂ ਬੁੱਢੇ ਅਤੇ ਚੁੜੇਲਾਂ ਨੂੰ ਸੋਹਣੀਆਂ-ਮਨਮੋਹਣੀਆਂ ਕੁੜੀਆਂ ਦੇ ਰੂਪ ਵਿੱਚ ਦਿਖਾਇਆ ਜਾਂਦਾ ਹੈ।

ਅਖਬਾਰ-ਅਖਬਾਰ ਹਿੰਦੁਸਤਾਨ ਟਾਈਮਜ਼ ਮੁਤਾਬਕ ਕੁੱਝ ਸਾਲ ਪਹਿਲਾਂ ਇੱਕ ਸਰਵੇਖਣ ਕਰਾਇਆ ਗਿਆ ਜਿਸ ਤੋਂ ਪਤਾ ਲੱਗਾ ਕਿ 46 ਪ੍ਰਤੀਸ਼ਤ ਭਾਰਤੀ ਭੂਤਾਂ ਤੇ ਵਿਸ਼ਵਾਸ ਕਰਦੇ ਹਨ। ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਮੁਤਾਬਕ ਹੁਣ ਇਹਨਾਂ ਦੀ ਗਿਣਤੀ 56 ਪ੍ਰਤੀਸ਼ਤ ਹੋ ਗਈ ਹੈ। ਸਮਾਜ ਵਿਗਿਆਨ ਦਾ ਪ੍ਰੋਫੈਸਰ ਕਲੌਫ ਫਿਸ਼ਰ ਲਿਖਦਾ ਹੈ: "ਅਮਰੀਕਾ ਵਿੱਚ ਬਜ਼ੁਰਗਾਂ ਨਾਲੋਂ ਦੋ ਗੁਣਾਂ ਜ਼ਿਆਦਾ ਨੌਜਵਾਨ ਚੇਲੇ-ਚਾਂਟਿਆਂ ਕੋਲ ਜਾਂਦੇ ਹਨ, ਭੂਤਾਂ ਤੇ ਵਿਸ਼ਵਾਸ ਕਰਦੇ ਹਨ ਅਤੇ ਇਹ ਵੀ ਮੰਨਦੇ ਹਨ ਕਿ ਕਈ ਘਰਾਂ ਵਿੱਚ ਭੂਤਾਂ ਦਾ ਵਾਸਾ ਹੈ।"



ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਲੋਕਾਂ ਵਿੱਚ ਭੂਤ-ਪ੍ਰੇਤ ਵੱਸਣ ਵਾਲੀਆਂ ਕਹਾਣੀਆਂ ਫਿਰ ਤੋਂ ਬਹੁਤ ਜ਼ਿਆਦਾ ਮਸ਼ਹੂਰ ਹੋ ਰਹੀਆਂ ਹਨ। ਇੱਕ ਅਖਬਾਰ ਦੱਸਦੀ ਹੈ ਕਿ ਕਈ ਸੱਭਿਆਚਾਰਾਂ ਵਿੱਚ ਭੂਤਾਂ-ਪ੍ਰੇਤਾਂ ਵਾਲੀਆਂ ਕਹਾਣੀਆਂ ਦੁਬਾਰਾ ਇਸ ਕਰਕੇ ਮਸ਼ਹੂਰ ਹੋ ਰਹੀਆਂ ਹਨ, ਕਿਉਂਕਿ ਪਿਛਲੇ ਦਹਾਕੇ ਤੋਂ ਇਹਨਾਂ ਵਿੱਚ ਭੂਤਾਂ, ਚੁੜੇਲਾਂ ਜਾਂ ਨਾਗਿਨਾਂ ਵਰਗੇ ਪਾਤਰ ਪਾਏ ਜਾ ਰਹੇ ਹਨ।

ਇੱਕ ਰਿਪੋਰਟ ਮੁਤਾਬਕ "ਦੁਨੀਆਂ ਭਰ ਦੇ 25 ਤੋਂ 50 ਪ੍ਰਤੀਸ਼ਤ ਲੋਕ ਭੂਤਾਂ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਬਹੁਤ ਸਾਰੇ ਸੱਭਿਆਚਾਰਾਂ ਦੇ ਸਾਹਿਤ ਵਿੱਚ ਮੁੱਖ ਤੌਰ ਤੇ ਭੂਤਾਂ ਪ੍ਰੇਤਾਂ ਬਾਰੇ ਦੱਸਿਆ ਜਾਂਦਾ ਹੈ।" ਸਮਾਜ-ਵਿਗਿਆਨ ਦੇ ਪ੍ਰੋਫੈਸਰ ਕ੍ਰਿਸਟਫਰ ਬੇਡਰ ਅਤੇ ਕਾਰਸਲ ਮੈਨਕਲ ਨੇ ਅਮਰੀਕਾ ਵਿੱਚ ਇੱਕ ਸਰਵੇ ਕੀਤਾ," ਜਿਸ ਵਿੱਚ ਇਹ ਹੈਰਾਨ ਕਰਨ ਵਾਲਾ ਸੱਚ ਸਾਹਮਣੇ ਆਇਆ ਕਿ 70 ਤੋਂ 80 ਪ੍ਰਤੀਸ਼ਤ ਅਮਰੀਕੀ ਕਿਸੇ ਨਾ ਕਿਸੇ ਤਰ੍ਹਾਂ ਦੀ ਜਾਦੂਗਰੀ ਤੇ ਵਿਸ਼ਵਾਸ ਕਰਦੇ ਹਨ।

ਅਗਰ ਭਾਰਤ ਵਿੱਚ ਕੋਈ ਐਹੋ ਜੇਹਾ ਲੰਬਾ ਚੌੜਾ ਸਰਵੇਖਣ ਕੀਤਾ ਜਾਵੇ ਤਾਂ ਭੂਤਾਂ-ਪ੍ਰੇਤਾਂ ਵਿੱਚ ਯਕੀਨ ਵਾਲੀ ਗੱਲ 90-95 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਹੋ ਸਕਦੀ ਹੈ। ਹੁਣ ਆਪਾਂ ਵੱਖ-ਵੱਖ ਸਰਵੇਖਣਾਂ ਤੋਂ ਜਾਣ ਲਿਆ ਹੈ ਕਿ ਬਹੁਤ ਸਾਰੇ ਲੋਕ ਅਲੌਕਿਕ ਸ਼ਕਤੀਆਂ ਜਾਂ ਐਹੋ ਜੇਹੀਆਂ ਪਰਲੋਕ ਵਾਲੀਆਂ ਗੱਲਾਂ ਵਿੱਚ ਅਤੇ ਕੰਮਾਂ ਵਿੱਚ ਵਿਸ਼ਵਾਸ ਨਹੀਂ ਕਰਦੇ ਅਤੇ ਉਹ ਸੋਚਦੇ ਅਤੇ ਮੰਨਦੇ ਹਨ ਕਿ ਇਹ ਮਨਘੜਤ ਜਾਂ ਫਿਲਮਾਂ ਦੇ ਲਿਖਾਰੀਆਂ ਦੀ ਕਲਪਨਾ ਹੈ। ਮਹੂਰਤ ਦੇਖਣ ਵਾਲਾ, ਫਾਲ ਪਾਉਣ ਵਾਲਾ, ਝਾੜ ਫੂਕ ਕਰਨ ਵਾਲਾ ਜਾਂ ਵਾਲੀ, ਜਿਹਨਾਂ ਤੋਂ ਪੁੱਤਰ ਲੈਣ ਵਾਲਾ ਜਾਂ ਵਾਲੀ ਅਤੇ ਭੂਤ ਕੱਢਣ ਵਾਲੇ ਸਭ ਲੋਕਾਂ ਨੂੰ ਮੂਰਖ ਬਣਾ ਕੇ ਉਹਨਾਂ ਦਾ ਸੋਸ਼ਣ ਕਰਦੇ ਹਨ। ਲੋਕਾਂ ਨੂੰ ਗੁਮਰਾਹ ਕਰਨਾ ਇੱਕ ਘਿਨਾਉਣਾ ਜ਼ੁਰਮ ਹੈ।

ਇਹਨਾਂ ਗੱਲਾਂ ਦੇ ਨਾਲ ਮਿਲਦੀ ਜੁਲਦੀ ਹੀ ਜਾਦੂਗਰੀ ਹੈ ਜੋ ਕਿ ਦੇਖਣ ਵਾਲਿਆਂ ਨੂੰ ਧੋਖਾ ਦੇ ਕੇ ਚਮਤਕਾਰ ਦਿਖਾਉਣ ਦੀ ਕਿਰਿਆ ਹੈ। ਭਾਵੇਂ ਕਿ ਮਨੋਰੰਜਨ ਜਗਤ ਵਿੱਚ ਜਾਦੂਗਰੀ ਨੂੰ ਬੜੇ ਹੀ ਦਿਲਚਸਪ ਢੰਗ ਨਾਲ ਦਿਖਾਇਆ ਜਾਂਦਾ ਹੈ, ਪਰ ਸਾਨੂੰ ਇਸ ਨਾਲ ਜੁੜੇ ਖਤਰਿਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਗੈਲਪ ਯੂਥ ਸਰਵੇ 2014 ਮੁਤਾਬਕ ਟੈਲੀਵਿਜਨ, ਫਿਲਮਾਂ ਅਤੇ ਕਿਤਾਬਾਂ ਵਿੱਚ ਜਾਦੂਗਰਨੀਆਂ ਨੂੰ ਬੜੇ ਹੀ ਵਧੀਆ ਤਰੀਕੇ ਨਾਲ ਪੇਸ਼ ਕਰਨ ਕਰਕੇ ਸ਼ਾਇਦ ਨੌਜਵਾਨ ਕੁੜੀਆਂ ਦਾ ਜਾਦੂਗਰੀ 'ਤੇ ਭਰੋਸਾ ਵੱਧਣ ਲੱਗਾ ਹੈ।

ਅਸਲੀ ਸੱਚਾਈ ਤੋਂ ਕਿਸੇ ਨੂੰ ਜਾਣ ਬੁਝ ਕੇ ਵਾਂਝਿਆਂ ਰੱਖਣਾ ਇੱਕ ਧੋਖਾ ਅਤੇ ਗੁਨਾਹ ਹੈ। ਇਹ ਗੁਨਾਹ ਅਤੇ ਧੋਖਾ ਭਾਰਤੀ ਸਮਾਜ ਦੇ ਅੰਗ ਅੰਗ 'ਚ ਵਾਸਾ ਕਰਦਾ ਹੈ। ਅਗਰ ਜਾਦੂਗਾਰੀ ਦੀ ਚੀਰਫਾੜ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹਦੇ ਵਿੱਚ ਕਈ ਕੁੱਝ ਸ਼ਾਮਲ ਹੈ: ਜਿਵੇਂ ਭਵਿੱਖ ਦੇਖਣਾ, ਜਾਦੂ ਟੂਣੇ ਕਰਨੇ, ਚੇਲੇ-ਚਾਂਟਿਆਂ ਕੋਲ ਜਾਣਾ ਅਤੇ ਭੂਤ ਕੱਢਣੇ। ਦੁਨੀਆਂ ਦੇ ਕਈ ਹਿੱਸਿਆ ਵਿੱਚ ਲੋਕ ਚੇਲੇ-ਚਾਂਟਿਆਂ ਦੀ ਮੱਦਦ ਜਾਂ ਹੋਰ ਕਿਸੇ ਤਰੀਕੇ ਨਾਲ ਦੁਸ਼ੁੱਟ ਦੂਤਾਂ ਨਾਲ ਗਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਬਹੁਤ ਸਾਰੇ ਲੋਕ ਭਵਿੱਖ ਜਾਨਣ ਲਈ ਟੇਵੇ ਲਾਉਂਦੇ ਹਨ। ਉਹ ਗ੍ਰਹਿ ਦੇਖਦੇ ਹਨ, ਫਾਲ ਪਾਉਂਦੇ ਹਨ, ਕ੍ਰਿਸਟਲ ਬਾਲ ਵਿੱਚੋਂ ਦੇਖਦੇ ਹਨ ਅਤੇ ਦੂਸਰਿਆਂ ਦਾ ਜਾਂ ਆਪਣਾ ਹੱਥ ਦੇਖਦੇ ਹਨ।



ਕਿਤਾਬਾਂ ਰਸਾਲਿਆਂ ਅਤੇ ਫਿਲਮਾਂ ਵਿੱਚ ਦਿਖਾਇਆ ਜਾਂਦਾ ਹੈ ਕਿ ਜਾਦੂਗਰੀ ਕਰਨ ਵਿੱਚ ਕੋਈ ਖਤਰਾ ਨਹੀਂ ਹੈ ਅਤੇ ਇਸ ਰਾਹੀਂ ਲੋਕਾਂ ਦਾ ਧਿਆਨ ਜਾਦੂਗਰੀ ਵੱਲ ਖਿੱਚਿਆ ਜਾਂਦਾ ਹੈ। ਕਈ ਮਾਹਰ ਦੱਸਦੇ ਹਨ ਕਿ ਟੀ. ਵੀ. ਪ੍ਰੋਗਰਾਮਾਂ ਅਤੇ ਫਿਲਮਾਂ ਵਿੱਚ ਜਾਦੂਗਰੀ ਨੂੰ ਜਿਸ ਤਰੀਕੇ ਨਾਲ ਦਿਖਾਇਆ ਜਾਂਦਾ ਹੈ, ਉਸ ਦਾ ਲੋਕਾਂ ਤੇ ਵਿਸ਼ਵਾਸ ਤੇ ਗਹਿਰਾ ਅਸਰ ਪੈਦਾ ਹੈ ਅਤੇ ਏਦਾਂ ਲੱਗ ਸਕਦਾ ਹੈ ਕਿ ਕੁੱਝ ਅਲੌਕਿਕ ਸ਼ਕਤੀਆਂ ਲੋਕਾਂ ਦੀ ਮੱਦਦ ਕਰ ਰਹੀਆਂ ਹਨ। ਪਰ ਸੱਚਾਈ ਇਹ ਹੈ ਕਿ ਆਪਣੇ ਪੈਸੇ ਕਮਾਉਣ ਦੇ ਲਾਲਚ ਵਿੱਚ ਇਹ ਬਹੁਤ ਵੱਡਾ ਗੁਨਾਹ ਕਰ ਰਹੇ ਹਨ ਕਿਉਂਕਿ ਇਹਨਾਂ ਗੱਲਾਂ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਦਾ ਖਲਵਾੜ ਕੀਤਾ ਜਾ ਰਿਹਾ ਹੈ। ਨਸਲ ਦਰ ਨਸਲ ਨੂੰ ਖਰਾਬ ਕਰਕੇ ਲੋਕਾਂ ਨੂੰ ਆਪਣੇ ਸੁਆਰਥ ਬਦਲੇ ਦੁੱਖਾਂ ਅਤੇ ਭਰਮਾਂ ਵਿੱਚ ਪਾਇਆ ਜਾ ਰਿਹਾ ਹੈ।

ਮਿਸਾਲ ਲਈ, 12 ਸਾਲ ਦੀ ਉਮਰ ਵਿੱਚ ਜੀਤੋ ਨੂੰ ਲੱਗਦਾ ਸੀ ਕਿ ਉਸ ਕੋਲ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਜਾਂ ਖਤਰਿਆਂ ਬਾਰੇ ਸੋਚਣ ਅਤੇ ਦੱਸਣ ਦੀ ਤਾਕਤ ਸੀ। ਉਹ ਆਪਣੇ ਨਾਲ ਪੜ੍ਹਨ ਵਾਲਿਆਂ ਲਈ ਟੈਰੋ ਕਾਰਡ ਪੜ੍ਹਦੀ ਸੀ। ਉਸ ਦੀਆਂ ਦੱਸੀਆਂ ਗੱਲਾਂ ਦਾ ਕਦੇ ਕਦੇ ਟੁੱਲ ਲੱਗ ਜਾਂਦਾ ਸੀ ਅਤੇ ਫਿਰ ਉਹ ਇਸ ਕੰਮ ਵਿੱਚ ਹੋਰ ਦਿਲਚਸਪੀ ਲੈਣ ਲੱਗੀ।

ਜੀਤੋ ਨੂੰ ਇਹ ਭੁਲੇਖਾ ਪੈ ਗਿਆ ਕਿ ਉਹਨੂੰ 'ਰੱਬ' ਨੇ ਇਸ ਕੰਮ ਲਈ ਖਾਸ ਸ਼ਕਤੀ ਦਿੱਤੀ ਹੈ ਤਾਂ ਕਿ ਉਹ ਲੋਕਾਂ ਦੀ ਮੱਦਦ ਕਰ ਸਕੇ। ਪਰ ਉਹਦਾ ਮਨ ਉਹਨੂੰ ਤੰਗ ਵੀ ਕਰ ਰਿਹਾ ਸੀ ਕਿ ਮੈਂ ਦੂਸਰਿਆਂ ਲਈ ਤਾਂ ਕਾਰਡ ਪੜ੍ਹ ਸਕਦੀ ਹਾਂ ਪਰ ਆਪਣੇ ਲਈ ਨਹੀਂ ਭਾਵੇਂ ਕਿ ਮੈਂ ਵੀ ਆਪਣਾ ਭਵਿੱਖ ਜਾਣਨਾ ਚਾਹੁੰਦੀ

ਸੀ। ਜੀਤੋ ਦੇ ਮਨ ਵਿੱਚ ਬਹੁਤ ਸਾਰੇ ਸਵਾਲ ਸਨ। ਜਿਉਂ ਜਿਉਂ ਉਹ ਵੱਡੀ ਹੋਈ ਅਤੇ ਸਾਇੰਸ ਬਾਰੇ ਜਾਨਣਾ ਸ਼ੁਰੂ ਕੀਤਾ ਕਿ ਇਹ ਸਭ ਗੱਲਾਂ ਮਨਘੜਤ, ਕਲਪਨਾ ਅਤੇ ਧੋਖਾ ਹੈ ਤਾਂ ਉਹਨੇ ਇਸ ਕੰਮ ਤੋਂ ਤੋਬਾ ਕਰ ਲਿਤੀ। ਇਸੇ ਤਰ੍ਹਾਂ ਰਮੇਸ਼ ਨੂੰ ਉਹ ਨਾਵਲ ਪੜ੍ਹਨ ਦਾ ਸ਼ੌਕ ਸੀ ਜਿਹਨਾਂ ਵਿੱਚ ਅਲੌਕਿਕ ਸ਼ਕਤੀਆਂ ਬਾਰੇ ਦੱਸਿਆ ਹੁੰਦਾ ਸੀ। ਉਹਦਾ ਕਹਿਣਾ ਹੈ ਕਿ ਮੈਨੂੰ ਮੇਰੀ ਉਮਰ ਵਿੱਚ ਉਹਨਾਂ ਐਕਟਰਾਂ ਬਾਰੇ ਜਾਨਣਾ ਬਹੁਤ ਵਧੀਆ ਲੱਗਦਾ ਸੀ ਜੋ ਕਾਲਪਨਿਕ ਦੁਨੀਆਂ ਵਿੱਚ ਜਾਂਦੇ ਸਨ। ਇਸੇ ਕਰਕੇ ਮੈਂ ਜਾਦੂਗਰੀ ਅਤੇ ਅਲੌਕਿਕ ਸ਼ਕਤੀਆਂ ਵਾਲੀਆਂ ਕਿਤਾਬਾਂ ਪੜ੍ਹਨ ਦਾ ਆਦੀ ਹੋ ਗਿਆ। ਮੇਰੀ ਇੱਛਾ ਵੱਧਦੀ ਗਈ ਅਤੇ ਇਸੇ ਕਰਕੇ ਮੈਂ ਐਹੋ ਜੇਹੀਆਂ ਫਿਲਮਾਂ ਵੀ ਦੇਖਣ ਲੱਗ ਪਿਆ। ਟੀ. ਵੀ. ਪ੍ਰੋਗਰਾਮ, ਰਸਾਲੇ ਅਤੇ ਮੈਗਜ਼ੀਨ ਵੀ ਉਹ ਪੜਦਾ ਜਿਹਨਾ ਵਿੱਚ ਅਲੌਕਿਕ ਸ਼ਕਤੀਆਂ ਬਾਰੇ ਚਰਚਾ ਕੀਤੀ ਗਈ ਹੁੰਦੀ। ਫਿਰ ਇੱਕ ਦਿਨ ਜਦ ਮੈਂ ਕੁੱਝ ਐਹੋ ਜੇਹੇ ਲੋਕਾਂ ਨੂੰ ਮਿਲਿਆ ਜਿਹਨਾਂ ਇਹਨਾਂ ਬਾਰੇ ਮੈਨੂੰ ਤਰਕ ਨਾਲ ਸਮਝਾਇਆ ਕਿ ਇਹ ਨਿਰਾ ਧੋਖਾ ਹੈ ਅਤੇ ਮੈਂ ਆਪਣਾ ਸਮਾਂ ਅਤੇ ਦਿਮਾਗੀ ਸ਼ਕਤੀ ਗਲਤ ਪਾਸੇ ਲਾ ਰਿਹਾ। ਮੈਂ ਫਿਰ ਐਹੋ ਜੇਹੀਆਂ ਕਿਤਾਬਾਂ, ਰਸਾਲੇ ਪੜ੍ਹਨੇ ਬੰਦ ਕਰ ਦਿੱਤੇ ਅਤੇ ਸਮਾਜਿਕ ਵਰਤਾਰਿਆਂ ਨੂੰ ਵਿਗਿਆਨਕ ਤਰੀਕਿਆਂ ਨਾਲ ਦੇਖਣ ਲੱਗ ਪਿਆ। ਮੈਨੂੰ ਇਹ ਸਮਝ ਆ ਗਈ ਹੈ ਕਿ ਦੁਨੀਆਂ ਵਿੱਚ ਸਾਰੀ ਤਰੱਕੀ ਅਤੇ ਸੁੱਖ ਸਾਇੰਸ ਨੇ ਦਿੱਤਾ ਹੈ ਅਤੇ ਅਲੌਕਿਕ ਸ਼ਕਤੀਆਂ ਦੇ ਦਾਅਵੇਦਾਰਾਂ ਨੇ ਲੋਕਾਂ ਨੂੰ ਮੂਰਖ ਬਣਾ ਕੇ ਇਨਸਾਨੀਅਤ ਖਿਲਾਫ ਜ਼ੁਰਮ ਕੀਤਾ ਹੈ ਅਤੇ ਉਹ ਇਹ ਜ਼ੁਰਮ ਨਸਲ-ਦਰ-ਨਸਲ ਕਰਦੇ ਜਾ ਰਹੇ ਹਨ। ਦੁਨੀਆਂ ਦੇ ਬਹੁਤ ਸਾਰੇ ਲੋਕ ਚਾਹੇ ਉਹ ਵਿਕਸਤ ਮੁਲਕਾਂ ਵਿੱਚ ਹਨ ਜਾਂ ਵਿਕਸਤ ਹੋ ਰਹੇ ਦੇਸ਼ਾਂ ਵਿੱਚ ਹਨ। ਜਾਦੂਗਰੀ, ਅਲੌਕਿਕ ਸ਼ਕਤੀਆਂ, ਭੂਤਾਂ, ਪ੍ਰੇਤਾਂ ਅਤੇ ਮਰੇ ਹੋਏ ਲੋਕਾਂ ਨਾਲ ਗੱਲਾਂ ਕਰਨੀਆਂ ਜਾਂ ਭਵਿੱਖ ਪੁੱਛਣ ਦੱਸਣ ਵਿੱਚ ਦਿਲਚਸਪੀ ਰੱਖਦੇ ਹਨ। ਦੁਨੀਆਂ ਭਰ ਵਿੱਚ ਲੋਕ ਵਹਿਮਾਂ ਭਰਮਾਂ ਵਿੱਚ ਯਕੀਨ ਰੱਖਦੇ ਹਨ ਅਤੇ ਕਈ ਤਰ੍ਹਾਂ ਦੇ ਨਗ, ਤਵੀਤ ਪਾਉਂਦੇ ਹਨ ਕਿ ਬਦਰੂਹਾਂ ਉਹਨਾਂ ਤੋਂ ਦੂਰ ਰਹਿਣਗੀਆਂ। "ਫੋਕਸ" ਨਾਂ ਦੇ ਜਰਮਨ ਰਸਾਲੇ ਨੇ ਇੱਕ ਲੇਖ "ਲੈਪਲਾਪ ਤੇ ਇਬਲੀਸ" ਵਿੱਚ ਲਿਖਿਆ: "ਇੰਟਰਨੈਟ ਕਰਕੇ ਜਾਦੂਗਰੀ ਅਤੇ ਅਲੌਕਿਕ ਸ਼ਕਤੀਆਂ ਵਿੱਚ ਲੋਕਾਂ ਦੀ ਦਿਲਚਸਪੀ ਵੱਧਦੀ ਜਾ ਰਹੀ ਹੈ।" ਇਹਦਾ ਇੱਕ ਕਾਰਨ ਇਹ ਵੀ ਹੈ ਕਿ ਇਸ ਆਪਾ ਧਾਪੀ ਅਤੇ ਦੌੜ ਭੱਜ ਵਿੱਚ ਅਸੀਂ ਬਹੁਤ ਥੋੜ੍ਹੇ ਸਮੇਂ ਵਿੱਚ ਬਹੁਤ ਸਾਰਾ ਪੈਸਾ ਇਕੱਠਾ ਕਰਨਾ ਚਾਹੁੰਦੇ ਹਾਂ। ਇੱਕ ਦੂਜੇ ਨਾਲੋਂ ਅੱਗੇ ਵੱਧਣ ਦਾ ਰੁਝਾਨ, ਟੀ. ਵੀ. ਤੇ ਦਿੱਤੇ ਇਸ਼ਤਹਾਰ, ਸਮਾਜਿਕ ਤਬਦੀਲੀਆਂ ਵਿੱਚ ਆ ਰਹੀਆਂ ਤੇਜ਼ੀਆਂ, ਰਿਸ਼ਤਿਆਂ ਦੀ ਭੰਨ ਤੋੜ, ਬਹੁਤ ਸਾਰੇ ਲੋਕਾਂ ਨੂੰ ਮਾਯੂਸ ਕਰ ਰਹੀ ਹੈ ਕਿ ਉਹ ਕੋਈ ਕਰਾਮਤੀ ਗੁਰ ਲੱਭ ਲੈਣ ਜਿਸਦੇ ਨਾਲ ਉਹਨਾਂ ਦੀ ਭਟਕਣ ਰੁਕ ਸਕੇ। ਇਸੇ ਆੜ ਵਿੱਚ ਉਹ ਅਲੌਕਿਕ ਸ਼ਕਤੀਆਂ ਦੇ ਏਜੰਟਾਂ ਦੇ ਵੱਸ ਪੈ ਜਾਂਦੇ ਹਨ। ਦੁਨੀਆਂ ਦੀਆਂ ਬਹੁਤ ਸਾਰੀਆਂ ਸਰਕਾਰਾਂ ਲੋਕ ਹਿੱਤੂ ਨਹੀਂ ਹਨ ਅਤੇ ਉਹ ਗਲਤ ਅਤੇ ਝੂਠ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਅਸਲੀ ਮੁੱਦਿਆਂ ਤੋਂ ਦੂਰ ਇਹਨਾਂ ਗੱਲਾਂ ਵਿੱਚ ਮਸਰੂਫ ਰੱਖਦੇ ਹਨ ਤਾਂ ਕਿ ਉਹ ਰਾਜਗੱਦੀ ਤੇ ਲੰਬੇ ਸਮੇਂ ਲਈ ਬੈਠੇ ਰਹਿਣ। ਦੁਨੀਆਂ ਦੇ ਪ੍ਰਚਲਤ ਕਈ ਧਰਮ ਵੀ ਐਹੋ ਜੇਹੇ ਹਨ ਜੋ ਇਹਨਾਂ ਅਲੌਕਿਕ ਸ਼ਕਤੀਆਂ ਵਿੱਚ ਯਕੀਨ ਕਰਦੇ ਹਨ ਅਤੇ ਧਾਰਮਿਕ ਅਦਾਰੇ ਹੁਣ ਸਾਇੰਸ ਦੀਆਂ ਕਾਢਾਂ ਰਾਹੀਂ ਇਹ ਧੂੰਆਧਾਰ ਪ੍ਰਚਾਰ ਦਿਨ ਰਾਤ ਕਰਦੇ ਹਨ। ਇਸੇ ਕਰਕੇ ਬਹੁਤ ਸਾਰੇ ਲੋਕਾਂ ਦਾ ਦਿਮਾਗ ਇਹਨਾਂ ਗੱਲਾਂ ਵਿੱਚ ਯਕੀਨ ਕਰਨ ਲੱਗ ਪਿਆ ਹੈ। ਉਹ ਇਹ ਵੀ ਦਾਅਵਾ ਕਰਦੇ ਹਨ ਕਿ ਅਗਰ ਇਸ ਧਰਮ ਦੀ ਕਿਤਾਬ, ਗ੍ਰੰਥ ਵਿਚਲੀ ਹਰ ਗੱਲ ਤੇ ਯਕੀਨ ਕੀਤਾ ਜਾਵੇ ਤਾਂ ਤੁਹਾਡੇ ਸਭ ਦੁੱਖਾਂ, ਪ੍ਰੇਸ਼ਾਨੀਆਂ ਦਾ ਖਾਤਮਾ ਹੋ ਸਕਦਾ ਹੈ। ਆਮ ਸਾਧਾਰਨ ਜਾਂ ਘੱਟ ਪੜ੍ਹੇ ਲਿਖੇ ਲੋਕਾਂ ਦਾ ਹੀ ਨਹੀਂ ਸਗੋਂ ਵੱਡੀਆਂ ਵੱਡੀਆਂ ਡਿਗਰੀਆਂ ਪ੍ਰਾਪਤ ਕੀਤੇ ਬਹੁਤ ਸਾਰੇ ਲੋਕਾਂ ਦਾ ਵੀ ਇਸ ਗਲ ਵਿੱਚ ਯਕੀਨ ਹੈ। ਇਸ ਭਰਮ ਨੂੰ ਉਹ ਤੋੜਨਾ ਨਹੀਂ ਚਾਹੁੰਦੇ ਕਿਉਂਕਿ ਉਹ ਆਪਣੇ ਆਪ ਨੂੰ ਪਰਿਵਾਰ ਅਤੇ ਰਿਸ਼ਤੇਦਾਰਾਂ ਵਿੱਚ ਇਕੱਲਾ ਮਹਿਸੂਸ ਕਰਨ ਲੱਗ ਪੈਣਗੇ। ਬਹੁਤੇ ਲੋਕੀ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਰੁੱਝੇ ਰਹਿੰਦੇ ਹਨ ਅਤੇ ਇਹਨਾਂ ਭਰਮਾਂ, ਅਕੀਦਿਆਂ ਅਤੇ ਯਕੀਨਾਂ ਬਾਰੇ ਆਲੋਚਨਾਤਮਿਕ ਵਿਸ਼ਲੇਸ਼ਣ ਕਰਨ, ਵਿਗਿਆਨਕ ਕਿਤਾਬਾਂ ਪੜ੍ਹਨ ਜਾਂ ਤਰਕ ਨਾਲ ਸੋਚਣ ਵਾਲੇ ਲੋਕਾਂ ਨਾਲ ਬੜਾ ਘੱਟ ਵਾਸਤਾ ਪੈਂਦਾ ਹੈ। ਕਿਉਂਕਿ ਬਹੁਤ ਸਾਰੇ ਲੋਕ ਇਸ ਵਹਾਅ ਵਿੱਚ ਰੁੜਦੇ ਜਾ ਰਹੇ ਹਨ ਅਤੇ ਇਹ ਕੰਮ ਸੌਖਾ ਵੀ ਹੈ ਤਾਂ ਫਿਰ ਦਿਮਾਗੀ ਸ਼ਕਤੀ ਨੂੰ ਇਸ ਪਾਸੇ ਨਹੀਂ ਲਾਇਆ ਜਾਂਦਾ। ਜਿਸ ਤਰ੍ਹਾਂ ਦਾ ਵਰਤਾਰਾ ਉਸ ਵਿੱਚ ਤਿੜਕਣ ਦਾ ਡਰ ਵੀ ਉਹਨਾਂ ਨੂੰ ਇਸ ਪਾਸੇ ਵੱਲ ਨਹੀਂ ਮੋੜਦਾ। ਉਹ ਬਹੁਤੇ ਲੋਕਾਂ ਦੀ ਰੀਸੋ ਰੀਸ ਆਪਣੀ ਮਾਨਸਿਕ ਅਤੇ ਆਰਥਿਕ ਲੁੱਟ ਕਰਾਉਂਦੇ ਰਹਿੰਦੇ ਹਨ। ਅਸੀਂ ਕਈ ਵਾਰ ਆਪਣੇ ਜਜ਼ਬਾਤਾਂ ਤੋਂ ਉਪਰ ਉੱਠ ਕੇ ਫੈਸਲੇ ਨਹੀਂ ਲੈਂਦੇ। ਸਾਡਾ ਆਪਣਾ ਲੱਗਾਅ ਆਪਣੇ ਮਾਂ, ਬਾਪ, ਦਾਦੇ, ਦਾਦੀ ਅਤੇ ਹੋਰ ਨਜ਼ਦੀਕੀ ਰਿਸ਼ਤਿਆਂ ਨਾਲ ਬੜਾ ਸੰਘਣਾ ਹੁੰਦਾ ਹੈ ਅਤੇ ਜਜ਼ਬਾਤ ਅਧੀਨ ਅਸੀਂ ਇਸ ਗਲ ਨੂੰ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਉਹ ਜਿਹੜੇ ਰੀਤੀ ਰਿਵਾਜ਼ ਖਾਸ ਕਰਕੇ ਅਲੌਕਿਕ ਸ਼ਕਤੀਆਂ ਨਾਲ ਸਬੰਧਤ ਕਿਵੇਂ ਗਲਤ ਹੋ ਸਕਦੇ ਹਨ। ਉਹਨਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਐਹੋ ਜਿਹੀਆਂ ਸੋਚਣੀ ਦੇ ਖਿਲਾਫ ਕੁਝ ਕਰਨ ਨਾਲ ਆਪਣੇ ਇਹਨਾਂ ਰਿਸ਼ਤਿਆਂ ਦੀ ਬੇਇਜ਼ਤੀ ਕਰ ਰਹੇ ਹੋਣਗੇ। ਅਸੀਂ ਕਿਉਂਕਿ ਇਹਨਾਂ ਨਜ਼ਦੀਕੀ ਰਿਸ਼ਤਿਆਂ ਦੀ ਅਗਾਂਹ ਦੀ ਲੜੀ ਅਤੇ ਹਿੱਸਾ ਹਾਂ ਅਤੇ ਸਾਡਾ ਵਜੂਦ ਅਤੇ ਸ਼ਨਾਖਤ ਇਹਦੇ ਨਾਲ ਜੁੜੀ ਹੋਣ ਕਰਕੇ ਅਸੀਂ ਆਪਣੀ ਬੇਇਜ਼ਤੀ ਵੀ ਮਹਿਸੂਸ ਕਰਦੇ ਹਾਂ। ਇਸ ਸੱਚਾਈ ਨੂੰ ਅਸੀਂ ਭੁੱਲ ਜਾਂਦੇ ਹਾਂ ਕਿ ਗਿਆਨ ਦਿਨ-ਬ-ਦਿਨ ਵੱਧ ਰਿਹਾ ਹੈ ਅਤੇ ਅਗਰ ਵਿਗਿਆਨਕ ਸੋਚ ਨਾਲ ਅਸੀਂ ਅਲੌਕਿਕ ਸ਼ਕਤੀਆਂ ਨੂੰ ਗਲਤ ਕਹਿੰਦੇ ਹਾਂ ਤਾਂ ਉਹ ਕਿਸੇ ਦੇ ਬੇਇਜ਼ਤੀ ਨਹੀਂ ਹੈ। ✪✪

## ਓਸ਼ੋ

ਓਸ਼ੋ ਨੇ ਕਿਹਾ ਸੀ, ਕਿ ਲੰਮੇ ਸਮੇਂ ਲਈ ਗੁਲਾਮ ਰਹਿਣ ਵਾਲੇ ਲੋਕਾਂ ਨੂੰ ਜੇ ਆਜ਼ਾਦ ਵਾਲਾ ਦਰਜ਼ਾਵਾ ਖੋਲ ਦੇਈਏ, ਤਾਂ ਅੱਗੋਂ ਉਹ ਆਜ਼ਾਦ ਕਰਨ ਵਾਲੇ ਨਾਲ ਲੜ ਪੈਣਗੇ ਕਿ, ਤੁਸੀਂ ਕਿਉਂ ਸਾਡੀ ਸ਼ਾਂਤੀ ਭੰਗ ਕਰ ਰਹੇ ਓ?? ਅਸੀਂ ਏਥੇ ਠੀਕ ਹਾਂ।

ਤੁਸੀਂ ਜਾਓ।

ਉਹ ਲੋਕ ਠੀਕ ਹੀ ਕਹਿ ਰਹੇ ਹੁੰਦੇ ਨੇ। ਕਿਉਂਕਿ ਉਹ ਹਨੇਰੇ ਵਿੱਚ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ ਉਹ ਕਹਿੰਦੇ ਨੇ ਕਿ ਤੁਸੀਂ ਸਾਡੀ ਸ਼ਾਂਤੀ ਭੰਗ ਨਾ ਕਰੋ। ਚਲੇ ਜਾਓ ਏਥੋਂ। ਇਹ ਸੁਭਾਵਿਕ ਹੀ ਹੈ, ਕਿ ਜਿਹੋ ਜਿਹੇ ਮਾਹੌਲ 'ਚ ਅਸੀਂ ਰਹਿੰਦੇ ਹਾਂ ਸਾਨੂੰ ਉਸ ਮਹੌਲ ਅਨੁਸਾਰ ਢਲਣਾ ਪੈਂਦਾ ਹੈ। ਨਹੀਂ ਤਾਂ ਅਸੀਂ ਮਰ ਜਾਵਾਂਗੇ।

ਬਸ, ਇਵੇਂ ਹੀ ਸਾਡੇ ਨਾਲ ਹੋਇਆ ਏ। ਅਸੀਂ ਆਦੀ ਹੋ ਗਏ ਹਾਂ ਗੁਲਾਮੀ ਦੇ, ਹਨੇਰੇ ਦੇ। ਮੈਂ ਓਸ਼ੋ ਦੀ ਗੱਲ ਨਾਲ ਸਿਰਫ ਸਹਿਮਤ ਹੀ ਨਹੀਂ, ਬਲਕਿ ਮੈਂ ਇਸ ਗਲ ਦਾ ਪਰਯੋਗ ਕਰਕੇ ਵੀ ਵੇਖਿਐ। ਤੁਸੀਂ ਇੱਕ ਚੂਹੇ ਨੂੰ ਕੁੜੱਕੀ ਵਿੱਚ ਕੈਦ ਕਰ ਲਓ। ਫਿਰ ਦੇਖੋ ਕਿ ਉਹ ਕਿਵੇਂ ਬਾਹਰ ਦੀ ਆਜ਼ਾਦੀ ਲਈ ਟਪੂਸੀਆਂ ਮਾਰਦਾ ਹੈ। ਤੁਸੀਂ ਉਸਨੂੰ ਕੁੜੱਕੀ ਵਿੱਚ ਹੀ ਰੋਟੀ ਪਾਣੀ ਪਾਉਂਦੇ ਰਹੋ। ਲੱਗਭੱਗ ਪੰਜ ਕੁ ਦਿਨਾਂ ਬਾਅਦ ਕੁੜੱਕੀ ਖੋਲਕੇ ਵੇਖਣਾ, ਉਹ ਡਰ ਜਾਏਗਾ ਤੇ ਕੁੜੱਕੀ ਦੇ ਖੂੰਜੇ ਲੱਗਕੇ ਬੈਠ ਜਾਏਗਾ।

# ਜਗਦੀ ਰਹਿਣੀ ਚਾਹੀਦੀ ਹੈ ਮਸ਼ਾਲ ਦੀ ਸੋਚ ਵਾਲੀ ਮਸ਼ਾਲ

**ਜ਼ਾਹਿਦ ਹੁਸੈਨ**



ਮਸਾਲ ਖਾਨ

ਮਸ਼ਾਲ ਖਾਨ ਉਸ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋਣ ਵਾਲਾ ਪਹਿਲਾਂ ਜਾਂ ਆਖਰੀ ਸਖ਼ਸ਼ ਨਹੀਂ ਜਿਹੜੀ ਸਮਾਜ ਵਿੱਚ ਬਹੁਤ ਜ਼ਿਆਦਾ ਫੈਲੀ ਹੋਈ ਹੈ। ਅਬਦੁੱਲ ਵਲੀ ਖਾਨ ਯੂਨੀਵਰਸਿਟੀ ਮਰਦਾਨ ਦੇ ਵਿਦਿਆਰਥੀਆਂ ਨੇ ਉਸਦੀ ਬੇਰਹਿਮੀ ਨਾਲ ਹੱਤਿਆ ਕਰਕੇ ਇਹ ਦਰਸਾ ਦਿੱਤਾ ਹੈ ਕਿ ਮਜਹਬ ਦੇ ਨਾਂ ਉੱਪਰ ਬੇਅਕਲੇ ਹਜੂਮ ਨੂੰ ਕਿਸ ਹੱਦ ਤੱਕ ਭੜਕਾਇਆ ਜਾ ਸਕਦਾ ਹੈ। ਉਹਨਾਂ ਨੇ ਇਸ 23 ਅਪ੍ਰੈਲ ਨੂੰ ਮਸ਼ਾਲ ਖਾਨ ਦੇ ਸਰੀਰ ਨੂੰ ਗੋਲੀਆਂ ਮਾਰ ਕੇ ਛੱਲਣੀ ਕੀਤਾ, ਉਸ ਦੀ ਮ੍ਰਿਤਕ ਦੇਹ ਨੂੰ ਮਧੋਲਿਆ, ਉਹਨਾਂ ਵਿੱਚੋਂ ਜ਼ਿਆਦਾਤਰ ਉਸਦੇ ਸਾਥੀ ਵਿਦਿਆਰਥੀ ਸਨ। ਘਟਨਾ ਸਮੇਂ ਪੁਲੀਸ ਖੜ੍ਹੀ ਇਹ ਵਰਤਾਰਾ ਵਾਪਰਦਿਆ ਦੇਖ ਰਹੀ ਸੀ। ਪਰ ਹਰਕਤ ਵਿੱਚ ਨਹੀਂ ਆਈ। ਇਹ ਘਟਨਾ ਯੂਨੀਵਰਸਿਟੀ ਦੇ ਹੋਸਟਲ ਵਿੱਚ ਵਾਪਰੀ। ਮਸ਼ਾਲ ਨੂੰ ਨਿਰਵਸਤਰ ਕਰਨ, ਬੁਰੀ ਤਰ੍ਹਾਂ ਲੁੱਟਣ, ਮ੍ਰਿਤਕ ਦੇਹ ਨੂੰ ਮਧੋਲਣ ਤੋਂ ਬਾਅਦ ਹੋਸਟਲ ਦੀ ਦੂਜੀ ਮੰਜ਼ਿਲ ਤੋਂ ਹੇਠਾਂ ਸੁੱਟ ਦਿੱਤਾ ਗਿਆ ਸੀ। 23 ਵਰ੍ਹਿਆਂ ਦਾ ਮਸ਼ਾਲ ਪੱਤਰਕਾਇਤਾ ਦਾ ਵਿਦਿਆਰਥੀ ਸੀ।

ਸਭ ਤੋਂ ਘਿਨਾਉਣਾ ਰੋਲ ਯੂਨੀਵਰਸਿਟੀ ਦੇ ਉਹਨਾਂ ਕੁਝ ਫੈਕਟਰੀ ਮੈਂਬਰਾਂ ਤੇ ਮੁਲਾਜ਼ਮਾਂ ਦਾ ਸੀ। ਜਿਹਨਾਂ ਨੇ ਕੁਫਰ ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਲਾਕੇ ਵਿਦਿਆਰਥੀਆਂ ਨੂੰ ਇਸ ਲਈ ਭੜਕਾਇਆ ਸੀ। ਇਹ ਵੀ ਇਲਜਾਮ ਹੈ ਕਿ ਇਹ ਘਟਨਾ ਉਸ ਜਗ੍ਹਾ ਵਾਪਰੀ ਜਿੱਥੇ ਉੱਚ ਸਿੱਖਿਆ ਦਿੱਤੀ ਜਾਂਦੀ ਹੈ। ਇਸ ਘਿਨਾਉਣੇ ਕਾਰੇ ਵਿੱਚ ਸ਼ਾਮਲ ਲੋਕ ਵੀ ਪੜ੍ਹੇ ਲਿਖੇ ਸਨ। ਇਸ ਕਿਸਮ ਦੀ ਬੇਹੂਦਗੀ ਦੇ ਬਰਾਬਰ ਦੀ ਕੋਈ ਵੀ ਹੋਰ ਮਿਸਾਲ ਉਸ ਦੇਸ਼ ਵਿੱਚ ਵੀ ਨਹੀਂ ਮਿਲਦੀ ਜਿੱਥੇ ਮਨੁੱਖੀ ਜੀਵਨ ਦੀ ਕੋਈ ਕਦਰ ਨਹੀਂ ਹੈ।

ਇਸ ਹੱਤਿਆ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਦਾ ਮੰਤਵ ਉਸ ਹੋਨਹਾਰ ਵਿਦਿਆਰਥੀ ਨੂੰ ਹਮੇਸ਼ਾਂ ਲਈ ਖ਼ਾਮੋਸ਼ ਕਰ ਦੇਣਾ ਸੀ। ਜਿਸ ਨੇ ਯੂਨੀਵਰਸਿਟੀ ਅਤੇ ਦੇਸ਼ ਦੀਆਂ ਗਲਤ ਅਤੇ ਭੇੜੀਆਂ ਪ੍ਰਥਾਵਾਂ ਉੱਪਰ ਸਵਾਲ ਉਠਾਉਂਦਿਆ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟਾਏ ਸਨ। ਇਸ ਪ੍ਰਗਟਾਵੇ ਨੇ ਯੂਨੀਵਰਸਿਟੀ ਮੈਨੇਜਮੈਂਟ ਦੇ ਕੁਝ ਮੁਲਾਜਮਾਂ ਦਾ ਗੁੱਸਾ ਭੜਕਾ ਦਿੱਤਾ ਤੇ ਉਹਨਾਂ ਨੇ ਮੂੰਹਫੱਟਤਾ ਦਾ ਮੁਜਾਹਰਾ ਕਰਨ ਵਾਲੇ ਮਿਸ਼ਾਲ ਨੂੰ ਸਬਕ ਸਿਖਾਉਣ ਦਾ ਸਬਕ ਲੈ ਲਿਆ। ਮਸ਼ਾਲ ਉੱਪਰ ਕੁਫ਼ਰ ਵਿਰੋਧੀ ਕਾਨੂੰਨ ਦੀ ਉਲੰਘਣਾ ਕਰਦਿਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ੍ਹੇ ਗਏ।

ਕੱਟੜ ਲੋਕ ਭਾਵੇਂ ਕਿੰਨੇ ਵੀ ਪੜ੍ਹੇ ਲਿਖੇ ਹੋਣ, ਮਜ਼ਹਬ ਦੇ ਨਾਂ ਉਪਰ ਮਰਨ ਮਾਰਨ ਲਈ ਉਤਾਰੂ ਹੋ ਜਾਂਦੇ ਹਨ। ਉਹਨਾਂ ਨੂੰ ਭੀੜ ਜਟਾਉਣ ਲਈ ਸਮਾਂ ਨਹੀਂ ਲੱਗਦਾ। ਭੀੜ ਵਿੱਚ ਸ਼ਾਮਲ ਜਿਆਦਾਤਰ ਲੋਕ ਉਨੇ ਮਜ਼ਹਬ ਤੋਂ ਪੀੜਤ ਨਹੀਂ ਹੁੰਦੇ ਜਿੰਨੇ ਕਮਅਕਲੇ ਹੁੰਦੇ ਹਨ। ਜਿਸ ਪੂਰੇ ਕਾਰੇ ਦੀ ਧੁੰਦਲੀ ਜਿਹੀ ਵੀਡੀਓ ਦੇਖਣ ਮਗਰੋਂ ਉਹਨਾਂ ਦੇ ਮਨੁੱਖ ਹੋਣ ਤੇ ਹੈਰਾਨੀ ਹੁੰਦੀ ਹੈ। ਇਸ ਘਟਨਾ ਦਾ ਇੱਕ ਹੋਰ ਦੁੱਖਦਾਈ ਪੱਖ ਇਹ ਕਿ ਇਸ ਘਿਨਾਉਣੀ ਹੱਤਿਆ ਵਿੱਚ ਕੁੱਝ ਸਿਆਸੀ ਪਾਰਟੀਆਂ ਦੇ ਮੈਂਬਰ ਵੀ ਸ਼ਾਮਿਲ ਸਨ। ਇਨ੍ਹਾਂ ਵਿੱਚ ਚੁਣਿਆ ਹੋਇਆ ਇੱਕ ਜ਼ਿਲ੍ਹਾ ਕੌਂਸਲਰ ਵੀ ਸੀ। ਇੱਕ ਵੀਡੀਓ ਵਿੱਚ ਹਥਿਆਰਿਆਂ ਨੂੰ ਘਟਨਾ ਬਾਅਦ ਜਸ਼ਨ ਮਨਾਉਂਦੇ ਦਿਖਾਇਆ ਗਿਆ। ਅਜਿਹਾ ਕੀਤਾ ਜਾਣਾ ਹੱਤਿਆ ਦੀ ਸਾਜ਼ਿਸ ਰਚੇ ਜਾਣ ਬਾਰੇ ਕਈ ਸੁਆਲ ਉਠਾਉਂਦਾ ਹੈ ਸਿਆਸੀ ਪਾਰਟੀਆਂ ਦੇ ਮੈਂਬਰਾਂ ਦਾ ਇਸ ਹੱਤਿਆ ਵਿੱਚ ਸ਼ਾਮਲ ਹੋਣਾ, ਘਟਨਾ ਨੂੰ ਨਵਾਂ ਮੋੜ ਦਿੰਦਾ ਹੈ ਸਾਫ਼ ਨਜ਼ਰ ਆ ਰਿਹਾ ਹੈ ਕਿ ਹੱਤਿਆ ਦੇ ਅਸਲ ਕਾਰਨਾਂ ਨੂੰ ਲੁਕਾਉਣ ਲਈ ਕੁਫ਼ਰ ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਮਸ਼ਾਲ ਉੱਪਰ ਮੜ੍ਹੇ ਗਏ ਹਨ।

ਮਸ਼ਾਲ ਅਗਾਹਵਧੂ ਵਿਚਾਰਾਂ ਦਾ ਧਾਰਨੀ ਸੀ ਉਹ ਤਰਕ ਨਾਲ ਸੋਚਦਾ ਅਤੇ ਦੇਸ਼ ਅੰਦਰ ਮਜ਼ਹਬ ਦੇ ਨਾਂ ਉੱਪਰ ਕਾਇਮ ਕੀਤੀਆਂ ਗਈਆਂ ਗ਼ਲਤ ਪ੍ਰਾਥਨਾਵਾਂ ਦਾ ਵਿਰੋਧ ਕਰਦਾ ਸੀ। ਅਜਿਹਾ ਸਾਡੀਆਂ ਉੱਚ ਵਿਦਿਆ ਸੰਸਥਾਵਾਂ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ ਕਿਉਂਕਿ ਉਥੇ ਦਾ ਪਿਛਾਂਹ ਖਿੱਚੂ ਅਨਸਰ ਪਿਛਲੇ ਲੰਬੇ ਸਮੇਂ ਤੋਂ ਭਾਰੂ ਹਨ। ਪਾਕਿਸਤਾਨ ਦੀਆਂ ਸਰਕਾਰਾਂ ਨੇ ਕਈ ਦਹਾਕਿਆਂ ਤੋਂ ਧਾਰਮਿਕ ਅੱਤਵਾਦ ਨੂੰ ਹੁਲਾਰਾ ਦੇਣਾ ਜਾਰੀ ਰੱਖਿਆ ਹੋਣ ਕਾਰਨ ਹਿੰਸਾ ਤੇ ਅਸਹਿਨਸ਼ੀਲਤਾ ਦਾ ਸੱਭਿਆਚਾਰ ਪੈਦਾ ਹੋ ਚੁੱਕਾ ਹੈ ਜਿਸ ਕਾਰਨ ਤਰਕਸ਼ੀਲ ਸੋਚ ਦੇ ਧਾਰਨੀਆਂ ਲਈ ਜਗਾਹ ਲਗਾਤਾਰ ਸੁੰਗੜਦੀ ਜਾ ਰਹੀ ਹੈ।

ਪਿਛਲੇ ਕੁੱਝ ਹਫਤਿਆਂ ਤੋਂ ਇਹ ਨਜ਼ਰ ਆ ਰਿਹਾ ਹੈ। ਕਿ ਸਰਕਾਰ, ਨਿਆਂਪਾਲਿਕਾ ਤੇ ਮੀਡੀਆ ਦੇ ਇੱਕ ਹਿੱਸੇ ਨੇ ਸੋਸਲ ਮੀਡੀਆ ਕੁਫ਼ਰ ਵਿਰੋਧੀ ਕਾਨੂੰਨ ਦੀਆਂ ਉਲੰਘਣਾਵਾਂ ਨੂੰ ਲੈ ਕੇ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਗਿਣ ਮਿੱਥ ਕੇ ਮੁਹਿੰਮ ਵੱਢੀ ਹੋਈ ਹੈ। ਅਗਾਂਹਵਧੂ ਵਿਚਾਰਾਂ ਵਾਲੇ ਬਲੌਗਰਾਂ ਦੇ ਕੁਫਰ ਵਿਰੋਧੀ ਕਾਨੂੰਨ ਦੀਆਂ ਉਲੰਘਣਾਵਾਂ ਵਿੱਚ ਸ਼ਾਮਿਲ ਹੋਣ ਦੇ ਸਬੂਤਾਂ ਵਗੈਰ ਪਿੱਛਾ ਕੀਤਾ ਜਾਂਦਾ ਹੈ ਅਤੇ ਹਿਰਾਸਤ ਵਿੱਚ ਲੈ ਲਿਆ ਜਾਂਦਾ ਹੈ। ਅਜਿਹਾ ਕਰਕੇ ਸਮਾਜ ਦੇ ਕੱਟੜਵਾਦੀ ਵਰਗ ਦੇ ਹੱਕ ਹੋਰ ਮਜ਼ਬੂਤ ਕੀਤੇ ਜਾ ਰਹੇ ਹਨ। ਜਿਹੜਾ ਵੀ ਧਰਮ ਦੀ ਲੀਕ ਤੋਂ ਹਟਕੇ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦਾ ਹੈ ਉਸ ਉਪਰ ਕੱਟੜ ਮੁਲਾਣੇ ਸਵਾਲ ਉਠਾਉਣ ਲੱਗਦੇ ਹਨ। ਇੱਥੋਂ ਤੱਕ ਹਿੰਦੂਆਂ ਵੱਲੋਂ ਦਿਵਾਲੀ ਮਨਾਉਣ ਮੌਕੇ ਜਾਰੀ ਕੀਤੇ ਗਏ ਇੱਕ ਸੰਦੇਸ਼ ਬਦਲੇ ਵੀ ਪ੍ਰਧਾਨ ਮੰਤਰੀ ਨਵਾਬ ਉਪਰ ਕੁਫਰ ਤੋਲਣ ਦੀਆਂ ਟਿੱਪਣੀਆਂ ਕੀਤੀਆਂ ਗਈਆਂ ਅਤੇ ਉਹਨਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਅਜਿਹਾ ਕੁਫਰ ਪ੍ਰਚਾਰ ਉਹ ਆਪ ਹੀ ਨਹੀਂ ਕਰ ਰਹੇ, ਕੁਝ ਅਖੌਤੀ ਟੀਵੀ, ਕੰਪਿਊਟਰ ਵੀ ਇਸ ਮੁਹਿੰਮ ਦਾ ਹਿੱਸਾ ਬਣ ਗਏ ਹਨ। ਇਹਨਾਂ ਵਿੱਚ ਹਵਾਈ ਫੌਜ ਦਾ ਸੇਵਾਮੁਕਤ ਸੀਨੀਅਰ ਅਧਿਕਾਰੀ ਜੋ ਉਹਨਾਂ ਚੈਨਲਾਂ 'ਤੇ ਰੱਖਿਆ ਮੁਹਿੰਮ ਵਜੋਂ ਵਿਚਾਰਦਾ ਹੈ, ਵੀ ਸ਼ਾਮਲ ਹੈ। ਅਜਿਹੇ ਮਾਹੌਲ ਨੇ ਮੱਧ ਯੁੱਗ ਦੌਰਾਨ ਯੂਰਪ ਵਿੱਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਨੂੰ ਯਾਦ ਕਰਵਾ ਦਿੱਤਾ ਹੈ। ਜਦੋਂ ਕੁਫਰ ਤੋਲਣ ਵਾਲੇ ਦੋਸ਼ ਲਾਕੇ ਲੋਕਾਂ ਨੂੰ ਸਲੀਬਾਂ ਨਾਲ ਬੰਨ੍ਹ ਕੇ ਅੱਗ ਲਾ ਦਿੱਤੀ ਜਾਂਦੀ ਸੀ।

ਲਹਿੰਦੇ ਪੰਜਾਬ ਦੇ ਸਾਬਕਾ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਕਰਨ ਵਾਲੇ ਮੁਮਤਾਜ ਕਾਦਰੀ ਦੀ ਇਸਲਾਮਬਾਦ ਦੇ ਬਾਹਰਬਾਰ ਬਣਾਈ ਯਾਦਗਾਰ ਨੂੰ ਇੱਕ ਉਦਾਹਰਣ ਵਜੋਂ ਦੇਖਿਆ ਜਾ ਸਕਦਾ ਹੈ। ਉਸ ਨੂੰ ਸ਼ਹੀਦ ਦਾ ਰੁਤਬਾ ਦਿੱਤਾ ਗਿਆ ਹੈ ਤੇ ਹਜ਼ਾਰਾਂ

ਸਰਧਾਲੂ ਸਿਜਦਾ ਕਰਨ ਆਉਂਦੇ ਹਨ। ਜਿਹਨਾਂ ਵਿੱਚੋਂ ਸਾਬਕਾ ਜੱਜ ਤੇ ਸਿਆਸਤਦਾਨ ਵੀ ਸ਼ਾਮਲ ਹਨ। ਪ੍ਰਸ਼ਾਸਨ ਬੇਵੱਸ ਨਜ਼ਰ ਆ ਰਿਹਾ ਹੈ। ਮਰਦਾਨਾ ਦੀ ਇਹ ਕਮਜੋਰੀ ਮਰਦਾਨ ਘਟਨਾ ਵਰਗੀਆਂ ਕਈ ਘਟਨਾਵਾਂ ਵਾਪਰਣ ਦਾ ਕਾਰਨ ਬਣ ਰਹੀ ਹੈ। ਬਿਨਾਂ ਸ਼ੱਕ ਮਸ਼ਾਲ ਦੇ ਬਹੁਤੇ ਹੱਥਿਆਰੇ ਗ੍ਰਿਫਤਾਰ ਕੀਤੇ ਜਾਣਗੇ ਅਤੇ ਉਹਨਾਂ ਉਪਰ ਮੁੱਕਦਮਾ ਚਲਾਉਣ ਦੀ ਵੀ ਸੰਭਾਵਨਾ ਹੈ। ਪਰ ਇਹ ਗੱਲ ਕੇਵਲ ਇੱਕ ਘਟਨਾ ਬਾਰੇ ਨਹੀਂ ਬਲਕਿ ਕੁਫਰ ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹੇਠ ਹੋ ਰਹੀਆਂ ਹੱਤਿਆਵਾਂ ਨੂੰ ਜਾਇਜ਼ ਠਹਿਰਾਉਣ ਸੰਬੰਧੀ ਹੈ। ਲੋਕ ਰੋਹ ਦੇ ਬਾਵਜੂਦ ਬਹੁਤੇ ਮੁਲਾਣੇ ਤੇ ਇਸਲਾਮੀ ਪਾਰਟੀ ਦੇ ਮੈਂਬਰ ਪਿਛਲੇ ਹਫਤੇ ਵਾਪਰੀ ਇਸ ਘਟਨਾ ਨੂੰ ਨਿੰਦਣਗੇ ਨਹੀਂ। ਮੀਡੀਆ ਵੱਲੋਂ ਮਰਦਾਨ ਯੂਨੀਵਰਸਿਟੀ ਘਟਨਾ ਨੂੰ ਉਭਾਰੇ ਜਾਣ ਬਾਅਦ ਕੁਝ ਮੁੱਖ ਧਾਰਾ ਵਾਲੀਆਂ ਸਿਆਸੀ ਪਾਰਟੀਆਂ ਨੇ ਇਸ ਘਿਨਾਉਣੇ ਕਾਰੇ ਖਿਲਾਫ਼ ਆਵਾਜ਼ ਉਠਾਈ ਹੈ। ਹਾਲਾਂਕਿ ਪਹਿਲਾਂ ਉਹ ਖਾਮੋਸ਼ ਸਨ।

ਇਸ ਹੱਤਿਆ ਕਾਰਨ ਦੇਸ਼ ਅੰਦਰ ਰੋਸ ਦੀ ਲਹਿਰ ਹੈ, ਪਰ ਅਤੀਤ ਵੱਲ ਵੇਖਿਆ ਲੱਗਦਾ ਹੈ ਕਿ ਲੋਕ ਇਸ ਘਟਨਾਂ ਨੂੰ ਵੀ ਸਮਾਂ ਬੀਤਣ ਨਾਲ ਭੁੱਲ ਜਾਣਗੇ। ਦਹਿਸ਼ਤੀ ਕਾਰੇ ਨੂੰ ਸਿਰਫ ਨਿੰਦਣ ਨਾਲ ਕੁਝ ਨਹੀਂ ਬਣਨਾ, ਦੇਸ਼ ਅੰਦਰ ਵੱਧ ਰਹੇ ਧਾਰਮਿਕ ਅਤਿਵਾਦ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

ਤਾਜਾ ਤ੍ਰਾਸਦੀ ਨੇ ਸਿਆਸੀ ਲੀਡਰਸ਼ਿੱਪ ਨੂੰ ਮੌਕਾ ਦਿੱਤਾ ਹੈ ਕਿ ਉਹ ਕੁਫਰ ਵਿਰੋਧੀ ਕਾਨੂੰਨ ਨੂੰ ਸੋਧਣ ਲਈ ਕਦਮ ਉਠਾਏ ਤਾਂ ਜੋ ਇਸ ਦੀ ਦੁਰਵਰਤੋਂ ਕਰਕੇ ਮਰਦਾਨ ਵਰਗੀ ਘਟਨਾ ਨੂੰ ਫਿਰ ਨਾ ਦੁਹਰਾਇਆ ਜਾ ਸਕੇ। ਲੋਕਾਂ ਦੀ ਸਹਿਮਤੀ ਬਣਾਕੇ ਕੁਝ ਦਲੇਰਾਨਾ ਕਦਮ ਚੁੱਕਣ ਦੀ ਲੋੜ ਹੈ। ਮਸ਼ਾਲ ਨੂੰ ਹਮੇਸ਼ਾਂ ਲਈ ਖਾਮੋਸ਼ ਕਰਕੇ ਅਤਿਵਾਦੀਆਂ ਨੇ ਆਪਣਾ ਸਪਸ਼ਟ ਸੰਦੇਸ਼ ਦੇ ਦਿੱਤਾ ਹੈ। ਕੀ ਹੁਣ ਸਿਆਸੀ ਲੀਡਰਸ਼ਿਪ ਇਸ ਦਾ ਮੋੜਮਾ ਜਵਾਬ ਦੇਣ ਲਈ ਹੌਂਸਲਾ ਜੁਟਾ ਪਾਏਗੀ, ਇਸ ਉਪਰ ਲੋਕਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ।

---

# ਸੰਤ ਚਲਾ ਰਹੇ ਹਨ ਦੁਕਾਨ

## - ਲਾਲੂ ਪ੍ਰਸ਼ਾਦ ਯਾਦਵ

ਕਦੇ ਬਾਬਿਆਂ, ਜੋਤਸ਼ੀਆਂ, ਸੰਤਾਂ ਅਤੇ ਤਾਂਤਰਿਕਾਂ ਨਾਲ ਘਿਰੇ ਰਿਹਣ ਵਾਲੇ ਲਾਲੂ ਪ੍ਰਸ਼ਾਦ ਯਾਦਵ ਨੂੰ ਹੁਣ ਬਾਬਿਆਂ ਦੀ ਸਚਾਈ ਸਮਝ ਵਿੱਚ ਆ ਗਈ ਹੈ। ਚਾਰਾ ਘੋਟਾਲੇ ਵਿੱਚ ਫਸਣ ਦੇ ਬਾਦ ਉਹ ਵੀ 'ਸੈਟੇਲਾਇਟ ਬਾਬਾ' ਦੇ ਚੱਕਰ ਵਿੱਚ ਖ਼ੂਬ ਫਸੇ ਸਨ। ਉਹ ਠੱਗ ਬਾਬੇ ਨੇ ਲਾਲੂ ਪ੍ਰਸ਼ਾਦ ਯਾਦਵ ਦਾ ਆਸ਼ੀਰਵਾਦ ਪਾ ਕੇ ਅਪਣਾ ਧੰਦਾ ਤਾਂ ਚਮਕਾ ਲਿਆ, ਪਰ ਉਸ ਬਾਬੇ ਦਾ ਆਸ਼ੀਰਵਾਦ ਲਾਲੂ ਯਾਦਵ ਦੇ ਕੰਮ ਨਹੀਂ ਆਇਆ। ਉਹਨਾਂ ਨੂੰ ਚਾਰਾ ਘੋਟਾਲੇ ਮਾਮਲੇ ਵਿੱਚ ਜੇਲ ਜਾਣਾ ਹੀ ਪਿਆ ਸੀ। ਪਰ ਹੁਣ ਲਾਲੂ ਪ੍ਰਸ਼ਾਦ ਯਾਦਵ ਵਿੱਚ ਇਹ ਹਿੰਮਤ ਆ ਗਈ ਹੈ ਕਿ ਉਹ ਧਰਮ ਦੀ ਦੁਕਾਨ ਚਲਾਉਣ ਵਾਲੇ ਠੱਗ ਬਾਬਿਆਂ ਨੂੰ ਸ਼ਰੇਆਮ ਠੱਗ ਕਹਿ ਸਕਣ। ਰਾਮਦੇਵ, ਰਵੀਸ਼ੰਕਰ, ਆਸਾਰਾਮ ਵਰਗੇ ਬਾਬਿਆਂ ਉੱਤੇ ਉਹਨਾਂ ਨੇ ਡਟ ਕੇ ਤੀਰ ਚਲਾਏ। ਰਾਸ਼ਟਰੀ ਜਨਤਾ ਦਲ ਦੇ ਦਫ਼ਤਰ ਵਿੱਚ ਹੋਏ ਇਕ ਜਲਸੇ ਵਿੱਚ ਲਾਲੂ ਪ੍ਰਸ਼ਾਦ ਯਾਦਵ ਆਪਣੀ ਵੇਗ ਵਿੱਚ ਦਿੱਸੇ। ਉਹਨਾਂ ਨੇ ਰਾਮਦੇਵ, ਰਵੀਸ਼ੰਕਰ, ਆਸਾਰਾਮ ਸਮੇਤ ਤਥਾਕਥਿਤ ਧਰਮਗੁਰੂਆਂ ਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ, "ਸਾਜਿਸ਼ ਦੇ ਤਹਿਤ ਧਰਮ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਬਾਬਾ ਰਾਮਦੇਵ ਅਪਣੇ ਆਪ ਨੂੰ ਸੰਤ ਅਤੇ ਯੋਗਗੁਰੂ ਕਹਿੰਦੇ ਹਨ, ਪਰ ਉਹ ਅੱਜ ਸੱਭ ਤੋਂ ਵੱਡੇ ਉਦਯੋਗਪਤੀ ਅਤੇ ਪੂੰਜੀਪਤੀ ਬਣੇ ਬੈਠੇ ਹਨ। ਉਹਨਾਂ ਤੋਂ ਵੱਡਾ ਮੌਕਾਪ੍ਰੱਸਤ ਤਾਂ ਚਿਰਾਗ ਲੈ ਕੇ ਲੱਭਣ ਉੱਤੇ ਵੀ ਨਹੀਂ ਮਿਲੇਗਾ।



"ਜਦ ਉੱਤਰ ਪ੍ਰਦੇਸ਼ ਵਿੱਚ ਉਹਨਾਂ ਨੇ ਯੋਗ ਅਤੇ ਜੜੀਬੂਟੀਆਂ ਦੀ ਦੁਕਾਨ ਚਲਾਉਣੀ ਸੀ, ਤਾਂ ਉਹ ਮੁਲਾਇਮ ਸਿੰਘ ਯਾਦਵ ਦੇ ਗੁਣ ਗਾਉਂਦੇ ਨਹੀਂ ਥੱਕਦੇ ਸਨ ਅਤੇ ਅੱਜ ਅਪਣਾ ਉਦਯੋਗ ਚਲਾਉਣ ਅਤੇ ਫੈਲਾਉਣ ਦੇ ਲਈ ਨਰਿੰਦਰ ਮੋਦੀ ਦੀ ਗੋਦ ਵਿੱਚ ਜਾ ਬੈਠੇ ਹਨ। ਅਜਿਹਾ ਆਦਮੀ ਬਾਬਾ ਕਿਵੇਂ ਹੋ ਸਕਦਾ ਹੈ?" ਉਹਨਾਂ ਨੇ ਅੱਗੇ ਕਿਹਾ, "ਇੱਕ ਸੰਤ ਹੈ ਰਵੀਸ਼ੰਕਰ। ਉਹ ਕਹਿੰਦੇ ਹਨ ਕਿ ਜੋ ਦੇਸ਼ ਨਾਲ ਪਿਆਰ ਨਹੀਂ ਕਰਦਾ ਹੈ, ਉਸ ਨੂੰ ਦੇਸ਼ ਛੱਡਕੇ ਚਲੇ ਜਾਣਾ ਚਾਹੀਦਾ ਹੈ।" ਲਾਲੂ ਪ੍ਰਸ਼ਾਦ ਯਾਦਵ ਨੇ ਰਵੀਸ਼ੰਕਰ ਤੋਂ ਸਵਾਲ ਪੁੱਛਿਆ ਕਿ ਉਹ ਕਿਹੜੇ ਆਧਾਰ ਉੱਤੇ ਰਟ ਲਗਾ ਰਹੇ ਹਨ ਕਿ ਕੁੱਝ ਲੋਕ ਦੇਸ਼ ਨਾਲ ਪਿਆਰ ਨਹੀਂ ਕਰਦੇ ਹਨ? ਆਖਰ ਉਹਨਾਂ ਦੇ ਦੇਸ਼ਪ੍ਰੇਮ ਦਾ ਮਾਪਦੰਡ ਕੀ ਹੈ? ਜਿਹੜਾ ਭਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਖਿਲਾਫ ਬੋਲੇ, ਉਹ ਦੇਸ਼ਧਰੋਹੀ ਹੋ ਜਾਂਦਾ ਹੈ ਕੀ?

ਲਾਲੂ ਪ੍ਰਸ਼ਾਦ ਯਾਦਵ ਸਾਫ਼ ਲਹਿਜੇ ਵਿੱਚ ਕਹਿੰਦੇ ਹਨ ਕਿ ਅਜਿਹੇ ਬਾਬੇ ਅਤੇ ਸੰਤ ਧਰਮ ਦੇ ਨਾਂ ਉੱਤੇ ਲੋਕਾਂ ਨੂੰ ਉੱਲੂ ਬਣਾ ਰਹੇ ਹਨ ਅਤੇ ਅਪਣਾ ਉੱਲੂ ਸਿੱਧਾਂ ਕਰ ਕੇ ਕਰੋੜਾਂ ਅਰਬਾਂ ਰੁਪਏ ਦੀਆਂ ਧਰਮ ਦੀਆਂ ਦੁਕਾਨਾਂ ਚਲਾ ਰਹੇ ਹਨ। ਲਾਲੂ ਪ੍ਰਸ਼ਾਦ ਯਾਦਵ ਜੀ ਨੇ ਦਲਿਤਾਂ ਅਤੇ ਘੱਟਗਿਣਤੀਆਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ:) ਅਤੇ ਭਾਜਪਾ ਦੇ ਲੋਕ ਦੇਸ਼ ਵਿੱਚ ਤਿਰੰਗੇ ਝੰਡੇ ਦੀ ਜਗਹ ਭਗਵਾਂ ਝੰਡਾ ਲਹਿਰਾਉਣ ਦੀ ਸਾਜਿਸ਼ ਰਚ ਰਹੇ ਹਨ। ਵੋਟ ਦੇ ਲਈ ਹਿੰਦੂ ਰਾਸ਼ਟਰ ਦੀਆਂ ਗੱਲਾਂ ਨੂੰ ਹਵਾ ਦਿੱਤੀ ਜਾ ਰਹੀ ਹੈ। ਅਜਿਹੇ ਬਹਿਕਾਵੇ ਵਿੱਚ ਦਲਿਤਾਂ ਨੂੰ ਹਰਗਿਜ਼ ਨਹੀਂ ਆਉਂਣਾ ਹੈ। ਉਹਨਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਤੇ ਨਿਸ਼ਾਨਾ ਲਗਾਉਂਦੇ ਹੋਏ ਕਿਹਾ ਕਿ ਉਹ ਦਲਿਤ ਅਤੇ ਘੱਟਗਿਣਤੀ ਵਿਰੋਧੀ ਹਨ, ਪਰੰਤੂ ਉੱਤਰ ਪ੍ਰਦੇਸ਼ ਚੋਣਾਂ ਦੇ ਕਾਰਨ ਉਹਨਾਂ ਦਾ ਦਲਿਤ ਅਤੇ ਘੱਟਗਿਣਤੀ ਪ੍ਰੇਮ ਕੁੱਝ ਸਮੇਂ ਦੇ ਲਈ ਜਾਗ ਉੱਠਿਆ ਹੈ, ਜੋ ਪੂਰੀ ਤਰ੍ਹਾਂ ਦਿਖਾਵਾ ਅਤੇ ਧੋਖਾ ਹੈ। ਪ੍ਰਧਾਨ ਮੰਤਰੀ, ਭਾਜਪਾ, ਸੰਘ ਅਤੇ ਬਾਬਿਆਂ ਨੂੰ ਠਿਕਾਣੇ ਲਾਗਾਉਣ ਦੇ ਬਾਦ ਲਾਲੂ ਪ੍ਰਸ਼ਾਦ ਯਾਦਵ ਜੀ ਨੇ ਉਸ ਤਰ੍ਹਾਂ ਦੇ ਲੋਕਾਂ ਨੂੰ ਵੀ ਠਿਕਾਣੇ ਲਗਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ, ਜੋ ਇਹ ਹਵਾ ਬਣਾ ਰਹੇ ਹਨ ਕਿ ਉਹ ਨੀਤੀਸ਼ ਕੁਮਾਰ ਤੋਂ ਨਾਰਾਜ਼ ਹਨ।

5 ਅਪਰੈਲ, 2016 ਤੋਂ ਬਿਹਾਰ ਨੂੰ ਪੂਰੀ ਤਰ੍ਹਾਂ ਨਾਲ ਸ਼ਰਾਬ ਬੰਦੀ ਕੀਤੇ ਜਾਣ ਦੇ ਬਾਦ ਰਾਜਨੀਤਕ ਗਲਿਆਰਿਆਂ ਵਿੱਚ ਇਹ ਹਵਾ ਤੇਜ਼ੀ ਨਾਲ ਚਲ ਰਹੀ ਸੀ ਕਿ ਨੀਤੀਸ਼ ਕੁਮਾਰ ਦੇ ਇਸ ਫ਼ੈਸਲੇ ਤੋਂ ਲਾਲੂ ਪ੍ਰਸ਼ਾਦ ਯਾਦਵ ਨਾਰਾਜ਼ ਹਨ। ਇਸ ਮਸਲੇ ਉੱਤੇ ਲਾਲੂ ਪ੍ਰਸ਼ਾਦ ਯਾਦਵ ਨੇ ਚੁਟਕੀ ਵਜਾਉਂਦੇ ਹੋਏ ਕਿਹਾ ਕਿ ਹਾਥੀ ਚਲੇ ਬਾਜ਼ਾਰ ਅਤੇ ਕੁੱਤਾ ਭੌਂਕੇ ਹਜ਼ਾਰ। ਅਫ਼ਵਾਹ ਫੈਲਾਉਣ ਵਾਲੇ ਕੁੱਝ ਵੀ ਕਹਿਣ, ਪਰ ਸ਼ਰਾਬ ਬੰਦੀ ਦਾ ਫੈਸਲਾ ਇੱਕ ਕਰਾਂਤੀਕਾਰੀ ਫ਼ੈਸਲਾ ਹੈ। ਉਹਨਾਂ ਨੇ ਇਸ ਵਿੱਚ ਅੱਗੇ ਜੋੜਿਆ ਹੈ ਕਿ ਦੁੱਧ ਦਹੀਂ ਖਾਉ, ਸ਼ਰਾਬ ਨੂੰ ਭਜਾਉਂ।

---

**ਸੂਚਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਵਿਗਿਆਨਿਕ ਖ਼ਬਰਾਂ

- ਡਾ. ਵਿਸ਼ਾਲ ਭਾਰਤੀ



### ਜਪਾਨੀ ਵਿਗਿਆਨੀਆਂ ਨੇ ਸਪੇਸ ਵਿੱਚ 14 ਮਹੀਨੇ ਤੱਕ ਸਪਰਮ ਫਰੀਜ਼ ਕਰਕੇ ਰੱਖੇ, ਫਿਰ ਉਸ ਤੋਂ ਚੂਹੇ ਪੈਦਾ ਕੀਤੇ

ਜਾਪਾਨ ਦੇ ਵਿਗਿਆਨੀਆਂ ਨੂੰ ਚੰਦਰਮਾਂ ਜਾਂ ਹੋਰ ਕਿਸੇ ਗ੍ਰਹਿ ਵਿੱਚ ਸਪ੍ਰਮ ਬੈਂਕ ਬਣਾਉਣ ਦੇ ਕੰਮ ਵਿੱਚ ਬਹੁਤ ਵੱਡੀ ਕਾਮਯਾਬੀ ਮਿਲੀ। ਇੱਕ ਜਨਰਲ ਦੇ ਮੁਤਾਬਿਕ ਨੈਸ਼ਨਲ ਅਕੈਡਮੀ ਆੱਫ ਸਾਇੰਸ ਦੇ ਵਿਗਿਆਨੀਆਂ ਨੇ ਇੰਟਰਨੈਸ਼ਨਲ ਸਪੇਸ ਸਟੇਸ਼ਨ ਵਿੱਚ 14 ਮਹੀਨੇ ਤੱਕ ਫਰੀਜ਼ ਕਰਕੇ ਰੱਖੇ ਗਏ ਸਪਰਮ ਤੋਂ ਚੂਹੇ ਪੈਦਾ ਕੀਤੇ ਹਨ। ਵਿਗਿਆਨੀਆਂ ਦੀ ਇਹ ਟੀਮ ਗੁਰੂਤਾ ਖਿਚ ਅਤੇ ਡੀ. ਐਨ. ਏ. ਤੇ ਕੰਮ ਕਰ ਰਹੀ ਹੈ।

### ਹੁਣ ਖ਼ੂਨ ਦੀ ਇੱਕ ਬੂੰਦ ਤੋਂ ਕੈਂਸਰ ਦਾ ਲੱਗੇਗਾ ਪਤਾ

ਬੀਜਿੰਗ, 4 ਮਈ (ਭਾਸ਼ਾ)- ਚੀਨੀ ਵਿਗਿਆਨੀਆਂ ਨੇ ਇੱਕ ਨਵੀਂ ਜਾਂਚ ਦੀ ਖੋਜ ਕੀਤੀ ਹੈ, ਜਿਸਦੇ ਰਾਹੀਂ ਹੁਣ ਮਨੁੱਖੀ ਖ਼ੂਨ ਦੀ ਸਿਰਫ ਬੂੰਦ ਨਾਲ ਕਈ ਤਰ੍ਹਾਂ ਦੇ ਕੈਂਸਰ ਦਾ ਪਤਾ ਲਗਾਇਆ ਜਾ ਸਕਦਾ ਹੈ। ਸ਼ਿਨਹੁਆ ਯੂਨੀਵਰਸਿਟੀ ਸਕੂਲ ਆਫ ਲਾਈਫ ਸਾਇੰਸਿਜ਼ ਦੇ ਖੋਜਕਾਰਾਂ ਨੇ ਕਲੀਨੀਕਲ ਉਪਯੋਗ ਲਈ ਐੱਚ. ਐੱਸ. ਪੀ. 90ਏ ਪ੍ਰੋਟੀਨ ਦੀ ਇੱਕ ਜਾਂਚ ਕਿੱਟ ਤਿਆਰ ਕੀਤੀ ਹੈ। ਇਸ ਤੋਂ ਪਹਿਲਾਂ ਵਿਗਿਆਨੀਆਂ ਨੇ ਇੱਕ ਪ੍ਰਕਾਰ ਦੀ ਹੀਟ ਸ਼ਾਕ ਪ੍ਰੋਟੀਨਸ (ਐੱਚ. ਐੱਸ. ਪੀ.) ਦੀ ਪਛਾਣ ਕੀਤੀ ਸੀ, ਜਿਸਦਾ ਨਾਂ ਐੱਚ. ਐੱਸ. ਪੀ. 90 ਏ ਹੈ, ਜੋ ਕਿ ਮਨੁੱਖੀ ਸਰੀਰ ਵਿੱਚ ਮੌਜੂਦ ਰਹਿੰਦਾ ਹੈ ਅਤੇ ਇਸ ਨੂੰ ਕੈਂਸਰ ਬਾਇਓਮਾਰਕਰ ਦੇ ਰੂਪ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ। ਖੋਜਕਾਰ ਲੁਓ ਯੋਂਗਝਾਂਗ ਅਤੇ ਉਨ੍ਹਾਂ ਦੀ ਟੀਮ ਨੇ ਇੱਕ ਨਕਲੀ ਪ੍ਰੋਟੀਨ ਐੱਚ. ਐੱਸ. ਪੀ. 90ਏ ਬਣਾਇਆ ਹੈ, ਜਿਸਦੇ ਰਾਹੀਂ ਪ੍ਰੋਟੀਨਾਂ ਦਾ ਪੁਨਰਗਠਨ ਕਰਕੇ ਸਰੀਰ ਵਿੱਚ ਸੰਰਚਨਾਤਮਕ ਸਥਿਰਤਾ ਲਿਆਂਦੀ ਜਾ ਸਕਦੀ ਹੈ। ਸਰਕਾਰੀ ਸੀ. ਜੀ. ਟੀ. ਐੱਨ. ਟੀ. ਵੀ. ਦੀ ਰਿਪੋਰਟ ਮੁਤਾਬਕ ਇਸਦਾ ਮਤਲਬ ਇਹ ਕਿ ਉਹ ਕਿਸੇ ਵੀ ਮਾਤਰਾ ਵਿੱਚ ਪ੍ਰੋਟੀਨ ਦਾ ਨਿਰਮਾਣ ਕਰ ਸਕਦੇ ਹਨ ਅਤੇ ਉਹ ਜਦੋਂ ਵੀ ਚਾਹੁਣ ਅਜਿਹਾ ਕਰ ਸਕਦੇ ਹਨ।

### ਤੇਜ਼ੀ ਨਾਲ ਖ਼ਤਮ ਹੋ ਰਿਹੈ ਇਨਸਾਨਾਂ ਦਾ ਸਮਾਂ, ਅਗਲੇ 100 ਸਾਲਾਂ 'ਚ ਛੱਡਣੀ ਹੋਵੇਗੀ ਧਰਤੀ : ਸਟੀਵਨ ਹਾਕਿੰਗ

ਮਸ਼ਹੂਰ ਭੌਤਿਕ ਸ਼ਾਸਤਰੀ ਸਟੀਵਨ ਹਾਕਿੰਗ ਦਾ ਦਾਅਵਾ ਹੈ ਕਿ ਧਰਤੀ ਅਤੇ ਮਨੁੱਖਤਾ ਲਈ ਸਮਾਂ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਬੀ. ਬੀ. ਸੀ. ਦੀ ਸ਼ੁਰੂ ਹੋਣ ਵਾਲੀ ਇੱਕ ਨਵੀਂ ਸੀਰੀਜ਼ ਵਿੱਚ ਉਨ੍ਹਾਂ ਨੇ ਕਿਹਾ ਕਿ ਮੌਸਮ ਵਿੱਚ ਹੋ ਰਹੇ ਬਦਲਾਅ, ਐਸਟਰਾਈਡਸ ਦੇ ਟਕਰਾਉਣ ਅਤੇ ਵੱਧਦੀ ਆਬਾਦੀ ਦੇ ਖ਼ਤਰੇ ਦੇ ਚੱਲਦੇ ਇਨਸਾਨਾਂ ਨੂੰ ਅਗਲੇ 100 ਸਾਲਾਂ ਵਿੱਚ ਇੱਕ ਨਵੇਂ ਗ੍ਰਹਿ ਤੇ ਵਸਣ ਦੀ ਲੋੜ ਹੋਵੇਗੀ। 'ਐਕਸਪੀਡਿਸ਼ਨ ਨਿਊ ਅਰਥ' (ਨਵੀਂ ਧਰਤੀ ਦੀ ਖੋਜ਼ ਯਾਤਰਾ) ਨਾਂ ਦੀ ਇਸ ਡਾਕੂਮੈਂਟਰੀ ਵਿੱਚ ਪ੍ਰੋਫੈਸਰ ਹਾਕਿੰਗ ਅਤੇ ਉਨ੍ਹਾਂ ਦੇ ਪੁਰਾਣੇ ਸਟੂਡੈਂਟ ਕ੍ਰਿਸਟਾਫੇ ਗੈਲਫਾਰਡ ਦੁਨੀਆਂ ਦੀ ਸੈਰ ਕਰਕੇ ਪਤਾ ਲਗਾਉਣਗੇ ਕਿ ਇਨਸਾਨ ਪੁਲਾੜ ਵਿੱਚ ਕਿਵੇਂ ਖ਼ੁਦ ਨੂੰ ਜ਼ਿੰਦਾ ਰੱਖ ਸਕਦਾ ਹੈ। ਇਸ ਸੀਰੀਜ਼ ਵਿੱਚ ਪ੍ਰੋਫੈਸਰ ਨੇ ਦਾਅਵਾ ਕੀਤਾ ਹੈ ਕਿ ਧਰਤੀ ਅਤੇ ਇਸ 'ਤੇ ਰਹਿ ਰਹੇ ਇਨਸਾਨਾਂ ਦਾ ਸਮਾਂ ਪੂਰਾ ਹੋ ਰਿਹਾ ਹੈ। ਉਨ੍ਹਾਂ ਨੂੰ ਜਿਉਂਦੇ ਰਹਿਣ ਲਈ ਇਸ ਨੂੰ ਛੱਡਣਾ ਹੋਵੇਗਾ ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਇਸ ਸ਼ੋਅ ਦਾ ਮਕਸਦ ਲੋਕਾਂ ਤੋਂ ਉਨ੍ਹਾਂ ਦੇ ਜੀਵਨ ਦੀ ਸਭ ਤੋਂ ਪ੍ਰਭਾਵਸ਼ਾਲੀ ਚੀਜ਼ ਲਈ ਵੋਟ ਕਰਨ ਦੀ ਮੰਗ ਕਰਕੇ ਬ੍ਰਿਟੇਨ ਦੀ ਸਭ ਤੋਂ ਵੱਡੀ ਖੋਜ਼ ਕਰਨਾ ਹੈ। ਪਿਛਲੇ ਮਹੀਨੇ ਹੀ ਹਾਕਿੰਗ ਨੇ ਚੁਣੌਤੀ ਦਿੱਤੀ ਸੀ ਕਿ ਤਕਨੀਕ ਨਾਲ ਤੇਜ਼ੀ ਨਾਲ ਵੱਧ ਰਿਹਾ ਇਨਸਾਨਾਂ ਦਾ ਹਮਲਾਵਰ ਰੁਝਾਨ ਸਾਨੂੰ ਨਿਊਕਲੀ ਜਾਂ ਬਾਇਲਾਜੀਕਲ ਯੁੱਧ ਰਾਹੀਂ ਤਬਾਹ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿਰਫ ਇੱਕ 'ਕੌਮਾਂਤਰੀ ਸਰਕਾਰ' ਹੀ ਇਸ 'ਨਜ਼ਦੀਕੀ ਵਿਨਾਸ਼' ਨੂੰ ਰੋਕ ਸਕਦੀ ਹੈ। ਉਨ੍ਹਾਂ ਨੇ ਖਦਸ਼ਾ ਪ੍ਰਗਟਾਇਆ ਕਿ ਇਨਸਾਨਾਂ ਵਿੱਚ ਇੱਕ ਨਸਲ ਦੇ ਰੂਪ ਵਿੱਚ ਜ਼ਿਦਾ ਰਹਿਣ ਦੇ ਗੁਣਾਂ ਦੀ ਘਾਟ ਹੋ ਸਕਦੀ ਹੈ।

### 10.5 ਪ੍ਰਕਾਸ਼ ਸਾਲ ਦੂਰ ਮਿਲਿਆ ਧਰਤੀ ਵਰਗਾ ਸੋਲਰ ਸਿਸਟਮ

ਖਗੋਲ ਵਿਗਿਆਨੀਆਂ ਨੇ 10.5 ਪ੍ਰਕਾਸ਼ ਸਾਲ ਦੂਰ ਧਰਤੀ ਵਰਗਾ ਹੀ ਸੋਲਰ ਸਿਸਟਮ ਮਿਲਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਖੋਜ਼ ਸਾਨੂੰ ਸਾਡੇ ਗ੍ਰਹਿ ਅਤੇ ਉਸਦੇ ਆਲੇ-ਦੁਆਲੇ ਦੇ ਹੋਰ ਗ੍ਰਹਿਆਂ ਨੂੰ ਸਮਝਣ ਵਿੱਚ ਕਾਫੀ ਮਦਦ ਕਰ ਸਕਦੀ ਹੈ। ਐਰਿਡਨਸ ਤਾਰਾਮੰਡਲ ਵਿੱਚ ਐਸਿਪਲਾਨ ਐਰੀਡਨੀ ਨਾਂ ਦੇ ਤਾਰੇ ਦੇ ਆਲੇ-ਦੁਆਲੇ ਮਿਲਿਆ ਸੋਲਰ ਸਿਸਟਮ ਸਾਡੀ ਧਰਤੀ ਦੇ ਸੋਲਰ ਸਿਸਟਮ ਵਰਗਾ ਹੀ ਹੈ। ਇਹ ਸਿਤਾਰਾ



ਦੇਖਣ ਵਿੱਚ ਬਿਲਕੁਲ ਉਸੇ ਤਰ੍ਹਾਂ ਲੱਗਦਾ ਹੈ, ਜਿਵੇਂ ਸਾਡੀ ਧਰਤੀ ਆਪਣੇ ਬਣਨ ਦੇ ਸ਼ੁਰੂਆਤੀ ਸਮੇਂ ਵਿੱਚ ਲੱਗਦੀ ਸੀ। ਇਸਦੀ ਉਮਰ ਸੂਰਜ ਦੀ ਉਮਰ ਦਾ ਪੰਜਵਾਂ ਹਿੱਸਾ ਹੈ। ਇਸ ਖੋਜ਼ ਦੇ ਅਧਿਐਨ ਵਿੱਚ ਖਗੋਲ ਵਿਗਿਆਨੀ ਮੈਸਿਮੋ ਮੈਰੋਗੇ ਨੇ ਲਿਖਿਆ ਕਿ ਇਸ ਤਾਰੇ ਦੇ ਭੂ ਮੰਡਲੀ ਸਿਸਟਮ ਵਿੱਚ ਉਸੇ ਤਰ੍ਹਾਂ ਹੀ ਬਦਲਾਅ ਹੋ ਰਹੇ ਹਨ, ਜਿਵੇਂ ਇਸਦੇ ਬਣਨ ਸਮੇਂ ਇਸਦੇ ਸੋਲਰ ਸਿਸਟਮ ਵਿੱਚ ਹੋਏ ਸਨ। ਜਿਵੇਂ ਧਰਤੀ 'ਤੇ ਵਿਨਾਸ਼ ਦੇ ਰੂਪ ਵਿੱਚ ਜਲ ਸਬੰਧੀ ਬਦਲਾਅ ਹੋਏ ਸਨ ਅਤੇ ਜੀਵਨ ਦੇ ਅਨਕੂਲ ਵਾਤਾਵਰਣ ਦਾ ਨਿਰਮਾਣ ਹੋਇਆ ਸੀ।

### ਰੇਤ ਵਿੱਚ ਮਿਲੇ ਡਾਇਨਾਸੌਰ ਦੇ ਆਂਡੇ

ਡਾਇਨਾਸੌਰ ਦਾ ਇਤਿਹਾਸ ਸੱਤ ਕਰੋੜ ਸਾਲ ਪੁਰਾਣਾ ਹੈ। ਚੀਨ ਵਿੱਚ ਹੋਈ ਇਸ ਖੋਜ ਤੋਂ ਪਤਾ ਚੱਲਦਾ ਹੈ। ਉੱਥੇ ਦੱਖਣ ਪੂਰਬੀ ਚੀਨ ਦੇ ਫੋਸ਼ਨ ਖੇਤਰ ਇੱਕ ਬਿਲਡਿੰਗ ਬਣਾਉਣ ਸਮੇਂ ਪੁੱਟੀ ਗਈ ਧਰਤੀ ਵਿੱਚੋਂ ਪੰਜ ਆਂਡੇ ਮਿਲੇ ਹਨ। ਜਿੰਨ੍ਹਾਂ ਦਾ ਆਕਾਰ 5.1 ਤੋਂ ਲੈ ਕੇ 5.5 ਇੰਚ ਤੱਕ ਸੀ। ਇਹ ਅੱਠ ਮੀਟਰ ਡੂੰਘਾਈ ਤੋਂ ਮਿਲੇ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਇਹ ਕਰਟੈਸੀਅਸ ਪੀਰਡ ਵਿੱਚ ਰੱਖੇ ਗਏ ਸਨ। ਅਜੇ ਉੱਥੇ ਪੁਟਾਈ ਦਾ ਕੰਮ ਜਾਰੀ ਹੈ। ਪਰ ਪੁਟਾਈ ਬਹੁਤ ਹੀ ਸੰਭਲ ਕੇ ਕੀਤੀ ਜਾ ਰਹੀ ਹੈ ਤਾਂ ਜੋ ਵੀ ਆਂਡੇ ਮਿਲਣ ਉਹ ਵਧੀਆ ਹਾਲਤ ਵਿੱਚ ਹੋਣ ਪੰਜ ਆਂਡਿਆਂ ਵਿੱਚੋਂ ਤਿੰਨ ਦੀ ਹਾਲਤ ਖ਼ਰਾਬ ਹੈ। ਵਿਗਿਆਨਕਾਂ ਦਾ ਖ਼ਿਆਲ ਹੈ ਕਿ ਇਸ ਇਲਾਕੇ ਵਿੱਚ ਕਦੇ ਭਾਰੀ ਸੰਖਿਆ ਵਿੱਚ ਉੱਚੇ-ਉੱਚੇ ਦੱਰਖ਼ਤ ਹੁੰਦੇ ਸਨ ਇਨ੍ਹਾਂ ਵਿੱਚ ਹੀ ਵੱਡੇ-ਵੱਡੇ ਜੀਵ ਰਹਿੰਦੇ ਸਨ।



# ਸ਼ਰਧਾ ਊਲੂਆਂ ਦੇ ਦੇਸ਼ 'ਚ



## ਕੇਰਲ ਵਿੱਚ ਵਕਾਲਤ ਦੀ ਪੜ੍ਹਾਈ ਕਰ ਰਹੀ ਕੁੜੀ ਨੇ ਘਟੀਆ ਹਰਕਤ ਦੀ ਕੋਸ਼ਿਸ਼ ਕਰ ਰਹੇ ਮਹੰਤ ਦਾ ਲਿੰਗ ਕੱਟ ਦਿੱਤਾ

ਕੇਰਲਾ ਦੇ ਮੁੱਖ ਮੰਤਰੀ ਨੇ ਉਸ ਕੁੜੀ ਦੀ ਤਰੀਫ ਕੀਤੀ ਹੈ। ਜਿਸ ਨੇ ਅਜਿਹੇ ਮਹੰਤ ਦਾ ਗੁੱਪਤ ਅੰਗ ਕੱਟ ਦਿੱਤਾ ਸੀ। ਜਿਹੜਾ ਉਸ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਕੁੜੀ ਅਨੁਸਾਰ ਇਹ ਮਹੰਤ ਉਸਦੇ ਘਰ ਵਿੱਚ ਸੱਤ ਸਾਲ ਤੋਂ ਆ ਰਿਹਾ ਸੀ ਤੇ ਪੂਜਾ ਪਾਠ ਕਰਦਾ ਹੁੰਦਾ ਸੀ ਅਤੇ ਨਾਲ ਹੀ ਉਸਨੂੰ ਗੰਦੀਆਂ ਹਰਕਤਾਂ ਕਰਕੇ ਸਤਾਉਂਦਾ ਸੀ।

ਪੁਲਿਸ ਨੂੰ ਦਿੱਤੇ ਬਿਆਨਾਂ ਅਨੁਸਾਰ ਇਹ ਕੁੜੀ ਜਿਸਦੀ ਉਮਰ 23 ਸਾਲ ਸੀ ਨੇ ਆਸ਼ਰਮ ਦੇ ਸਵਾਮੀ ਗੰਗੇਸ਼ਾ ਨੰਦ ਹਰੀ ਸਵਾਮੀ ਜਿਸਦੀ ਉਮਰ 54 ਸਾਲ ਸੀ ਉਸਦੇ ਪਿਤਾ ਨੂੰ ਤੰਦਰੁਸਤ ਕਰਨ ਲਈ ਪਾਠ ਪੂਜਾ ਕਰਿਆ ਕਰਦਾ ਸੀ। ਉਸ ਦੀਆਂ ਹਰਕਤਾਂ ਦਾ ਉਸ ਲੜਕੀ ਨੇ ਕਈ ਬਾਰ ਵਿਰੋਧ ਕੀਤਾ ਪਰ ਉਹ ਨਾ ਹਟਿਆ ਤੇ ਆਖਰਕਾਰ ਉਸ ਕੁੜੀ ਨੇ ਉਸ ਨੂੰ ਸਬਕ ਸਿਖਾ ਹੀ ਦਿੱਤਾ।

ਹਸਪਤਾਲ ਅਨੁਸਾਰ ਇਸ ਸਵਾਮੀ ਨੂੰ ਬੁਰੀ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਸਦੀ ਹਾਲਤ ਵੇਖਕੇ ਉਸਦੀ ਪਲਾਸਟਿਕ ਸਰਜਰੀ ਕੀਤੀ ਗਈ ਹੈ। ਮਹੰਤ ਉੱਪਰ ਪਾਕਸੋ ਐਕਟ ਲਗਾਕੇ ਮੁੱਕਦਮਾ ਦਰਜ਼ ਕੀਤਾ ਗਿਆ ਹੈ। ਕੁੜੀ ਵਿਰੁੱਧ ਕਾਰਵਾਈ ਬਾਰੇ ਅਜੇ ਵਿਚਾਰ ਕੀਤਾ ਜਾ ਰਿਹਾ ਹੈ।

## ਸਰਕਾਰੀ ਹਸਪਤਾਲ 'ਚੋਂ ਆਤਮਾ ਲਿਜਾਣ ਲਈ ਕੀਤਾ ਤੰਤਰ-ਮੰਤਰ

ਰਾਜਸਥਾਨ ਦੇ ਭੀਲਵਾੜਾ ਜ਼ਿਲਾ ਦੇ ਇਕ ਸਰਕਾਰੀ ਹਸਪਤਾਲ ਦੇ ਬਾਹਰ ਪਿੰਡ ਵਾਲਿਆਂ ਵੱਲੋਂ ਤਿੰਨ ਘੰਟਿਆਂ ਤੱਕ ਆਪਣੇ ਮ੍ਰਿਤਕ ਰਿਸ਼ਤੇਦਾਰ ਦੀ ਆਤਮਾ ਨੂੰ ਘਰ



ਲਿਜਾਣ ਲਈ ਜੋਤ ਜਗਾ ਕੇ ਤੰਤਰ-ਮੰਤਰ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਭੀਲਵਾੜਾ ਦੇ ਮੁੱਖ ਡਾ. ਕੇ. ਸੀ. ਪੰਵਾਰ ਨੇ ਦੱਸਿਆ ਕਿ ਕਲ ਐੱਮ. ਜੀ. ਹਸਪਤਾਲ ਦੇ ਬਾਹਰ ਕੁਝ ਪਿੰਡ ਵਾਲਿਆਂ ਨੇ ਜੋਤ ਜਗਾ ਕੇ ਹਸਪਤਾਲ ਦੇ ਅੰਦਰ ਮਰੇ ਹੋਏ ਰਿਸ਼ਤੇਦਾਰ ਦੀ ਆਤਮਾ ਨੂੰ ਲੱਭਣ ਦੀ ਕੋਸ਼ਿਸ਼ ਕੀਤੀ।

ਹਸਪਤਾਲ ਦੀ ਪੁਲਿਸ ਚੌਂਕੀ ਅਨੁਸਾਰ ਇਸ ਘਟਨਾ ਨੂੰ ਲੈ ਕੇ ਐਡੀਸ਼ਨਲ ਡਿਪਟੀ ਕਮਿਸ਼ਨਰ ਤੇ ਐੱਸ. ਐੱਸ. ਪੀ. ਨੇ ਹਸਪਤਾਲ ਪ੍ਰਸ਼ਾਸਨ ਕੋਲੋਂ ਪੁੱਛਗਿੱਛ ਕੀਤੀ ਹੈ।

## ਗਿਆ ਸੀ ਨਗਰ ਕੀਰਤਨ ਵਿੱਚ ਪਰ ਕਰਵਾ ਕੇ ਆ ਗਿਆ ਮੋਟਾ ਜੁਰਮਾਨਾ

### ਇਟਲੀ 'ਤ ਤੀਜੀ ਵਾਰ ਕਿਸੇ ਵਿਦੇਸ਼ੀ ਨੂੰ ਜਨਤਕ ਥਾਂ 'ਤੇ ਪਿਸ਼ਾਬ ਕਰਨਾ ਪਿਆ ਮਹਿੰਗਾ

4 ਮਈ (ਕੈਂਥ) ਤੁਸੀਂ ਮੰਨੋ ਭਾਵੇਂ ਨਾ ਮੰਨੋ ਪਰ ਇਹ ਸੱਚ ਹੈ ਕਿ ਇਟਲੀ ਦੇ ਦੱਖਣੀ ਇਲਾਕੇ ਵਿੱਚ 30 ਸਾਲਾਂ ਪੰਜਾਬੀ ਜਵਾਨ ਲਖਵਿੰਦਰ ਸਿੰਘ ਨੂੰ ਜਨਤਕ ਥਾਂ 'ਤੇ ਪਿਸ਼ਾਬ ਕਰਨ ਕਾਰਨ ਇਟਲੀ ਪੁਲਿਸ ਨੇ 3333 ਯੂਰੋ ਦਾ ਭਾਰੀ ਜੁਰਮਾਨਾ ਕਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਲਖਵਿੰਦਰ ਸਿੰਘ ਖਾਲਸਾ ਪੰਥ ਨੂੰ ਸਮਰਪਿਤ ਸਜਾਏ ਨਗਰ ਕੀਰਤਨ ਵਿੱਚ ਹਾਜ਼ਰੀ ਲਗਵਾਉਣ ਗਿਆ ਸੀ, ਜਿੱਥੇ ਕਿ ਇਹ ਘਟਨਾ ਘਟੀ।

ਉਹ ਸੜਕ ਕਿਨਾਰੇ ਪਿਸ਼ਾਬ ਕਰਨ ਲੱਗਾ ਤਾਂ ਅਚਾਨਕ ਪੁਲਸ ਦੀ ਵੈਨ ਆ ਗਈ ਅਤੇ ਪੁਲਿਸ ਨੇ ਉਸਨੂੰ ਇਸ ਗੈਰ-ਕਾਨੂੰਨੀ ਕੰਮ ਕਾਰਨ ਜੁਰਮਾਨਾ ਕਰ ਦਿੱਤਾ। ਜ਼ਿਕਰਯੋਗ ਹੈ ਪਹਿਲਾਂ ਵੀ ਬਰੇਸ਼ੀਆਂ ਅਤੇ ਬਲੋਨੀਆ ਵਿਖੇ ਵਿਦੇਸ਼ੀਆਂ ਨੂੰ ਸੜਕ ਉੱਪਰ ਪਿਸ਼ਾਬ ਕਾਰਨ ਇਟਾਲੀਅਨ ਪੁਲਸ ਵੱਲੋਂ ਭਾਰੀ ਜੁਰਮਾਨਾ ਕੀਤਾ ਜਾ ਚੁੱਕਾ ਹੈ।

## 'ਹਨੂਮਾਨ' ਹੱਡੀਆਂ ਤੁੜਵਾ ਬੈਠਾ

25 ਕੁ ਸਾਲ ਪਹਿਲਾ ਦੂਰ ਦਰਸ਼ਨ ਤੋਂ ਦਿਖਾਇਆ ਜਾ ਰਿਹਾ ਸੀਰਿਅਲ ਰਮਾਇਣ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਇਸ ਵਿੱਚ ਜ਼ਿਆਦਾ ਤਰ ਦ੍ਰਿਸ਼ ਕਲਪਿਤ ਅਤੇ ਸੱਚਾਈ ਤੋਂ ਕੋਹਾਂ ਦੂਰ ਹੁੰਦੇ ਸਨ। ਖਾਸ ਕਰਕੇ



ਬੱਚਿਆਂ ਉੱਪਰ ਇਸ ਦਾ ਕਾਫੀ ਬੁਰਾ ਅਸਰ ਪੈ ਰਿਹਾ ਸੀ ਕਿਉਂਕਿ ਬੱਚਿਆਂ ਵਿੱਚ ਨਕਲ ਕਰਨ ਦੀ ਪਰੀਵਰਤੀ ਜ਼ਿਆਦਾ ਹੁੰਦੀ ਹੈ। ਬਠਿੰਡਾ ਜ਼ਿਲੇ ਦੇ ਸ਼ਹਿਰ ਮਾਨਸਾ ਵਿਖੇ ਕੁਝ ਬੱਚੇ ਰਮਾਇਣ ਦੀ ਨਕਲ ਦਾ ਅਭਿਆਸ ਕਰਨ ਲੱਗੇ।

ਟਿੰਕੂ ਨਾਮੀ ਬੱਚੇ ਨੇ ਹਨੂਮਾਨ ਦਾ ਰੋਲ ਕਰਨਾ ਸੀ। ਹਨੂਮਾਨ (ਟਿੰਕੂ) ਨੇ ਲੰਕਾ ਜਾਣ ਲਈ "ਜੈ ਸੀਆ ਰਾਮ" ਕਹਿਕੇ ਕੋਠੇ ਤੋਂ ਛਾਲ ਮਾਰ ਕੇ ਉਡਣਾ ਚਾਹਿਆ ਪਰ ਹਨੂਮਾਨ ਜੀ ਧੜਮ ਦੇ ਕੇ ਸੜਕ ਤੇ ਡਿੱਗ ਪਏ। ਸਿੱਟੇ ਵੱਜੋ ਹਨੂਮਾਨ (ਟਿੰਕੂ) ਦੀ ਇੱਕ ਲੱਤ ਤੇ ਬਾਂਹ ਦੀ ਹੱਡੀ ਟੁੱਟ ਗਈ।

**ਧਰਮ ਇੱਕ ਛਣਕਣਾ**/-ਕੁਲਦੀਪ ਸਿਰਸਾ

ਧਰਮ ਹੈ ਇੱਕ ਛਣਕਣਾਂ
ਵਜਾਈ ਜਾ ਵਜਾਈ ਜਾ।
ਇਸ ਫੰਡਰ ਮੱਝ ਨੂੰ ਪੱਠੇ
ਪਾਈ ਜਾ ਤੂੰ ਪਾਈ ਜਾ।
ਇਹ ਨਸ਼ਾ ਹੈ ਅਫੀਮ ਦਾ
ਖਾਈ ਜਾ ਤੂੰ ਖਾਈ ਜਾ।
ਇਹ ਸੰਦ ਹੈ ਤੇਰੀ ਲੁੱਟ ਦਾ
ਲੁਟਾਈ ਜਾ ਲੁਟਾਈ ਜਾ।
ਇਹ ਝੂਠੇ ਕਿੱਸੇ ਕਹਾਣੀਆਂ
ਸੁਣੀਂ ਜਾ ਸੁਣਾਈ ਜਾ।
ਇਸ ਮੈਲ ਭਰੇ ਸਰੋਵਰ ਵਿੱਚ
ਨਹਾਈ ਜਾ ਨਹਾਈ ਜਾ।
ਰੱਖ ਟਰਾਲੀ ਵਿੱਚ ਪਰਾਲੀ
ਧੱਕੇ ਖਾਈ ਜਾ ਖਾਈ ਜਾ।
ਕੂੜ-ਕਿਤਾਬਾਂ ਉੱਤੇ ਰੁਮਾਲੇ
ਚੜ੍ਹਾਈ ਜਾ ਚੜ੍ਹਾਈ ਜਾ।
ਵਾਲਾਂ ਨੂੰ ਅੰਬ ਨ ਲੱਗਣੇ
ਵਧਾਈ ਜਾ ਕਟਾਈ ਜਾ।
ਤਰਾਸ਼ੇ ਬੁੱਤਾਂ ਅੱਗੇ ਮੱਥਾ
ਘਸਾਈ ਜਾ ਘਸਾਈ ਜਾ।
ਪਾੜ-ਪਾੜ ਕੇ ਸੰਘ ਜੈਕਾਰੇ
ਲਾਈ ਜਾ ਤੂੰ ਲਾਈ ਜਾ।
ਜੰਨਤ ਦੀਆਂ ਹੂਰਾਂ ਲਈ ਜਾਨ
ਗਵਾਈ ਜਾ ਗਵਾਈ ਜਾ।
ਰੱਬ ਕਪੋਲ-ਕਲਪਨਾ ਹੈ
ਡਰੀ ਜਾ ਤੂੰ ਡਰਾਈ ਜਾ।

# ਡੇਂਗੂ ਬੁਖਾਰ ਹੈ ਕੀ ? ਡਾ: ਅਜੀਤਪਾਲ ਸਿੰਘ ਐਮ. ਡੀ

ਡੇਂਗੂ ਬੁਖਾਰ ਵਾਇਰਸ ਨਾਲ ਹੋਣ ਵਾਲਾ ਬੁਖਾਰ ਹੈ। ਇਹ ਫੈਸਦਾ ਵੀ ਵਾਇਰਸ ਤੋਂ ਹੁੰਦਾ ਹੈ। ਇਹ ਵਾਇਰਸ ਪਕਿਸਮ ਦਾ ਹੁੰਦਾ ਹੈ। ਡੇਂਗੂ ਬੁਖਾਰ ਡੇਂਗੂ ਤੋਂ ਪੀੜਤ ਰੋਗੀ ਦੇ ਏਡੀਜ਼ ਏਡਿਪਟ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਵੱਧ ਸਰਗਰਮ ਹੁੰਦੇ ਹਨ। ਇਸ ਦੇ ਸਰੀਰ ਤੇ ਚੀਤੇ ਵਰਗੀਆਂ ਧਾਰੀਆਂ ਹੁੰਦੀਆਂ ਹਨ।

ਇਹ ਮੱਛਰ ਬਹੁਤਾ ਉੱਚਾ ਨਹੀਂ ਉਡ ਸਕਦਾ। ਅਤੇ ਠੰਢੀ ਛਾਂਦਾਰ ਜਗਾਹ ਜਿਥੇ ਪਰਦੇ ਪਿਛੇ, ਹਨੇਰੀਆਂ ਥਾਂਵਾਂ 'ਚ ਰਹਿੰਦੇ ਹਨ। ਇਹ ਘਰ ਅੰਦਰ ਰਖੇ ਹੋਏ ਸ਼ਾਂਤ ਤੇ ਸਾਫ ਪਾਣੀ 'ਚ ਵਧ ਅੰਡੇ ਦਿੰਦੇ ਹਨ। ਇਹ ਆਪਣੇ ਪ੍ਰਜਨਣ ਖੇਤਰ ਦੇ 200 ਮੀਟਰ ਦੀ ਦੂਰੀ ਦੇ ਅੰਦਰ ਹੀ ਉਡਦੇ ਹਨ। ਇਹ ਮੱਛਰ ਗੰਦੇ ਪਾਣੀ ਵਿੱਚ ਨਹੀਂ ਵਧਦੇ ਫੁਲਦੇ। ਡੇਂਗੂ ਬੁਖਾਰ 'ਚ ਇਨਫੈਕਸ਼ਨ ਗ੍ਰਸਿਤ ਮੱਛਰ ਦੇ ਕੱਟਣ ਨਾਲ ਤੋਂ 14 ਦਿਨ ਦੇ ਅੰਦਰ ਲੱਛਣ ਲੱਗ ਪੈਂਦੇ ਹਨ। ਡੇਂਗੂ ਬੁਖਾਰ 'ਚ ਹੇਠ ਲਿਖੇ ਲੱਛਣ ਵਿਖਾਈ ਦਿੰਦੇ ਹਨ-

**ਸਾਧਾਰਨ ਡੇਂਗੂ ਬੁਖਾਰ-** ਡੇਂਗੂ ਰੋਗ'ਚ ਠੰਢ ਲੱਗਣ ਤੇ ਕਾਂਬੇ ਦਾ ਬੁਖਾਰ ਆਉਣਾ, ਸਿਰ ਦਰਦ, ਅੱਖਾਂ 'ਚ ਦਰਦ, ਬਦਨ ਤੇ ਜੋੜਾਂ 'ਚ ਬੇਹੱਦ ਦਰਦ, ਭੁੱਖ ਘੱਟ ਲਗਣੀ, ਜੀ ਕੱਚਾ ਹੋਣਾ, ਉਲਟੀ ਦਸਤ ਲੱਗਣੇ, ਬੇਹੱਦ ਕੰਮਜੋਰੀ, ਇਨਫ੍ਲੂਐਂਜ਼ਾ ਟਾਇਪ ਵਰਗੇ ਲੱਛਣ, ਬੁਖਾਰ, ਚਮੜੀ 'ਤੇ ਦਾਣੇ, ਪੱਠੇ ਦਰਦ ਕਰਨੇ, ਜੋੜਾਂ ਦੇ ਦਰਦ ਆਦਿ।

**ਡੇਂਗੂ ਹੇਮੋਰੇ ਜਿਕ ਫੀਵਰ-** ਡੇਂਗੂ ਬੁਖਾਰ ਦੀ ਇਹ ਉਹ ਹਾਲਤ ਹੈ ਜਦੋਂ ਕਾਫੀ ਗੰਭੀਰ ਬੀਮਾਰੀ ਹੋ ਸਕਦੀ ਹੈ। ਇਸ ਵਿੱਚ ਚਮੜੀ ਹੇਠਾ ਲਾਲ ਦਾਗ ਪੈਣੇ, ਨੱਕ ਅੱਖ ਹੋਰ ਥਾਵਾਂ ਤੋਂ ਖ਼ੂਨ ਵੱਗ ਸਕਦਾ ਹੈ, ਇਸ 'ਚ ਰੋਗੀ ਬੇਹੋਸ਼ੀ ਦੀ ਹਾਲਤ 'ਚ ਜਾ ਸਕਦਾ ਹੈ।

**ਡੇਂਗੂ ਬੁਖਾਰ ਤੋਂ ਬਚਾਅ ਦੇ ਉਪਾਅ-** ਘਰ ਦੇ ਅੰਦਰ ਆਸ-ਪਾਸ ਪਾਣੀ ਜਮਾ ਨਾ ਹੋਣ ਦਿਉ, ਕੂਲਰ ਦੀ ਵਰਤੋਂ ਨਾ ਹੋਣ ਤੇ ਉਸ ਦਾ ਪਾਣੀ ਖਾਲੀ ਕਰ ਦਿਉ। ਖਿੜਕੀਆਂ ਦਰਵਾਜਿਆ 'ਤੇ ਜਾਲੀਆਂ ਲਾ ਕੇ। ਰਖੋਂ। ਪੂਰਾ ਸਰੀਰ ਢਕ ਕੇ ਰਖਣ ਵਾਲੇ ਕਪੜੇ ਹੀ ਪਹਿਨੋ। ਰਾਤ ਨੂੰ ਮੱਛਰ ਦਾਨੀ ਲਾ ਕੇ ਹੀ ਸੌਂਵੋ। ਘਰ ਤੋ ਆਲੇ-ਦੁਆਲੇ ਕੀਟ-ਨਾਸ਼ਕ ਦਵਾਈਆਂ ਦਾ ਛੜਕਾਅ ਜ਼ਰੂਰ ਕਰੋ।



**ਡੇਂਗੂ ਬੁਖਾਰ 'ਚ ਕੀ ਕਰੀਏ, ਕੀ ਨਾ ਕਰੀਏ ?-** ਤੁੰਰਤ ਡਾਕਟਰ ਦੀ ਸਲਾਹ ਲਵੋਂ ਮਰੀਜ ਨੂੰ ਗੰਭੀਰ ਹਾਲਤ 'ਚ ਹਸਪਤਲ 'ਚ ਭਰਤੀ ਕਰਵਾ ਦਿਉ।

ਮਰੀਜ ਨੂੰ ਆਰਾਮ ਕਰਨ ਦਿਉ ਤੇ ਪੌਸ਼ਟਿਕ ਭੋਜਨ ਹੀ ਦਿਉ।

ਕੁੱਝ ਟੈਸਟ ਜਿਵੇਂ ਡਾਕਟਰ ਲਿਖਦੇ ਹਨ। ਜਿਵੇਂ C.D.C ਟੈਸਟ, PDF Test (ਜੇ ਡੇਂਗੂ ਹੈ ਮੋਰੇਜਿਕ ਫੀਵਰ ਦਾ ਸ਼ੁਕ ਹੋਵੇ), ਇਹ ਟੈਸਟ ਜ਼ਰੂਰ ਕਰਵਾ ਲੈਣੇ ਚਾਹੀਦੇ ਹਨ।

**ਡੇਂਗੂ ਬੁਖਾਰ ਦਾ ਇਲਾਜ-** ਪਲੇਟਲੈਟ ਸੈਲਾਂ ਦੀ ਗਿਣਤੀ 20 ਹਜ਼ਾਰ ਤੋਂ ਘੱਟ ਹੋ ਜਾਂਦੀ ਹੈ ਉਦੋਂ ਸਥਿਤੀ ਗੰਭੀਰ ਹੋ ਸਕਦੀ ਹੈ। ਇਸ ਹਾਲਤ 'ਚ ਖੂਨ ਚੜ੍ਹਾਉਣ ਦੀ ਲੋੜ ਪੈ ਸਕਦੀ ਹੈ। ਐਲੋਪੈਥੀ ਪ੍ਰਨਾਲੀ 'ਚ ਲੱਛਣਾ 'ਤੇ ਆਧਾਰਤ ਇਲਾਜ ਹੀ ਕੀਤਾ ਜਾਂਦਾ ਹੈ। ਇਹ ਬੁਖਾਰ ਠੀਕ ਹੋਣ ਵਿੱਚ ਹਫਤੇ ਦਾ ਸਮਾਂ ਤਾਂ ਘਟੋ ਘਟੱ ਲੱਗ ਹੀ ਜਾਂਦਾ ਹੈ। ਪੌਸ਼ਟਿਕ ਖੁਰਾਕ ਦਿੰਦੇ ਰਹੋ ਤਾਂ ਕਿ ਮਰੀਜ਼ ਨੂੰ ਕੰਮਜੋਰੀ ਆਵੇ ਹੀ ਘੱਟ। ਹੌਸਲਾ ਅਫਜਾਈ ਵੀ ਜ਼ਰੂਰੀ ਹੁੰਦੀ ਹੈ।

## ਵਿਸਰਜਨ ਤੋਂ ਪਹਿਲਾਂ

**-ਸਰਬਜੀਤ ਸੋਹੀ**

ਇਸ ਤੋਂ ਪਹਿਲਾਂ ਕਿ
ਵਿਵਸਥਾ ਦੇ ਪਾਣੀਆਂ ਵਿੱਚ
ਵਿਸਰਜਿਤ ਹੋ ਜਾਏ ਸਾਡੀ ਹੋਂਦ
ਇਸ ਤੋਂ ਪਹਿਲਾਂ ਕਿ ਸਾਡੀਆਂ ਧੀਆਂ ਨੂੰ
ਪਵਿੱਤਰ ਸ਼ਿਵਲਿੰਗ ਤੇ ਬਿਠਾਕੇ
ਕੰਜਕ ਬਣਾ ਲਿਆ ਜਾਵੇ !
ਆਓ ਨਿਕਲ ਜਾਈਏ
ਭਗਤਾਂ ਦੀ ਗ੍ਰਿਫ਼ਤ ਵਿਚੋਂ.......!!

ਇਸ ਤੋਂ ਪਹਿਲਾਂ ਕਿ,
ਹਲਕੇ ਹੋਏ ਕੁੱਤੇ ਵੱਢ ਲੈਣ
ਤੁਹਾਡੇ ਬੱਚਿਆਂ ਦੇ ਨੰਨ੍ਹੇ ਚਾਵਾਂ ਨੂੰ
ਤੇ ਤੁਸੀਂ ਬੁਰਕੀਆਂ ਹੀ ਪਾਉਂਦੇ ਰਹੋ
ਮੱਤਦਾਨ ਕੇਂਦਰਾਂ ਤੇ ਜਾਕੇ !
ਆਉ ਕੁੱਤਿਆਂ ਦੀ ਥਾਂ ਤੇ
ਵਫ਼ਾਦਾਰੀ ਦਾ.......
ਕੋਈ ਨਵਾਂ ਬਿੰਬ ਸਿਰਜੀਏ !

ਇਸ ਤੋਂ ਪਹਿਲਾਂ ਕਿ
ਗਊਸ਼ਾਲਾ ਦੀਆਂ ਤੌਕੜ ਗਾਂਵਾਂ
ਤੁਹਾਡੀਆਂ ਰੂਹਾਂ ਦੀ ਹਰਿਆਵਲ ਚਰ੍ਹਕੇ
ਮੂਤ ਜਾਣ........
ਤੁਹਾਡੇ ਸੁਪਨਿਆਂ ਦੀ ਦਸੂਤੀ ਚਾਦਰ ਤੇ
ਆਉ ਮੱਛਰੇ ਹੋਏ ਵੱਗ ਦਾ
ਕੋਈ ਚਾਰਾ ਕਰੀਏ !

ਇਸ ਤੋਂ ਪਹਿਲਾਂ ਕਿ
ਖ਼ਾਕੀ ਚੂਹਿਆਂ ਦੀਆਂ ਪਲਟਨਾਂ
ਵੰਦੇ ਵਾਤਰਮ ਦੇ ਪਹਾੜੇ ਪੜਦੀਆਂ
ਫੈਲ ਜਾਣ ਨਾਗਪੁਰ ਤੋਂ ਲੈ ਕੇ
ਤੁਹਾਡੇ ਪਿੰਡਾਂ ਦੀਆਂ ਜੂਹਾਂ ਤੀਕਰ !
ਤੇ ਤੁਸੀਂ ਚੂਹਿਆਂ ਨੂੰ........
ਗਣੇਸ਼ ਦੀ ਸਵਾਰੀ ਹੀ ਸਮਝਦੇ ਰਹੋ !
ਪਲੇਗ ਦੇ ਫ਼ੈਲਣ ਤੋਂ ਪਹਿਲਾਂ,
ਆਓ ਸੜਕਾਂ ਤੋਂ.......
ਮੇਂਗਨਾ ਨੂੰ ਹੂੰਝ ਦੇਈਏ !

ਇਸ ਤੋਂ ਪਹਿਲਾਂ ਕਿ,
ਖਰੂਦੀ ਬਾਂਦਰਾਂ ਦੇ ਟੋਲੇ.......
ਕੈਂਪਾਂ 'ਚੋਂ ਨਿਕਲਕੇ ਖਲੱਲ ਪਾਉਣ
ਤੁਹਾਡੀ ਸ਼ਖ਼ਸੀ ਅਜ਼ਾਦੀ ਦੇ ਹੱਕ ਵਿੱਚ !
ਤੇ ਅਖੌਤੀ ਰਾਸ਼ਟਰਵਾਦ
ਨੱਪ ਲਵੇ.......
ਤੁਹਾਡੀ ਰੋਟੀ ਦੀ ਭੁੱਖ ਨੂੰ
ਆਓ ਖਾਲੀ ਢਿੱਡਾਂ ਵਿਰੁੱਧ ਹੋ ਰਹੀ
ਇਸ ਸ਼ਾਜਿਸ ਦਾ ਪਰਦਾਫ਼ਾਸ ਕਰੀਏ !

ਇਸ ਤੋਂ ਪਹਿਲਾਂ ਕਿ
ਪਾਣੀਆਂ ਵਿੱਚ ਤੈਰਦੇ ਹੋਏ ਕਮਲ
ਤ੍ਰਿਸ਼ੂਲਾਂ ਬਣ ਜਾਣ.......
ਤੇ ਪਾਣੀ ਦੀ ਆਸ ਵਿੱਚ ਆਈਆਂ
ਮਾਸੂਮ ਚਿੜੀਆਂ ਫੁੰਡ ਲਈਆਂ ਜਾਣ !
ਆਓ ਦੁਆ ਕਰੀਏ,
ਕਿ ਫੁੱਲ ਫੁੱਲ ਹੀ ਰਹਿਣ,
ਕਿਤੇ ਇਹ ਮਨੂੰਵਾਦੀ ਪਿਉਂਦ........
ਫੁੱਲਾਂ ਦੇ ਵੀ ਅਰਥ ਨਾ ਬਦਲ ਦੇਵੇ !!

# ਮਾਰ ਕੁਟਾਈ ਨਾਲ ਨਹੀਂ ਸੁਧਰਦੇ ਬੱਚੇ

**-ਲਲਿਤਾ ਗੋਇਲ**

ਬੱਚਿਆਂ ਦੇ ਪਾਲਣ-ਪੋਸ਼ਣ ਦੇ ਦੌਰਾਨ ਉਹਨਾਂ ਉੱਤੇ ਹੱਥ ਚੁੱਕਣਾ ਨਾ ਸਿਰਫ਼ ਉਨ੍ਹਾਂ ਨੂੰ ਦੁੱਖ ਪਹੁੰਚਾਉਂਦਾ ਹੈ ਸਗੋਂ ਦੂਰੀਆਂ ਵੀ ਪੈਦਾ ਕਰਦਾ ਹੈ, ਇਸ ਲਈ ਮਾਪੇ ਬੱਚਿਆਂ ਨੂੰ ਕੁੱਟ ਨਾਲ ਨਹੀਂ, ਪਿਆਰ ਨਾਲ ਸਮਝਾਉਣ।

ਕਦੀ ਖਿਡੌਣੇ ਤੋੜਨੇ, ਕਦੇ ਹੋਮਵਰਕ ਨਾ ਕਰਨੇ, ਕਦੀ ਟੀਵੀ ਜ਼ਿਆਦਾ ਦੇਰ ਤੱਕ ਦੇਖਣੇ, ਕਦੀ ਸਵੇਰੇ ਜਲਦੀ ਨਾ ਉੱਠਣ ਨੂੰ ਲੈ ਕੇ ਹਰ ਬੱਚੇ ਨੂੰ ਕਦੇ ਨਾ ਕਦੇ ਕੁੱਟ ਪਈ ਹੋਵੇਗੀ। ਜਦ ਬੱਚੇ ਮਾਪਿਆਂ ਦੇ ਅਨੁਸਾਰ ਕੰਮ ਨਹੀਂ ਕਰਦੇ ਤਾਂ ਮਾਪਿਆਂ ਨੂੰ ਗੁੱਸਾ ਆਉਂਦਾ ਹੈ ਅਤੇ ਗੁੱਸੇ ਵਿੱਚ ਉਹ ਬੱਚਿਆਂ ਨੂੰ ਡਰਾਉਂਦੇ ਧਮਕਾਉਂਦੇ ਹਨ ਅਤੇ ਜਦ ਅਜਿਹਾ ਕਰਨ ਨਾਲ ਗੱਲ ਬਨਦੀ ਨਹੀਂ ਦਿੱਸਦੀ, ਤਾਂ ਉਹ ਬੱਚਿਆਂ ਉੱਤੇ ਹੱਥ ਚੁੱਕ ਲੈਂਦੇ ਹਨ। ਮਾਪੇ ਅਜਿਹਾ ਕਰਦੇ ਸਮੇਂ ਸੋਚਦੇ ਹਨ ਕਿ ਅਜਿਹਾ ਬੱਚਿਆਂ ਦੀ ਭਲਾਈ ਦੇ ਲਈ ਕਰ ਰਹੇ ਹਨ, ਉਨ੍ਹਾਂ ਨੂੰ ਸੁਧਾਰਨ ਦੇ ਲਈ ਕਰ ਰਹੇ ਹਨ। ਪਰ ਕੀ ਬੱਚਿਆਂ ਉੱਤੇ ਹੱਥ ਚੁੱਕਣਾ ਸੱਚ ਵਿੱਚ ਬੱਚਿਆਂ ਦੀ ਭਲਾਈ ਦੇ ਲਈ ਹੁੰਦਾ ਹੈ, ਆਉ ਜਾਣਦੇ ਹਾਂ :

**ਹੱਥ ਉਠਾਉਣ ਦੇ ਪਿੱਛੇ ਕਾਰਨ :** ਮਨੋਵਿਗਿਆਨਕ ਪ੍ਰਾਂਜਲੀ ਮੱਲਹੋਤਰਾ ਦੇ ਅਨੁਸਾਰ, "ਮਾਪਿਆਂ ਨੂੰ ਲੱਗਦਾ ਹੈ ਕਿ ਬੱਚਿਆਂ ਨੂੰ ਕੁੱਟਣਾ ਮਾਰਨਾ ਉਹਨਾਂ ਨੂੰ ਸਿਖਾਉਣ ਸਮਝਾਉਣ ਦਾ ਢੰਗ ਹੈ, ਮਾਰਨ ਨਾਲ ਉਹ ਸਮਝ ਜਾਣਗੇ ਅਤੇ ਦੋਬਾਰਾ ਉਹੀ ਗਲਤੀ ਨਹੀਂ ਕਰਨਗੇ। ਪ੍ਰੰਤੂ, ਅਜਿਹਾ ਨਹੀਂ ਹੈ।

"ਕਈ ਵਾਰ ਤਾਂ ਬੱਚੇ ਇਹ ਵੀ ਨਹੀਂ ਸਮਝ ਪਾਉਂਦੇ ਕਿ ਉਨ੍ਹਾਂ ਨੂੰ ਕੁੱਟ ਕਿਹੜੀ ਗੱਲ ਉੱਤੇ ਪਈ ਹੈ। ਕਈ ਵਾਰ ਬੱਚੇ ਅਕਾਰਨ ਵੀ ਮਾਰ ਖਾ ਜਾਂਦੇ ਹਨ। ਬੱਚਿਆਂ ਉੱਤੇ ਹੱਥ ਚੁੱਕਣ ਨਾਲ ਨਾ ਸਿਰਫ਼ ਉਨ੍ਹਾਂ ਨੂੰ ਸਰੀਰਕ ਰੂਪ ਤੋਂ ਸੱਟ ਪਹੁੰਚਦੀ ਹੈ ਸਗੋਂ ਉਹ ਮਾਨਸਕ ਰੂਪ ਤੋਂ ਵੀ ਕਮਜ਼ੋਰ ਪੈ ਜਾਂਦੇ ਹਨ। "ਕਈ ਮਾਮਲਿਆਂ ਵਿੱਚ ਬੱਚਿਆਂ ਉੱਤੇ ਹੱਥ ਨਾ ਚੁੱਕ ਕੇ ਜੇਕਰ ਪਿਆਰ ਨਾਲ ਸਮਝਾਇਆ ਜਾਵੇ ਤਾਂ ਉਨ੍ਹਾਂ ਉੱਤੇ ਸਰਾਕਾਤਮਕ ਅਸਰ ਹੁੰਦਾ ਹੈ। ਸਰੀਰਕ ਹਿੰਸਾ ਬੱਚਿਆਂ ਨੂੰ ਗ਼ਲਤ ਰਸਤਾ ਦਿਖਾਉਂਦੀ ਹੈ। ਨਾਲ ਹੀ ਬੱਚੇ ਇਹ ਸਮਝ ਬੈਠਦੇ ਹਨ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਸਿਰਫ਼ ਇੱਕ ਹੱਥ ਚੁੱਕਣ ਨਾਲ਼ ਹੋ ਸਕਦਾ ਹੈ। ਅਜਿਹੇ ਵਿੱਚ ਉਹ ਆਪਣੇ ਆਸਪਾਸ ਦੋਸਤਾਂ ਦੇ ਨਾਲ ਵੀ ਕੁੱਟ-ਮਾਰ ਦਾ ਰਵੱਈਆ ਅਪਨਾਉਣ ਲੱਗਦੇ ਹਨ।"

**ਹਾਊਸਵਾਇਫ਼ ਜ਼ਿਆਦਾ ਚੁੱਕਦੀ ਹੈ ਹੱਥ :** ਮੁੰਬਈ ਦੇ ਇੱਕ ਐਜੁਕੇਸ਼ਨਲ ਗਰੁੱਪ ਪੋਦਦਾਰ ਇੰਸਟੀਚਿਊਟ ਆਫ਼ ਐਜੁਕੇਸ਼ਨ ਦੁਆਰਾ ਦੇਸ਼ ਦੇ 10 ਸ਼ਹਿਰਾਂ ਵਿੱਚ ਕੀਤੇ ਗਏ ਸਰਵੇ ਦੇ ਅਨੁਸਾਰ, ਘਰ ਵਿੱਚ ਰਹਿਣ ਵਾਲੀਆਂ ਮਾਂਵਾਂ ਬੱਚਿਆਂ ਉੱਤੇ ਆਦਮੀਆਂ ਦੀ ਤੁਲਨਾ ਵਿੱਚ ਵੱਧ ਹੱਥ ਚੁੱਕਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ 77 ਪ੍ਰਤੀਸ਼ਤ ਮਾਮਲਿਆਂ ਵਿੱਚ ਮਾਂਵਾਂ ਹੀ ਬੱਚਿਆਂ ਨੂੰ ਕੁੱਟਦੀਆਂ ਹਨ। ਮਾਹਰਾਂ ਦਾ ਮੰਨਣਾ ਹੈ ਕਿ ਕੰਮਕਾਜੀ ਇਸਤਰੀਆਂ ਦੇ ਕੋਲ ਬੱਚਿਆਂ ਦੇ ਲਈ ਬਹੁਤ ਘੱਟ ਸਮਾਂ ਹੁੰਦਾ ਹੈ, ਇਸ ਲਈ ਉਹ ਘੱਟ ਹੱਥ ਚੁੱਕਦੀਆਂ ਹਨ ਜਦਕਿ ਹਾਊਸਵਾਇਫ਼ ਬੱਚਿਆਂ ਦੇ ਨਾਲ਼ ਜ਼ਿਆਦਾ ਸਮਾਂ ਬਿਤਾਉਂਦੀਆਂ ਹਨ, ਇਸ ਲਈ ਉਹਨਾਂ ਦੀਆਂ ਗ਼ਲਤੀਆਂ ਨੂੰ ਲੈ ਕੇ ਉਹ ਜ਼ਿਆਦਾ ਸਖ਼ਤ ਹੁੰਦੀਆਂ ਹਨ।

**ਰਿਸ਼ਤੇ ਵਿੱਚ ਆ ਸਕਦੀਆਂ ਹਨ ਦੂਰੀਆਂ :** ਬੱਚਿਆਂ ਨੂੰ ਮਾਰ ਖਾਣਾ ਨਾ ਸਿਰਫ਼ ਅਪਮਾਨਤ ਲੱਗਦਾ ਹੈ ਸਗੋਂ ਮਾਰ ਉਨ੍ਹਾਂ ਨੂੰ ਅਸ਼ਾਂਤ ਜਾਂ ਡਰਪੋਕ ਬਣਾ ਸਕਦੀ ਹੈ। ਗੱਲ ਗੱਲ ਉੱਤੇ ਹੱਥ ਚੁੱਕਣ ਨਾਲ ਜਿੱਥੇ ਕੁੱਝ ਬੱਚੇ ਜ਼ਾਲਮ ਹੋ ਜਾਂਦੇ ਹਨ ਉੱਥੇ ਕੁਝ ਬੱਚੇ ਹਰ ਸਮੇਂ ਡਰੇ ਸਹਿਮੇ ਰਹਿਣ ਲੱਗਦੇ ਹਨ, ਉਹ ਕਿਸੇ ਨਾਲ ਗੱਲ ਕਰਨ ਤੋਂ ਵੀ ਕਤਰਾਉਣ ਲੱਗਦੇ ਹਨ। ਵੱਡੇ ਹੋਣ ਉੱਤੇ ਇਹ ਸਾਰੀਆਂ ਸਮੱਸਿਆਵਾਂ ਉਨ੍ਹਾਂ ਦੇ ਵਿਕਾਸ ਵਿੱਚ ਰੁਕਾਵਟ ਬਣ ਸਕਦੀਆਂ ਹਨ। ਵਾਰ-ਵਾਰ ਕੁੱਟਣ ਨਾਲ ਬੱਚਿਆਂ ਵਿੱਚ ਮਾਪਿਆਂ ਦਾ ਡਰ ਖ਼ਤਮ ਹੋ ਜਾਂਦਾ ਹੈ ਅਤੇ ਹੋ ਸਕਦਾ ਹੈ ਤੁਹਾਡਾ ਇਹ ਵਰਤਾਉ ਤੁਹਾਡੇ ਅਤੇ ਬੱਚਿਆਂ ਦੇ ਰਿਸ਼ਤੇ ਵਿੱਚ ਦੂਰੀਆਂ ਵੀ ਲਿਆ ਦੇਵੇ।



---

**ਇਹ ਕੈਸੀ ਆਜ਼ਾਦੀ ਸੀ**
-ਬੱਬਲਪ੍ਰੀਤ ਸਿੰਘ

ਇਹ ਕੈਸੀ ਆਜ਼ਾਦੀ ਸੀ,
ਚਹੁੰ ਤਰਫ ਬਰਬਾਦੀ ਸੀ,
ਲਾਸ਼ਾਂ ਦੀ ਗੱਡੀ ਆਉਂਦੀ ਸੀ,
ਲਾਸ਼ਾਂ ਦੀ ਗੱਡੀ ਜਾਂਦੀ ਸੀ।

ਜਿਹੜੇ ਹੱਥ ਕਦੇ ਕਿਸੇ ਦੀ ਮਦਦ ਲਈ ਸੀ ਵੱਧਦੇ,
ਉਹੀ ਹੱਥ ਅੱਜ ਦੂਜਿਆਂ ਨੂੰ ਪਏ ਸੀ ਵੱਢਦੇ,
ਇੱਕ ਦੂਜੇ ਨੂੰ ਓਹੀ ਕਤਲ ਪਏ ਸੀ ਕਰਦੇ,
ਇਕੱਠੇ ਰਹਿਣ ਦੀ ਜਿਨ੍ਹਾਂ ਸਹੁੰ ਖਾਧੀ ਸੀ,
ਇਹ ਕੈਸੀ ਆਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਮਸੀਤਾਂ ਨਾਂ ਰਹੀਆਂ ਤੇ ਨਾਲੇ ਮੰਦਰ ਵੀ ਢਹਿ ਗਏ,
ਬਸ ਸੁੰਨ ਮਸੁੰਨੇ ਪਿੱਛੇ ਵਿਹੜੇ ਹੀ ਰਹਿ ਗਏ,
ਓਹ ਹੁਣ ਰੋਂਦੇ ਤੇ ਪਏ ਕੁਰਲਾਂਉਂਦੇ,
ਜੋ ਬਸ ਖੁਸ਼ੀਆਂ ਹੰਢਾਉਣ ਦੇ ਹੀ ਆਦੀ ਸੀ,
ਇਹ ਕੈਸੀ ਆਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਕਈਆਂ ਪਿੱਛੇ ਕੋਈ ਵੈਣ ਪਾਉਣ ਵਾਲਾ ਵੀ ਨਾ ਰਿਹਾ,
ਆਪਣਿਆਂ ਦਾ ਚਿਤ੍ਹਾ ਨੂੰ ਲਾਬੂ ਲਓਣ ਵਾਲਾ ਵੀ ਨਾ ਰਿਹਾ,
ਬਸ ਚੀਕ ਚਿਹਾੜਾ ਸੀ ਸੁਣਦਾ ਚੁਫੇਰੇ
ਸਭ ਗਲੀਆਂ 'ਚ ਫਿਰਦੇ ਪਏ ਫਸਾਦੀ ਸੀ,
ਇਹ ਕੈਸੀ ਆਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਟੋਪੀਆਂ ਵਾਲੇ ਪੱਗਾਂ ਵਾਲਿਆਂ ਨੂੰ ਮਾਰ ਰਹੇ ਸੀ,
'ਤੇ ਪੱਗਾਂ ਵਾਲੇ ਟੋਪੀਆਂ ਵਾਲਿਆਂ ਨੂੰ ਮਾਰ ਰਹੇ ਸੀ,
ਕੋਈ ਵੀ ਰਹਿਮ ਦਿਲ ਨਹੀਂ ਸੀ,
ਹਰ ਕੋਈ ਬਣਿਆ ਫਿਰਦਾ ਅਪਰਾਧੀ ਸੀ,
ਇਹ ਕੈਸੀ ਆਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਲੋਕ ਆਪਣੇ ਗੁਆਚਿਆਂ ਨੂੰ ਰੋਂਦੇ ਪਏ ਸੀ,
ਇੱਕ ਸੀ ਸਰੀਰ 'ਤੇ ਦੋ ਟੋਟੇ ਹੁੰਦੇ ਪਏ ਸੀ,
ਬਹੁਤ ਦੁਖੀ ਸੀ ਗੋਰਿਆਂ ਦੇ ਕਾਲੇ ਫੈਸਲੇ ਤੋਂ,
'ਤੇ ਕਈ ਟਾਂਵੇ-ਟਾਂਵੇ ਵਿੱਚ ਧੰਨਵਾਦੀ ਸੀ,
ਇਹ ਕੈਸੀ ਆਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

# ਕੈਨੈਡਾ ਦੇ ਲੋਕ

**ਇਕਬਾਲ**

ਕੈਨਡਾ ਵਿੱਚ ਮੈਂ ਬੀਤੇ ਚਾਲੀ ਸਾਲਾਂ ਤੋਂ ਨਿਵਾਸ ਕਰ ਰਿਹਾ ਹਾਂ। ਸਕੂਲ ਬੋਰਡਾਂ ਵਿੱਚ ਵਿੱਦਿਆਕਾਰ ਵਜੋਂ ਵਿਚਰਣ ਕਾਰਨ ਮੇਰਾ ਵਾਹ ਕੈਨੇਡਾ ਦੀ ਮੁੱਖਧਾਰਾ ਦੇ ਲੋਕਾਂ ਨਾਲ਼ ਬਹੁਤ ਨੇੜਿਓਂ ਰਿਹਾ ਹੈ।

ਇਹ ਲੋਕ ਨਾ ਟੂਣਾ ਟਾਮਣ ਕਰਦੇ ਹਨ, ਨਾ ਚੌਂਕੀਆਂ ਲਾਉਂਦੇ ਹਨ, ਨਾ ਜਲਧਾਰਾ, ਨਾ ਧੂਣੀਆਂ, ਨਾ ਆਪਣੇ ਗ੍ਰੰਥਾਂ ਦਾ ਸਹਿਜ ਪਾਠ ਜਾਂ ਅਖੰਡ ਪਾਠ, ਨਾ ਤੀਰਥ ਯਾਤਰਾ, ਨਾ ਮੱਸਿਆ ਪੁੰਨਿਆਂ ਨਹਾਉਣ,




ਸਵੇਰੇ ਜਦੋਂ ਲੋਕ ਨੀਂਦ ਦਾ ਅਨੰਦ ਲੈ ਰਹੇ ਹੁੰਦੇ ਹਨ, ਇਹ ਲੋਕ ਲਾਊਡ ਸਪੀਕਰ ਉੱਪਰ ਆਪਣੀ ਬਾਈਬਲ ਦਾ ‘ਪਾਠ’ ਵੀ ਨਹੀਂ ਸੁਣਾਉਂਦੇ। ਨਾ ਹੀ ਮੰਦਰਾਂ ਵਿੱਚ ਤੜਕੇ ਤੜਕੇ ਲਾਊਡਸਪੀਕਰਾਂ ਰਾਹੀਂ ਭਜਨ ਗਾਉਣ ਵਾਂਗ ਇਹ ਲੋਕ ਬਾਈਬਲ ਦੇ ਭਜਨ ਗਾਉਂਦੇ ਹਨ, ਨਾ ਸਾਰੀ ਰਾਤ ਜਗਰਾਤੇ ਕਰਦੇ ਹੋਏ ਲੋਕਾਂ ਦੀ ਨੀਂਦ ਖਰਾਬ ਕਰਦੇ ਹਨ, ਨਾ ਇਹ ਗਊਆਂ ਦੇ ਨਾਮ ਤੇ ਦੰਗੇ ਕਰਦੇ ਹਨ, ਇਨ੍ਹਾਂ ਕੋਲ ਨਾ ਢੰਡਰੀਆਂ ਵਾਲਾ ਬਾਬਾ, ਨਾ ਕਲੇਰਾਂ ਵਾਲਾ, ਨਾ ਰਾੜੇਵਾਲਾ, ਨਾ ਅਸ਼ੂਤੋਸ਼, ਨਾ ਸਰਸਾ, ਨਾ ਰਾਮਪਾਲ, ਨਾ ਨਿਰਮਲ ਬਾਬਾ, ਨਾ ਹਨੂਮਾਨ ਚਾਲੀਸਾ, ਨਾ ਪੁਰੀ ਦਾ ਮੰਦਰ, ਨਾ ਅਮਰਨਾਥ ਦੀ ਯਾਤਰਾ, ਨਾ ਸੋਮਨਾਥ, ਨਾ ਅਜਮੇਰ ਸ਼ਰੀਫ਼, ਨਾ ਹੇਮਕੁੰਟ, ਤੇ ਨਾ ਹੀ ਉਹ ਸਾਰਾ ਕੁਝ ਜਿਹੜਾ ਅਸੀਂ ਹਿੰਦੂਆਂ ਸਿੱਖਾਂ ਨੇ ਮੰਦਰਾਂ ਮਸੀਤਾਂ ਗੁਰਦਵਾਰਿਆਂ ’ਚ ਆਪਣੇ ਆਪਣੇ “ਰੱਬਾਂ” ਦੇ ਨਾਮ ’ਤੇ ਰੱਖਿਆ ਹੋਇਆ ਹੈ।

ਇਹ ਨਾ ਕਿਸੇ ਖ਼ਾਸ ਕਿਸਮ ਦੀ ਮਰਿਆਦਾ ਦੇ ਪਾਬੰਦ ਹਨ। ਜੋ ਜੀ ਕਰੇ ਖਾਂਦੇ ਹਨ, ਜੋ ਜੀ ਕਰੇ ਪਹਿਨਦੇ ਹਨ। ਦਾਹੜੀ ਰੱਖਣੀ ਹੈ ਰੱਖ ਲਵੋ, ਕਟਣੀ ਹੈ ਕਟ ਲਵੋ। ਇਹ ਲੋਕ ਮੈਂ ਕਦੇ ਪਾਠ ਪੂਜਾ ਕਰਦੇ ਨਹੀਂ ਦੇਖੇ।

ਸਾਡੇ ਹਰ ਘਰ ਵਿੱਚ ਪਾਠ ਪੂਜਾ, ਨਾਮ ਸਿਮਰਣ, ਦਾ ਪਰਵਾਹ ਚਲਦਾ ਹੈ। ਪਰ ਕਨੇਡਾ ਮੁਲਕ ਏਨਾ ਖੁਸ਼ਹਾਲ ਹੈ ਕਿ ਚੌਵੀ ਘੰਟੇ ਰੱਬ ਰੱਬ ਕਰਨ ਵਾਲੇ ਲੋਕ ਵੀ ਹਰ ਗੈਰ ਕਾਨੂੰਨੀ ਰਸਤਾ ਅਖਤਿਆਰ ਕਰ ਕੇ ਏਥੇ ਦਾਖ਼ਲ ਹੋਣਾ ਚਾਹੁੰਦੇ ਹਨ।

ਹੁਣ ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਜਿਹੜਾ ਰੱਬ ਘਟ ਘਟ ‘ਚ ਵਸਦਾ ਹੈ, ਸਰਬਸ਼ਕਤੀਮਾਨ ਹੈ, ਉਹ ਚੌਵੀ ਘੰਟੇ ਪਾਠ ਪੂਜਾ ਵਾਲੇ ਮੁਲਕ ਦੀ ਬਜਾਏ ਉਸ ਮੁਲਕ ਤੇ ‘ਦਿਆਲ’ ਕਿਉਂ ਹੈ ਜਿੱਥੇ ਪਾਠ ਪੂਜਾ ਚੁੱਭੀ ਮਾਰਿਆਂ ਵੀ ਨਹੀਂ ਲੱਭਦੀ ?

ਮੁਸਲਮਾਨਾਂ ਦੀ ਨਜ਼ਰ ਵਿਚ ਕਨੇਡਾ ਤਾਂ ਕਾਫ਼ਰਾਂ ਦਾ ਮੁਲਕ ਹੈ ਪਰ ਕਾਫ਼ਰਾਂ ਦੇ ਮੁਲਕਾਂ ਨੂੰ ਚਲਾਉਣ ਵਾਲਾ ‘ਗਾਡ’ ਕੀ ਸਾਡੇ ਪਰਮਾਤਮਾ, ਭਗਵਾਨ ਤੇ ਅੱਲਾ ਨਾਲੋਂ ਜ਼ਿਆਦਾ ਸ਼ਕਤੀ ਲਈ ਬੈਠਾ ਹੈ ਕਿ ਏਥੇ ਏਨੀ ਖੁਸ਼ਹਾਲੀ ਹੈ ?

## ਅਲਵਿਦਾ ਇਕਬਾਲ ਜੀ!



ਪ੍ਰਸਿੱਧ ਲੋਕ ਪੱਖੀ ਪੰਜਾਬੀ-ਅੰਗਰੇਜ਼ੀ ਸਾਹਿਤਕਾਰ ਇਕਬਾਲ ਰਾਮੂਵਾਲੀਆ ਸਦੀਵੀ ਵਿਛੋੜਾ ਦੇ ਗਏ ਹਨ ਉਹ 68 ਵਰ੍ਹਿਆਂ ਦੇ ਸਨ ਅਤੇ ਪੰਜਾਬੀ ਕਵਿਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਜੀ ਦੇ ਚਾਰ ਪੁੱਤਰਾਂ ਵਿੱਚੋਂ ਇੱਕ ਸਨ। ਇਕਬਾਲ ਜੀ ਲੰਬੇ ਸਮੇਂ ਤੋਂ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਸਨ ਪਰ ਇਸ ਦੇ ਬਾਵਜੂਦ ਵੀ ਉਹ ਲੋਕਾਂ ਨੂੰ ਚੇਤਨ ਕਰਨ ਲਈ ਲਿਖਦੇ ਰਹਿੰਦੇ ਸਨ। ਅਦਾਰਾ ‘ਵਿਗਿਆਨ ਜੋਤ’ ਉਹਨਾਂ ਦੇ ਦੇਹਾਂਤ ’ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ’ਤੇ ਉਹਨਾਂ ਦੀ ਇੱਕ ਲਿਖਤ ਤੁਹਾਡੇ ਨਾਲ ਸਾਂਝੀ ਕਰ ਰਿਹਾ ਹੈ।

## ਖੋਤਿਆਂ ਤੋਂ ਸਬਕ

ਪੁਰਾਨੀ ਗੱਲ ਹੈ ..ਰਾਜੇ ਨੇ ਵਹੁਟੀ ਦੀ ਸਿਫਾਰਿਸ਼ ਤੇ ਆਪਣੇ ਸਾਲੇ ਨੂੰ ਮੌਸਮ ਵਿਭਾਗ ਦਾ ਮੰਤਰੀ ਬਣਾ ਦਿੱਤਾ!

ਇੱਕ ਦਿਨ ਟੂਰ ਤੇ ਨਿਕਲਣ ਲੱਗਾ ਪੁੱਛਣ ਲੱਗਾ ਕੇ ਸਾਲਾ ਸਾਬ ਦੱਸੋ ਖਾਂ ਭਲਾ ਮੌਸਮ ਦੀ ਭਵਿੱਖ ਬਾਣੀ ਕੀ ਕਹਿੰਦੀ ਏ ?

ਅੱਗੋਂ ਮੁੱਛਾਂ ਨੂੰ ਵੱਟ ਚਾੜ੍ਹਦਾ ਆਖਣ ਲੱਗਾ ਕੇ ਜੀਜਾ ਜੀ ਬੇਫਿਕਰ ਹੋ ਕੇ ਜਾਵੋ ..ਕੋਈ ਮੀਂਹ ਹਨੇਰੀ ਝੱਖੜ ਤੂਫ਼ਾਨ ਨਹੀਂ ਆਵੇਗਾ ਅਗਲੇ ਦੋ ਦਿਨਾਂ ਲਈ ! ਰਾਜਾ ਅਜੇ ਕੁਝ ਕੂ ਕਿਲੋਮੀਟਰ ਹੀ ਦੂਰ ਗਿਆ ਸੀ ਕੇ ਅੱਗੇ ਇੱਕ ਘੁਮਿਆਰ ਆਪਣੇ ਖੋਤੇ ਦਾ ਵਾੜਾ ਤਰਪਾਲ ਪਾ ਕੇ ਚੰਗੀਂ ਤਰਾਂ ਢੱਕ ਰਿਹਾ ਸੀ ...ਅਹਿਲਕਾਰਾਂ ਦੇ ਪੁੱਛਣ ਤੇ ਆਖਣ ਲੱਗਾ ਕੇ ਥੋਨੂੰ ਨੀ ਪਤਾ ਬੜਾ ਭਾਰੀ ਤੂਫ਼ਾਨ ਆਉਣ ਵਾਲਾ ਹੈ !

ਰਾਜੇ ਨੇ ਉਸਦੀ ਗੱਲ ਸੁਣੀ-ਅਣਸੁਣੀ ਕਰ ਸਫ਼ਰ ਜਾਰੀ ਰਖਿਆ ...ਘੰਟੇ ਬਾਅਦ ਹੀ ਬੜਾ ਭਾਰੀ ਮੀਂਹ ਹਨੇਰੀ ਆ ਗਿਆ ਤੇ ਉਹ ਤੂਫ਼ਾਨ ਵਿਚ ਘਿਰ ਗਿਆ !

ਕਿਸੇ ਤਰਾਂ ਵਾਪਿਸ ਮਹਿਲ ਵਿਚ ਆਇਆ ਤੇ ਆਉਂਦਿਆਂ ਹੀ ਉਸ ਘੁਮਿਆਰ ਨੂੰ ਦਰਬਾਰ ਵਿਚ ਪੇਸ਼ ਹੋਣ ਦਾ ਹੁਕਮ ਦਿੱਤਾ ! ਢੇਰ ਸਾਰੇ ਤੋਹਫੇ ਦਿੱਤੇ ਉੱਤੋਂ ਮੌਸਮ ਵਿਭਾਗ ਦੇ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ!

ਅੱਗੋਂ ਘੁਮਿਆਰ ਹੈਰਾਨ ਪ੍ਰੇਸ਼ਾਨ ਹੁੰਦਾ ਆਖਣ ਲੱਗਾ ਮਾਈ ਬਾਪ ਮੈਂ ਤੇ ਆਪਣੇ ਆਪ ਕੁਝ ਨਹੀਂ ਕੀਤਾ ਜੋ ਕੀਤਾ ਮੇਰੇ ਖੋਤੇ ਨੇ ਕੀਤਾ! ਕਹਿੰਦੇ ਉਹ ਕਿੱਦਾਂ ?

ਆਖਣ ਲੱਗਾ ਕੇ ਜਦੋਂ ਇਹ ਆਪਣੇ ਕੰਨ ਥੱਲੇ ਲਮਕਾ ਲੈਂਦਾ ਹੈ ਤਾਂ ਮੈਂ ਸਮਝ ਜਾਂਦਾ ਹਾਂ ਕੇ ਮੀਂਹ ਹਨੇਰੀ ਤੇ ਝੱਖੜ ਆਉਣ ਵਾਲਾ ਹੈ ਤੇ ਜਦੋਂ ਇਸਦੇ ਕੰਨ ਖੜੇ ਹੁੰਦੇ ਹਨ ਓਦੋਂ ਮੈਂ ਸਮਝ ਜਾਂਦਾਂ ਹਾਂ ਕੇ ਥੋਡੇ ਰੰਗ ਵਰਗਾ ਗੋਰਾ ਚਿੱਟਾ ਦਿਨ ਨਿਕਲਣ ਵਾਲਾ ਹੈ।”

ਰਾਜੇ ਨੇ ਆਪਣੇ ਰੰਗ ਦੀ ਸਿਫਤ ਸੁਣਕੇ ਸਾਲੇ ਨੂੰ ਜੇਲ ਵਿਚ ਡੱਕ ਦਿੱਤਾ ..ਘੁਮਿਆਰ ਨੂੰ ਬਹੁਤ ਸਾਰੇ ਪੈਸੇ ਦੇ ਉਹ ਖੋਤਾ ਤੇ ਉਸਦੇ ਬੱਚੇ ਵੀ ਖਰੀਦ ਲਏ ਤੇ ਉਸਦੇ ਹੱਥ ਮੌਸਮ ਵਿਭਾਗ ਦੀ ਵਾਗਡੋਰ ਸੌਂਪ ਦਿੱਤੀ! ਉਸ ਦਿਨ ਮਗਰੋਂ ਹੀ ਖੋਤਿਆਂ ਨੂੰ ਮੰਤਰੀ ਤੇ ਓਹਨਾ ਦੇ ਬੱਚਿਆਂ ਨੂੰ ਚੈਅਰਮੈਨ ਬਣਾਉਣ ਦੀ ਰਿਵਾਇਤ ਜਿਹੀ ਚੱਲ ਪਈ ਜੋ ਅਜੇ ਤੱਕ ਜਾਰੀ ਹੈ ...ਦੇਸ਼ ਦਾ ਪ੍ਰਧਾਨ ਮੰਤਰੀ ਤੱਕ ਖੋਤਿਆਂ ਤੋਂ ਸਿਖਿਆ ਲੈਂਦੇ ਹਨ!

## ਬਾਬਾ ਨਾਨਕ

ਬਾਬਾ ਨਾਨਕ.. ਕੱਲ ਰਾਤੀ
ਮੇਰੇ ਸੁਪਨੇ ਦੇ ਵਿੱਚ ਆਇਆ..
ਕਹਿੰਦੇ ..ਕਾਕਾ ਮੇਰੀ ਸੋਚ ਦਾ
ਆਹ ਕੀ ਹਾਲ ਬਣਾਇਆ ..?

ਮੈਂ ਕਿਹਾ ..ਬਾਬਾ ਜੀ ਅਸੀਂ
ਆਪਣਾ ਫ਼ਰਜ਼ ਨਿਭਾਈ ਜਾਨੇ ਆ..
ਤੁਹਾਡੀ ਖੁਸ਼ੀ ਲਈ ਰੋਜ਼ ਹੀ..
ਫੋਟੋ ਅੱਗੇ ਮੱਥੇ ਘਸਾਈ ਜਾਨੇ ਆ..!

ਦਾਤਾਂ ਲੈਣ ਲਈ ਤੁਹਾਡੇ ਤੋਂ..
ਤੁਹਾਡੇ ਅੱਗੇ ਧੂਫਾਂ ਧੁਖਾਈ ਜਾਨੇ ਆ..
ਥੋੜੇ ਥੋੜੇ ਸਮੇਂ ਬਾਅਦ..
ਅਖੰਡਪਾਠ ਵੀ ਤਾਂ ਕਰਾਈ ਜਾਨੇ ਆ..!!

ਤੁਹਾਡੇ ਦੁਆਰੇ 'ਤੇ ਵੀ ਅਸੀਂ
ਕਰੋੜਾ ਰੁਪੈ ? ਲਗਾਈ ਜਾਨੇ ਆ..
ਸੁੱਖਣਾ ਸੁੱਖ ਤੇਰੀ ਬਾਣੀ ਅੱਗੇ..
ਰੇਸ਼ਮੀ ਰੁਮਾਲੇ ਰੋਜ਼ ਚੜਾਈ ਜਾਨੇ ਆ..!!

ਸੁਬਹਾ ਸ਼ਾਮ ਅੱਧਾ ਅੱਧਾ ਘੰਟਾ
ਪਾਠ ਦਾ ਫ਼ਰਜ਼ ਨਭਾਈ ਜਾਨੇ ਆ..
ਤੁਹਾਡੇ ਜ਼ਨਮ ਦਿਨ 'ਤੇ ਵੀ
ਦੀਵੇ ਬਾਲ.. ਪਟਾਕੇ ਚਲਾਈ ਜਾਨੇ ਆ..!!

ਪਹਿਰਾਵੇ ਭੇਸ 'ਚ ਕੱਚ ਨਾ ਰਹੇ..
ਪੂਰਾ ਦਿੱਖ 'ਤੇ ਜੋਰ ਲਗਾਈ ਜਾਨੇ ਆ..
ਤੁਸੀਂ ਪਤਾ ਨੀ ਕਿਉਂ ਖੁਸ਼ ਨੀ..
ਅਸੀ ਤਾਂ ਹਰ ਰਸਮ ਨਿਭਾਈ ਜਾਨੇ ਆ..!!

ਬਾਬਾ ਬੋਲਿਆ..
ਮੈਂ ਕਦ ਆਖਿਆ ਸੀ
ਮੇਰੇ ਵਿਚਾਰਾਂ ਨੂੰ ਰੱਟੇ ਲਾਓ
ਮੈਂ ਦੱਸੋ ਕਿੱਥੇ ਲਿਖਿਆ ਏ
ਭਾੜੇ 'ਤੇ ਮੇਰੇ ਵਿਚਾਰ ਪੜਾ ਇਓ!

ਮੈਂ ਕਦ ਆਖਿਆ ਸੀ..
ਮੇਰੀ ਫੋਟੋ ਨੂੰ ਧੂਫਾਂ ਲਾਇਓ!

ਮੈਂ ਕਿੱਥੇ ਲਿਖਿਆ ਏ
ਮੇਰੇ ਦਿਨ 'ਤੇ ਪਟਾਕੇ ਚਲਾਇਓ!

ਮੇਰੀ ਸਮਝ 'ਚ ਕਿੱਥੇ ਹੈ
ਕਿ ਮੰਦਰਾਂ 'ਤੇ ਧੰਨ ਵਹਾਇਓ!

ਮੈਂ ਤਾਂ ਸਿਰਫ ਇਹ ਚਾਹਿਆ ਸੀ..
ਮੇਰੇ ਵਿਚਾਰਾਂ ਨੂੰ ਅਪਨਾਇਓ

ਮੇਰਾ ਚਿਹਰਾ ਹੋ ਗਿਆ ਬੱਗਾ ਸੀ..
ਮੈਂ ਵਿਚੋਂ ਈ ਬੋਲਣ ਲੱਗਾ ਸੀ..
ਪਰ ਫਿਰ ਬਾਬਾ ਬੋਲ ਪਿਆ..

ਤੁਸੀਂ ਮੈਨੂੰ ਮੰਨੀ ਜਾਨੇ ਆ..
ਪਰ ਮੇਰੀ ਨਹੀਂ ਤੁਸੀਂ ਮੰਨੀ..!!
ਮੇਰੀ ਸੋਚ--ਵਿਚਾਰਧਾਰਾ ਤੋਂ
ਤੁਸੀਂ ਸਭ ਖਿਸਕਾਓਦੇ ਕੰਨੀ..!

ਇਕ ਤੁਹਾਥੋਂ ਪਹਿਲਾਂ ਵੇਲਾ ਸੀ..
ਗੁਰਦੁਆਰੇ ਭਾਵੇਂ ਕੱਚੇ ਸੀ..
ਸਿਖਿਆ ਮੇਰੀ ਅਮਲ 'ਚ ਸੀ..
ਤੇ ਸਿੱਖ ਮੇਰੇ ਪੱਕੇ ਤੇ ਸੱਚੇ ਸੀ..!!

ਸੰਗਮਰਮਰ- ਸੋਨੇ ਲਾ ਲਾ ਕੇ..
ਭਾਵੇਂ ਮੇਰੇ ਮੰਦਰ ਪਾ ਲਓ ਪੱਕੇ..
ਦਿਖਾਵੇ ਅਡੰਬਰ ਅਮਲੋਂ ਖਾਲੀ..
ਮੇਰੇ ਸਿੱਖ ਸਿਖਿਆ ਤੋਂ ਕੱਚੇ..!!

ਮੈਂ ਫੋਟੋ-ਬੁੱਤ ਪੂਜਾ ਰੋਕੀ ਸੀ..
ਫੋਟੋ ਮੇਰੀ ਦੀ ਪੂਜਾ ਕਰੀ ਜਾਂਦੇ ਓ!

ਮੈਂ ਰੋਕਿਆ ਸੀ ਅੰਧਵਿਸ਼ਵਾਸ਼ਾਂ ਤੋਂ..
ਧਾਗੇ -ਤਵੀਜ਼ਾਂ ਤੋਂ ਡਰੀ ਜਾਂਦੇ ਓ!!



ਮੈਂ ਜਾਤ- ਗੋਤ
ਛਡਾਈ ਸੀ..
ਤੁਸੀ ਨਾਵਾਂ
ਨਾਲ ਸਜਾਉਂਦੇ
ਹੋ..!!

ਮੈਂ ਕਿਰਤੀ ਲਾਲੋ
ਲਈ ਲੜਿਆ
ਸੀ..
ਤੁਸੀ ਭਾਗੋ ਨੂੰ
ਜੱਫੀਆਂ ਪਾਉਂਦੇ
ਹੋ ..!!

ਮੈ ਕਿਹਾ-ਰਾਜੇ ਸ਼ੀਹ ਮੁਕੱਦਮ ਕੁੱਤੇ..
ਤੁਸੀਂ ਤਖਤਾਂ 'ਤੇ ਬਿਠਾਉਂਦੇ ਹੋ..!!

ਮੈਂ ਸੱਜਣ ਠੱਗ ਭਜਾਏ ਸੀ..
ਤੁਸੀ ਹਾਰ ਤੇ ਵੋਟਾਂ ਪਾਉਂਦੇ ਹੋ..!!

ਛੋੜੇ ਅੰਨ ਕਰੇ ਪਾਖੰਡ ..ਪੜ ਕੇ
ਤੁਸੀਂ ਖੁਦ ਵੀ ਵਰਤ ਰਖਾਉਂਦੇ ਹੋ..!!

ਵੰਡਕਾਣੀ ਤੇ ਅਨਿਆ ਵੇਖ
ਬੜੀ ਹੀ ਸ਼ਾਤੀ ਨਾਲ ਜਿਉਂਦੇ ਹੋ..

ਪਹਿਰਾਵਾ ਭੇਸ ਹੀ ਸਿੱਖੀ ਨਹੀਂ..
ਤੁਸੀ ਕਿਹਨੂੰ ਬੁੱਧੂ ਬਨਾਉਂਦੇ ਹੋ..?

ਸਿਖਿਆ ਮੇਰੀ ਕੋਈ ਮੰਨੀ ਨਾ..
ਪਰ ਮੇਰੇ ਸਿੱਖ ਕਹਾਉਂਦੇ ਹੋ ..!!

ਮੇਰੇ ਲਈ ਤਾਂ ਦੋਸਤੋ..
ਇਹ ਝਜੋੜਨ ਵਾਲਾ ਖੁਆਬ ਸੀ..
ਸੁਪਨਾ ਸੀ ਜਾਂ ਸ਼ਾਇਦ ..
ਇਹ ..ਮੇਰੀ ਜ਼ਮੀਰ ਦੀ ਹੀ ਅਵਾਜ਼ ਸੀ..!!
✪✪

## ਇੱਕ ਬ੍ਰਾਹਮਣ ਨਾਲ ਇੰਟਰਵਿਊ

ਇੱਕ ਅਮਰੀਕੀ ਪੱਤਰਕਾਰ ਨੇ ਭਾਰਤੀ ਬ੍ਰਾਹਮਣ ਦਾ ਇੰਟਰਵਿਊ ਲਿਆ ਪੱਤਰਕਾਰ:- ਸੰਸਾਰ ਵਿੱਚ ਜਿੱਥੇ ਵੀ ਕਿਸੇ ਦਾ ਸ਼ੋਸਣ ਹੋਇਆ ਹੈ ਉਥੇ ਸ਼ੋਸਿਤਾਂ ਦੁਆਰਾ ਸ਼ੋਸਣ ਖਿਲਾਫ਼ ਕ੍ਰਾਂਤੀ ਹੋਈ ਅਤੇ ਭਾਰਤ ਦੇ ਪਿਛੜੇ ਵਰਗ ਨਾਲ ਤੁਸੀਂ ਕਈ ਸਾਲਾਂ ਤੋਂ ਅੱਤਿਆਚਾਰ ਕਰਦੇ ਆ ਰਹੇ ਜਿਨ੍ਹਾਂ ਦੀ ਸੰਖਿਆਂ 85% ਹੈ ਪਰ ਫਿਰ ਉਹ ਲੋਕ ਸ਼ੋਸਣ ਦੇ ਵਿਰੁੱਧ ਵਿੱਚ ਕ੍ਰਾਂਤੀ ਨਹੀਂ ਕਰਦੇ ਕਿਉਂ? ਬ੍ਰਾਹਮਣ:- ਉਹ ਲੋਕ ਬੱਚਾ ਪੈਦਾ ਕਰ ਸਕਦੇ ਹਨ ਹਨ ਪਰ ਉਸਦਾ ਨਾਮ ਨਹੀਂ ਰੱਖ ਸਕਦੇ। ਉਹ ਲੋਕ ਮਕਾਨ ਬਣਾ ਸਕਦੇ ਹਨ। ਪਰ ਉਸ ਵਿੱਚ ਸਾਡੇ ਬਿਨਾਂ ਪ੍ਰਵੇਸ਼ ਨਹੀਂ ਕਰ ਸਕਦੇ। ਉਹ ਲੋਕ ਵਿਆਹ ਤਾਂ ਕਰ ਸਕਦੇ ਹਨ ਪਰ ਸਾਡੇ ਬਿਨਾਂ ਤਾਰੀਕ ਨਹੀਂ ਕੱਢ ਸਕਦੇ। ਉਹ ਲੋਕ ਵੱਡੇ ਕੰਮ ਸ਼ੁਰੂ ਕਰ ਲੈਂਦੇ ਹਨ ਪਰ ਸਾਡੇ ਬਿਨਾਂ ਸ਼ੁੱਭ ਮਹੂਰਤ ਨਹੀਂ ਕੱਢ ਸਕਦੇ। ਉਹ ਲੋਕ ਜਿਹਨਾਂ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਨਹੀਂ ਲੈਣੇ ਆਉਂਦੇ ਜਿੰਨ੍ਹਾਂ ਨੂੰ ਆਪਣੇ ਚੰਗੇ-ਬੁਰੇ ਦਾ ਗਿਆਨ ਨਹੀਂ ਹੈ। ਜਿੰਨ੍ਹਾਂ ਲੋਕਾਂ ਨੂੰ ਅੱਜ ਵੀ ਆਪਣੇ ਮਾਂ- ਬਾਪ ਤੋਂ ਜ਼ਿਆਦਾ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਤੇ ਵਿਸ਼ਵਾਸ ਹੋਵੇ ਜਿਹੜੇ ਲੋਕ ਕੁੱਤੇ- ਬਿੱਲੀ, ਪੇੜ-ਪੌਦੇ, ਵਿਧਵਾ-ਸੁਹਾਗਣ ਨੂੰ ਅਸ਼ੁੱਭ ਮੰਨਦੇ ਹੋਣ ਜੋ ਲੋਕ ਸਿੱਖਿਆ ਤੋਂ ਦੂਰ ਭੱਜਦੇ ਹੋਣ ਮਜ਼ਦੂਰੀ ਨੂੰ ਕਿਸਮਤ ਮੰਨਦੇ ਹੋਣ, ਜੋ ਲੋਕ ਬਿਮਾਰੀ ਨੂੰ ਭਗਵਾਨ ਦਾ ਪ੍ਰਕੋਪ ਸਮਝਦੇ ਹੋਣ ਉਹ ਲੋਕ ਕਦੇ ਵੀ ਕ੍ਰਾਂਤੀ ਨਹੀਂ ਕਰ ਸਕਦੇ।

# ਧਰਮ ਅਤੇ ਰਾਜਨੀਤੀ ਦੇ ਗੱਠਜੋੜ ਨੇ ਕੀਤਾ ਮੁਸਲਿਮ ਔਰਤਾਂ ਦਾ ਜੀਵਨ ਤਬਾਹ......





**ਜਗਮੋਹਣ**
**94644-30090**

ਇਕ ਵਾਰ ਚੀਨ ਦੇ ਇਕ ਸਕੂਲ ਵਿਚ ਟੀਚਰ ਨੇ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਦੇਸ਼ ਭਗਤੀ ਦੀ ਭਾਵਨਾ ਜਾਨਣ ਲਈ ਇੱਕ ਸਵਾਲ ਕੀਤਾ ਕਿ ਜੇਕਰ ਕੋਈ ਦੁਸ਼ਮਣ ਚੀਨ 'ਤੇ ਹਮਲਾ ਕਰ ਦਿੰਦਾ ਹੈ, ਤਾਂ ਤੁਸੀਂ ਦੇਸ਼ ਦੇ ਬਚਾਅ ਲਈ ਕਿਵੇਂ ਯੋਗਦਾਨ ਪਾਉਂਗੇ। ਇਕ ਵਿਦਿਆਰਥੀ ਨੇ ਖੜ੍ਹੇ ਹੋ ਕੇ ਜਵਾਬ ਦਿੱਤਾ ਕਿ ਸਰ! ਸਭ ਤੋਂ ਪਹਿਲਾਂ ਤਾਂ ਮੈਂ ਮਹਾਤਮਾ ਬੁੱਧ ਨੂੰ ਧਿਆਵਾਂਗਾ (ਕਿਉਂਕਿ ਚੀਨ 'ਚ ਜ਼ਿਆਦਾ ਲੋਕ ਬੁੱਧ ਧਰਮ ਨੂੰ ਹੀ ਮੰਨਦੇ ਹਨ) ਉਸ ਤੋਂ ਦੇਸ਼ ਦੇ ਬਚਾਅ ਦੀ ਕਾਮਨਾ ਕਰਦਾ ਹੋਇਆ ਸਿਰਲੱਥ ਯੋਧਾ ਬਣਕੇ ਬੰਦੂਕ ਚੁੱਕ ਕੇ ਦੁਸ਼ਮਣ ਉਪਰ ਟੁੱਟ ਪਵਾਂਗਾ। ਟੀਚਰ ਨੇ ਫਿਰ ਸਵਾਲ ਕੀਤਾ ਕਿ ਜੇਕਰ ਚੀਨ 'ਤੇ ਹਮਲਾ ਕਰਨ ਵਾਲਾ ਹੀ ਮਹਾਤਮਾ ਬੁੱਧ ਹੋਵੇ ? ਤਾਂ ਵਿਦਿਆਰਥੀ ਨੇ ਕਿਹਾ ਕਿ ਸਰ! ਫਿਰ ਤਾਂ ਮੈਂ ਸਭ ਤੋਂ ਪਹਿਲਾਂ ਮਹਾਤਮਾ ਬੁੱਧ ਨੂੰ ਮਾਰਾਂਗਾ। ਮਤਲਬ ਕਿ ਵਿਦਿਆਰਥੀ ਨੇ ਧਰਮ ਨਾਲੋਂ ਦੇਸ਼ ਨੂੰ ਜ਼ਿਆਦਾ ਅਹਿਮੀਅਤ ਦਿੱਤੀ।

ਕਹਿਣ ਦਾ ਭਾਵ ਹੈ ਕਿ ਜੇਕਰ ਕਿਸੇ ਧਰਮ ਵਿਚ ਕੋਈ ਚੰਗੀ ਗੱਲ ਲਿਖੀ ਹੋਵੇ ਜਿਹੜੀ ਸਮੇਂ ਦੇ ਹਾਣ ਦੀ ਹੋਵੇ ਤਾਂ ਉਸ ਨੂੰ ਅਪਣਾ ਲੈਣਾ ਚਾਹੀਦਾ ਹੈ। ਜੇਕਰ ਕਿਸੇ ਧਰਮ ਵਿਚ ਮਾੜੀ ਗੱਲ ਲਿਖੀ ਹੋਵੇ ਤਾਂ ਉਸ ਨੂੰ ਨਹੀਂ ਮੰਨਣਾ ਚਾਹੀਦਾ, ਕਿਉਂਕਿ ਹਰ ਇਕ ਧਰਮ ਦਾ ਵਿਸਥਾਰ ਮਨੁੱਖ ਨੇ ਹੀ ਕੀਤਾ ਹੈ। ਕੋਈ ਵੀ ਧੁਰ ਕੀ ਬਾਣੀ ਨਹੀਂ ਹੁੰਦਾ। ਹਰ ਧਰਮ ਦੇ ਮਨੁੱਖ ਨੇ ਆਪੋ ਆਪਣੇ ਫਾਇਦੇ ਲਈ ਵੱਡੇ-ਵੱਡੇ ਗਰੰਥਾਂ ਦੀ ਸਿਰਜਣਾ ਕਰਕੇ ਉਸ ਨੂੰ ਪਵਿੱਤਰਤਾ ਦਾ ਦਰਜਾ ਦੇ ਦਿੱਤਾ। ਇਸੇ ਸੰਦਰਭ ਦੇ ਵਿੱਚੋਂ ਹੀ ਉਭਰ ਕੇ ਸਾਹਮਣੇ ਆਇਆ ਹੈ ਭਾਰਤ ਦੀਆਂ ਮੁਸਲਮਾਨ ਔਰਤਾਂ ਵਲੋਂ ਤਿੰਨ ਤਲਾਕ ਦਾ ਪ੍ਰਚੰਡ ਵਿਰੋਧ।

ਤਲਾਕ ਤਲਾਕ ਤਲਾਕ ਕਿਸੇ ਵੀ ਮੁਸਲਿਮ ਮਰਦ ਵਲੋਂ ਤਿੰਨ ਵਾਰ ਤਲਾਕ ਕਹਿਣ ਨਾਲ ਪਤੀ ਪਤਨੀ ਦਾ ਰਿਸ਼ਤਾ ਬਿਲਕੁੱਲ ਖ਼ਤਮ। ਇਸ ਤੋਂ ਬਾਅਦ ਮੁਸਲਿਮ ਸਮਾਜ ਅੰਦਰ ਤਲਾਕ ਪੀੜਤ ਔਰਤ ਦੀ ਕਿਤੇ ਵੀ ਕੋਈ ਸੁਣਵਾਈ ਨਹੀਂ। ਸ਼ਰੀਅਤ ਦੇ ਨਾਮ ਹੇਠ ਮੁਸਲਿਮ ਮਰਦ ਪ੍ਰਧਾਨ ਸਮਾਜ ਵਲੋਂ ਔਰਤ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਦਿੱਤਾ ਜਾਂਦਾ ਹੈ। ਜੇਕਰ ਕੋਈ ਔਰਤ ਹਿੰਮਤ ਕਰਕੇ ਕੋਰਟ ਦਾ ਸਹਾਰਾ ਲੈਂਦੀ ਹੈ ਤਾਂ ਮੁਸਲਿਮ ਸਮਾਜ ਉਸ ਨਾਲ ਹੋਰ ਕਰੂਰ ਵਿਵਹਾਰ ਕਰਦਾ ਹੈ।

1985 ਵਿਚ ਇੰਦੌਰ ਦੀ ਸ਼ਾਹਬਾਨੋ ਦਾ ਮਾਮਲਾ ਚਰਚਾ ਵਿਚ ਆਇਆ ਸੀ। ਸ਼ਾਹਬਾਨੋ ਨੂੰ ਉਸ ਦੇ ਵਕੀਲ ਪਤੀ ਮੁਹੰਮਦ ਅਹਿਮਦ ਖਾਨ ਨੇ ਮੌਖਿਕ ਤਲਾਕ ਦੇ ਦਿੱਤਾ ਸੀ। ਸ਼ਾਹਬਾਨੋ ਨੇ ਆਪਣੇ ਜੀਵਨ ਨਿਰਵਾਹ ਲਈ ਅਦਾਲਤ 'ਚ ਗੁਹਾਰ ਲਗਾਈ ਸੀ। ਸੁਪਰੀਮ ਕੋਰਟ ਨੇ ਸ਼ਾਹਬਾਨੋ ਦੇ ਹੱਕ ਵਿਚ ਜਿਸ ਦਿਨ ਆਪਣਾ ਫੈਸਲਾ ਸੁਣਾਇਆ ਤਾਂ ਉਸ ਦਿਨ ਤੋਂ ਹੀ ਮੌਲਾਣਿਆਂ ਨੇ ਮੁਸਲਿਮ ਪਰਸਨਲ ਕਾਨੂੰਨ ਦਾ ਹਵਾਲਾ ਦਿੰਦੇ ਹੋਏ ਬਹੁਤ ਹੱਲਾ ਗੁੱਲਾ ਕੀਤਾ ਸੀ। ਕਿਹਾ ਗਿਆ ਸੀ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਖ਼ਲ ਨਹੀਂ ਦੇ ਸਕਦਾ। ਆਖ਼ਿਰਕਾਰ ਵੋਟ ਦੀ ਰਾਜਨੀਤੀ ਦੇ ਚੱਲਦਿਆਂ ਸ਼ਾਹਬਾਨੋ ਦੇ ਅਧਿਕਾਰ ਦੀ ਕੁਰਬਾਨੀ ਲੈ ਲਈ ਗਈ। ਕਿਉਂਕਿ ਭਾਰਤ ਵਿਚ ਮੁਸਲਿਮ ਅਬਾਦੀ ਦੀ ਵਰਤੋਂ ਵੋਟਾਂ ਦੀ ਰਾਜਨੀਤੀ ਵਿੱਚ ਇਕ ਮੋਹਰੇ ਦੇ ਤੌਰ 'ਤੇ ਕੀਤੀ ਜਾਂਦੀ ਰਹੀ ਹੈ। ਰਾਜਨੀਤਕ ਪਾਰਟੀਆਂ ਲਈ ਮੁਸਲਿਮ ਔਰਤਾਂ ਦੀ ਬਜਾਏ ਇਮਾਮ, ਮੁਫ਼ਤੀ, ਮੌਲਵੀ, ਮਦਰੱਸਾ ਅਤੇ ਇਫ਼ਤਾਰ ਪਾਰਟੀ ਦਾ ਮਹੱਤਵ ਕਿਤੇ ਜ਼ਿਆਦਾ ਹੈ। ਇਨ੍ਹਾਂ ਦੇ ਅੱਗੇ ਮੁਸਲਿਮ ਔਰਤਾਂ ਦਾ ਕੋਈ ਵੱਸ ਨਹੀਂ ਚੱਲਦਾ। ਮੁਸਲਿਮ ਔਰਤਾਂ ਆਪਣੇ ਮਰਦ ਪ੍ਰਧਾਨ ਸਮਾਜ ਵਿਚ ਸਿਰਫ਼ ਇਨ੍ਹਾਂ ਦੇ ਹੁਕਮ ਦੀਆਂ ਗ਼ੁਲਾਮ ਹਨ।

**ਧਰਮ ਅਤੇ ਰਾਜਨੀਤੀ ਦੇ ਗਠਬੰਧਨ ਦਾ ਖਮਿਆਜ਼ਾ ਮੁਸਲਿਮ ਔਰਤਾਂ ਨੂੰ ਆਪਣੀ ਕੁਰਬਾਨੀ ਦੇ ਕੇ ਚੁਕਾਉਣਾ ਪੈ ਰਿਹਾ ਹੈ**

1986 ਵਿਚ ਰਾਜੀਵ ਗਾਂਧੀ ਸਰਕਾਰ ਨੇ ਇਕ ਇਹੋ ਜਿਹਾ ਕਾਨੂੰਨ ਬਣਾ ਕੇ ਪਾਸ ਕੀਤਾ ਸੀ। ਜਿਸ ਮੁਤਾਬਿਕ ਤਲਾਕ ਦੇ ਬਾਅਦ ਮੁਸਲਿਮ ਔਰਤਾਂ ਆਪਣੇ ਪਾਲਣ ਪੋਸ਼ਣ ਲਈ ਖਰਚੇ ਦਾ ਦਾਅਵਾ ਨਹੀਂ ਕਰ ਸਕਦੀਆਂ ਸਨ। ਇਸ ਤੋਂ ਪਹਿਲਾਂ ਇਕ ਮੁਸਲਿਮ ਤਲਾਕਸ਼ੁਦਾ ਔਰਤ ਆਪਣੀ ਦੂਸਰੀ ਸ਼ਾਦੀ ਕਰਨ ਤੱਕ ਤਲਾਕਸ਼ੁਦਾ ਪਤੀ ਤੋਂ ਆਪਣੇ ਜੀਵਨ ਨਿਰਵਾਹ ਲਈ ਖਰਚਾ ਪ੍ਰਾਪਤ ਕਰਨ ਲਈ ਧਾਰਾ 125 ਦੇ ਤਹਿਤ ਬੇਨਤੀ ਕਰ ਸਕਦੀ ਸੀ ਅਤੇ ਜ਼ਿੰਦਗੀ ਜਿਉਣ ਲਈ ਰਕਮ ਪ੍ਰਾਪਤ ਕਰ ਸਕਦੀ ਸੀ, ਪ੍ਰੰਤੂ ਰਾਜੀਵ ਗਾਂਧੀ ਸਰਕਾਰ ਸਮੇਂ ਕਾਨੂੰਨ ਪਾਸ ਹੋਣ ਤੋਂ ਬਾਅਦ ਇਹ ਅਸੰਭਵ ਹੋ ਗਿਆ। ਇਹ ਸੱਚ ਹੈ ਕਿ 1986 ਵਾਲੇ ਕਾਨੂੰਨ ਦੇ ਬਾਅਦ ਮੁਸਲਿਮ ਔਰਤਾਂ ਦੇ ਅਧਿਕਾਰ ਨੂੰ ਬਹੁਤ ਵੱਡਾ ਝਟਕਾ ਲੱਗਿਆ। ਹੁਣ ਮੁਸਲਿਮ ਤਲਾਕਸ਼ੁਦਾ ਔਰਤ ਇਸ ਕਾਨੂੰਨ ਦੀ ਧਾਰਾ 5 ਦੇ ਅਧੀਨ ਜੀਵਨ ਨਿਰਵਾਹ ਲਈ ਬੇਨਤੀ ਕਰ ਸਕਦੀ ਹੈ। ਪ੍ਰੰਤੂ ਉਹ ਸਿਰਫ਼ ਉਨ੍ਹਾਂ ਵਿਅਕਤੀਆਂ ਤੋਂ ਜੀਵਨ ਨਿਰਵਾਹ ਭੱਤਾ ਪ੍ਰਾਪਤ ਕਰ ਸਕਦੀ ਹੈ ਜੋ ਉਸ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਸੰਭਾਵਿਤ ਸੰਪਤੀ ਦੇ ਵਾਰਿਸ ਹੋ ਸਕਦੇ ਹਨ ਜਾਂ ਫਿਰ ਵਕਫ਼ ਤੋਂ ਭੱਤਾ ਪ੍ਰਾਪਤ ਕਰ ਸਕਦੀ ਹੈ।

**ਮੁਜ਼ੱਫ਼ਰ ਨਗਰ ਦੀ ਇਮਰਾਨਾ ਜੋ ਸ਼ਰੀਅਤ ਦੁਆਰਾ ਤਬਾਹ ਹੋਈ**

ਜਦੋਂ ਤਲਾਕ ਦੇ ਮਾਮਲੇ ਦਾ ਜ਼ਿਕਰ ਹੋਵੇ ਤਾਂ ਕਿਵੇਂ ਭੁੱਲਿਆ ਜਾ ਸਕਦਾ ਹੈ ਮੁਜ਼ੱਫਰ ਨਗਰ ਦੀ ਇਮਰਾਨਾ ਨੂੰ। ਇਹ ਘਟਨਾ 2005 ਦੀ ਹੈ। ਮੁਜ਼ੱਫਰ ਨਗਰ (ਯੂ.ਪੀ.) ਵਿਚ ਪੰਜ ਬੱਚਿਆਂ ਦੀ ਮਾਂ 28 ਸਾਲਾਂ ਦੀ ਇਮਰਾਨਾ ਨਾਲ ਉਸ ਦੇ 61 ਸਾਲ ਦੇ ਸਹੁਰੇ ਅਲੀ ਮੁਹੰਮਦ ਨੇ ਬਲਾਤਕਾਰ ਕੀਤਾ। ਸ਼ਰੀਅਤ ਮੁਫ਼ਤੀ (ਪੰਚਾਇਤ) ਨੇ ਆਪਣਾ ਫੈਸਲਾ ਸੁਣਾਇਆ ਕਿ ਇਮਰਾਨਾ, ਹੁਣ ਆਪਣੇ ਪਤੀ ਨੂਰ ਇਲਾਹੀ ਨਾਲ ਨਹੀਂ ਰਹਿ ਸਕਦੀ ਕਿਉਂਕਿ ਸਹੁਰੇ ਨਾਲ ਸਬੰਧ ਬਣ ਜਾਣ ਕਾਰਨ ਨੂਰ ਇਲਾਹੀ ਹੁਣ ਉਸ ਦਾ ਪਤੀ ਨਹੀਂ ਰਹਿ ਗਿਆ ਉਸ ਦਾ ਬੇਟਾ ਬਣ ਗਿਆ। ਇਮਰਾਨਾ ਨੂੰ ਅਲੀ ਮੁਹੰਮਦ ਦੀ ਬੀਵੀ ਅਤੇ ਨੂਰ ਇਲਾਹੀ ਨੂੰ ਉਸ ਦਾ ਬੇਟਾ ਘੋਸ਼ਿਤ ਕਰ ਦਿੱਤਾ। ਮੁਸਲਿਮ ਪਰਸਨਲ ਲਾਅ ਬੋਰਡ ਨੇ ਵੀ ਸ਼ਰੀਅਤ ਮੁਫ਼ਤੀ ਦੇ ਇਸ ਫ਼ੈਸਲੇ ਨੂੰ ਜਾਇਜ਼ ਠਹਿਰਾ ਦਿੱਤਾ ਗਿਆ। ਨੂਰ ਇਲਾਹੀ ਨੂੰ ਇਮਰਾਨਾ ਨੂੰ ਤਲਾਕ ਦੇਣ ਲਈ ਮਜ਼ਬੂਰ ਕੀਤਾ ਗਿਆ। ਇਮਰਾਨਾ ਨੇ ਮੁਫ਼ਤੀ ਦੇ ਫ਼ੈਸਲੇ ਦਾ ਵਿਰੋਧ ਕੀਤਾ।

ਫਿਲਹਾਲ ਸ਼ਰੀਅਤ ਦੇ ਖਿਲਾਫ਼ ਇਮਰਾਨਾ ਜ਼ਿਆਦਾ ਦੇਰ ਤੱਕ ਨਾ ਟਿਕ ਸਕੀ। ਅੰਤ ਵਿਚ ਸਮਾਜ ਦੇ ਚੌਤਰਫਾ ਦਬਾਅ ਵਿਚ ਉਹ ਤਲਾਕ ਮੰਨ ਲੈਣ ਨੂੰ ਮਜ਼ਬੂਰ ਹੋ ਗਈ। ਜਿਹੜਾ ਕਸੂਰ ਉਸ ਨੇ ਕੀਤਾ ਹੀ ਨਹੀਂ ਉਸ ਦੀ ਸਜ਼ਾ ਇਮਰਾਨਾ ਨੂੰ ਮਿਲੀ। ਹਾਲਾਂਕਿ ਭਾਰਤੀ ਫੌਜਦਾਰੀ ਕਾਨੂੰਨ ਦੇ ਮੁਤਾਬਿਕ ਅਲੀ ਮੁਹੰਮਦ ਦੀ ਗ੍ਰਿਫ਼ਤਾਰੀ ਹੋਈ। ਇਲਾਹਾਬਾਦ ਅਦਾਲਤ ਦਾ ਫੈਸਲਾ ਆਉਂਦੇ-ਆਉਂਦੇ 8 ਸਾਲ ਲੱਗ ਗਏ। ਇਸ ਦੌਰਾਨ ਬਲਾਤਕਾਰੀ ਸਹੁਰੇ ਦੇ ਬਚਾਅ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਅਦਾਲਤ ਨੇ ਉਸ ਨੂੰ 10 ਹਜ਼ਾਰ ਰੁਪਏ ਜ਼ੁਰਮਾਨਾ ਅਤੇ 8 ਹਜ਼ਾਰ ਰੁਪਏ ਇਮਰਾਨਾ ਨੂੰ ਹਰਜ਼ਾਨੇ ਦੇ ਰੂਪ ਵਿਚ ਦੇਣ ਦੀ ਸਜ਼ਾ ਸੁਣਾਈ। ਇਹ ਅਲੱਗ ਗੱਲ ਹੈ ਕਿ ਇਮਰਾਨਾ ਨੇ ਇਹ ਰਕਮ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਮੇਰਠ ਵਿਚ 25 ਸਾਲ ਦੀ ਇਕ ਔਰਤ ਦੇ ਨਾਲ ਉਨ੍ਹਾਂ ਦੇ ਗੁਆਂਢੀ ਨੇ ਆਪਣੇ ਮਿੱਤਰਾਂ ਨਾਲ ਮਿਲ ਕੇ ਗੈਂਗਰੇਪ ਕੀਤਾ। ਤਨ ਅਤੇ ਮਨ ਤੋਂ ਲਹੂ-ਲੁਹਾਨ ਹੋਈ ਔਰਤ ਨੇ ਜਦੋਂ ਡੁਬਈ ਵਿਚ ਰਹਿ ਰਹੇ ਆਪਣੇ ਪਤੀ ਕੋਲ ਆਪਣਾ ਦਰਦ ਬਿਆਨ ਕੀਤਾ ਤਾਂ ਉਸ ਨੂੰ ਦਿਲਾਸਾ ਦੇਣ ਦੀ ਜਗ੍ਹਾ ਮੀਆਂ ਜੀ ਨੇ ਐਸ.ਐਮ.ਐਸ. ਜ਼ਰੀਏ ਤਲਾਕ ਤਲਾਕ ਤਲਾਕ ਲਿਖਕੇ ਭੇਜ ਦਿੱਤਾ। ਅਜਿਹਾ ਪਹਿਲੀ ਵਾਰ ਹੀ ਨਹੀਂ ਹੋਇਆ। ਐਸ.ਐਮ.ਐਸ., ਫੋਨ 'ਤੇ ਅਤੇ ਵਟਸਐਪ ਜ਼ਰੀਏ ਤਲਾਕ ਦੇ ਹਜ਼ਾਰਾਂ ਮਾਮਲੇ ਸਾਹਮਣੇ ਆ ਜਾਣਗੇ।

### ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (AIMPLB) ਦੁਆਰਾ ਸੁਪਰੀਮ ਕੋਰਟ ਨੂੰ ਦਿੱਤੀਆਂ ਗਈਆਂ ਬੇਤੁਕੀਆਂ ਦਲੀਲਾਂ

ਅਕਤੂਬਰ 2015 ਵਿਚ ਉਤਰਾਖੰਡ ਦੀ ਸ਼ਾਇਰਾ ਬਾਨੋ 2 ਬੱਚਿਆਂ ਦੀ ਮਾਂ 15 ਸਾਲ ਆਪਣਾ ਵਿਆਹੁਤਾ ਜੀਵਨ ਗੁਜ਼ਾਰ ਚੁੱਕੀ। ਜਦੋਂ ਆਪਣੇ ਬਿਮਾਰ ਪਿਤਾ ਦਾ ਹਾਲ ਚਾਲ ਜਾਨਣ ਲਈ ਆਪਣੇ ਪੇਕੇ ਗਈ ਹੋਈ ਸੀ ਤਾਂ ਪਤੀ ਵਲੋਂ ਅਚਾਨਕ ਤਲਾਕਨਾਮਾ ਮਿਲਿਆ। ਹੈਰਾਨ ਪ੍ਰੇਸ਼ਾਨ ਸ਼ਾਇਰਾ ਬਾਨੋ ਨੇ ਸ਼ੌਹਰ ਨਾਲ ਵਾਰ-ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਨਾਕਾਮ ਰਹੀ। ਆਖ਼ਿਰਕਾਰ ਫਰਵਰੀ 2016 ਵਿਚ ਉਸ ਨੇ ਅਦਾਲਤ ਦਾ ਦਰਵਾਜ਼ਾ ਖਟ-ਖਟਾਇਆ।

ਇਸੇ ਤਰ੍ਹਾਂ ਹੀ 29 ਜੁਲਾਈ 2016 ਨੂੰ ਇਸ਼ਰਤ ਜਹਾਂ ਨਾਮ ਦੀ ਔਰਤ ਨੇ ਵੀ ਤਿੰਨ ਵਾਰ ਮੌਖਿਕ ਤੌਰ ਤੇ ਤਲਾਕ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਇਕ ਯਾਚਿਕਾ ਦਾਇਰ ਕੀਤੀ। ਇਸ਼ਰਤ ਨੇ ਆਪਣੀ ਯਾਚਿਕਾ ਵਿਚ ਤਿੰਨ ਤਲਾਕ ਦੀ ਇਸਲਾਮੀ ਪ੍ਰਥਾ ਨੂੰ ਸੰਵਿਧਾਨਿਕ ਤੌਰ ਤੇ ਮੌਲਿਕ ਅਧਿਕਾਰ ਦੀ ਹਾਨੀ ਕਹਿੰਦੇ ਹੋਏ ਇਸ ਨੂੰ ਖ਼ਤਮ ਕਰਨ ਦੀ ਬੇਨਤੀ ਸੁਪਰੀਮ ਕੋਰਟ ਵਿਚ ਕੀਤੀ ਸੀ। ਸੁਪਰੀਮ ਕੋਰਟ ਨੇ ਮੁਸਲਿਮ ਔਰਤਾਂ ਦੇ ਅਧਿਕਾਰ ਦੇ ਸਵਾਲ 'ਤੇ ਕੋਈ ਫੈਸਲਾ ਸੁਣਾਉਣ ਦੀ ਥਾਂ ਖੁੱਲ੍ਹੀ ਬਹਿਸ ਵਿਚ ਜਾਣ ਦਾ ਫ਼ੈਸਲਾ ਕੀਤਾ। ਇਸੇ ਕੜੀ ਵਿਚ ਸੁਪਰੀਮ ਕੋਰਟ ਨੇ ਮੁਸਲਿਮ ਪਰਸਨਲ ਲਾਅ ਵਿਚ ਸੁਧਾਰ ਦੇ ਲਈ ਤਮਾਮ ਕਾਨੂੰਨੀ ਪੱਖਾਂ ਨੂੰ ਖੰਗਾਲਣ ਦਾ ਮਨ ਬਣਾਇਆ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (AIMPLB) ਨੂੰ ਆਪਣਾ ਪੱਖ ਰੱਖਣ ਲਈ ਕਿਹਾ।

ਆਪਣਾ ਪੱਖ ਰੱਖਦੇ ਹੋਏ ਮੁਸਲਿਮ ਪਰਸਨਲ ਲਾਅ ਬੋਰਡ ਨੇ ਸੁਪਰੀਮ ਕੋਰਟ ਵਿੱਚ ਹਲਫ਼ਨਾਮਾ ਪੇਸ਼ ਕਰਦੇ ਹੋਏ ਕਿਹਾ ਕਿ ਸਮਾਜ ਸੁਧਾਰ ਦੇ ਨਾਂ 'ਤੇ ਸ਼ਰੀਅਤ ਕਾਨੂੰਨ ਨੂੰ ਨਵੇਂ ਸਿਰੇ ਤੋਂ ਨਹੀਂ ਬਣਾਇਆ ਜਾ ਸਕਦਾ ਨਾ ਹੀ ਇਸ ਤਰਕ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ ਕਿ ਸ਼ਰੀਅਤ ਕਾਨੂੰਨ ਸੰਵਿਧਾਨ ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰ ਦੇ ਲਈ ਚੁਣੌਤੀ ਹੈ।

ਇੱਥੇ ਸਵਾਲ ਇਹ ਉਠਦਾ ਹੈ ਕਿ ਆਖ਼ਿਰ ਮੁਸਲਿਮ ਪਰਸਨਲ ਲਾਅ ਬੋਰਡ ਤਿੰਨ ਤਲਾਕ ਦੇ ਹੱਕ ਵਿਚ ਕਿਉਂ ਹੈ? ਇਸ ਦਾ ਜਵਾਬ ਬੋਰਡ ਨੇ ਸੁਪਰੀਮ ਕੋਰਟ ਨੂੰ ਦਿੱਤੇ ਗਏ ਆਪਣੇ ਹਲਫ਼ਨਾਮੇ ਵਿਚ ਕੁੱਝ ਇਸ ਤਰ੍ਹਾਂ ਦਿੱਤਾ ਹੈ। "ਹਰ ਹਾਲ ਵਿਚ ਬੋਰਡ ਇਸ ਗੱਲ ਦੇ ਹੱਕ ਵਿਚ ਹੈ ਕਿ ਤਿੰਨ ਤਲਾਕ ਬਹਾਲ ਰਹੇ।"

ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਮੁਸਲਿਮ ਪਰਸਨਲ ਲਾਅ ਮੁਸਲਿਮ ਪੁਰਸ਼ਾਂ ਨੂੰ ਬਹੁ-ਵਿਆਹ ਦੀ ਇਜ਼ਾਜਤ ਦਿੰਦਾ ਹੈ। ਇਸ ਬਾਰੇ ਵਿਚ ਬੋਰਡ ਦਾ ਕਹਿਣਾ ਹੈ ਕਿ ਇਹ ਇਜ਼ਾਜਤ ਮੁਸਲਮਾਨ ਮਰਦਾਂ ਨੂੰ ਅਯਾਸ਼ੀ ਦੇ ਲਈ ਨਹੀਂ ਦਿੱਤੀ ਜਾਂਦੀ ਸਗੋਂ ਸਮਾਜਿਕ ਅਤੇ ਪਰਿਵਾਰਿਕ ਜ਼ਰੂਰਤ ਨੂੰ ਪੂਰਾ ਕਰਨ ਲਈ ਦਿੱਤੀ ਜਾਂਦੀ ਹੈ। ਜਦੋਂਕਿ ਸਾਫ ਹੈ ਕਿ ਸ਼ੌਹਰ ਆਪਣੀ ਬੀਵੀ ਦਾ ਕਤਲ ਨਾ ਕਰ ਦੇਵੇ। ਇਸ ਤੋਂ ਕਿਤੇ ਬਿਹਤਰ ਹੈ ਤਿੰਨ ਵਾਰ ਤਲਾਕ ਦਾ ਚਾਬੁਕ, ਘੱਟ ਤੋਂ ਘੱਟ ਦੋਵੇਂ ਜ਼ਿੰਦਗੀਆਂ ਤਾਂ ਰਹਿਣਗੀਆਂ। ਅਦਾਲਤ ਦੇ ਫੈਸਲੇ ਦਾ ਲੰਬਾ ਇੰਤਜ਼ਾਰ ਵੀ ਨਹੀਂ ਕਰਨਾ ਪੈਂਦਾ ਅਤੇ ਨਾ ਹੀ ਵਕਤ ਦੀ ਬਰਬਾਦੀ ਹੁੰਦੀ ਹੈ। ਹਲਫਨਾਮੇ ਦਾ ਮਤਲਬ ਹੈ ਕਿ ਸ਼ਰੀਅਤ ਕਾਨੂੰਨ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਸ਼ਰੀਅਤ ਕਾਨੂੰਨ ਨਾਲ ਛੇੜਛਾੜ ਕਰਨਾ ਸੰਵਿਧਾਨ ਪ੍ਰਦੱਤ ਮੌਲਿਕ ਅਧਿਕਾਰਾਂ ਦੀ ਹਾਨੀ ਹੋਵੇਗੀ।

ਸਾਫ਼ ਹੈ ਔਰਤਾਂ ਦੇ ਤਮਾਮ ਅਧਿਕਾਰ ਤਹਿ ਕਰਨ ਦੇ ਮਾਮਲੇ ਵਿਚ ਮੁਸਲਿਮ ਪਰਸਨਲ ਲਾਅ ਬੋਰਡ ਇਕ ਰੋੜਾ ਬਣ ਬੈਠਿਆ ਹੈ। ਜਦੋਂਕਿ ਜ਼ਿੰਦਗੀ ਜਿਉਣ ਅਤੇ ਅਜੀਵਿਕਾ ਦੇ ਮਾਮਲੇ ਵਿਚ ਮੁਸਲਿਮ ਪੁਰਸ਼ ਇਸਲਾਮ ਦੇ ਨਿਰਦੇਸ਼ਾਂ ਨੂੰ ਦਰ-ਕਿਨਾਰ ਕਰ ਦਿੰਦੇ ਹਨ। ਗੌਰਤਲਬ ਹੈ ਕਿ ਫੋਟੋ ਖਿੱਚਣਾ ਜਾਂ ਖਿਚਵਾਉਣਾ ਇਸਲਾਮ ਵਿਚ ਹਰਾਮ ਮੰਨਿਆ ਗਿਆ ਹੈ। ਕਿੰਤੂ ਵੋਟਰ ਕਾਰਡ ਪਹਿਚਾਣ ਪੱਤਰ ਤੋਂ ਲੈ ਕੇ ਸਕੂਲ ਦਫ਼ਤਰ ਜਾਂ ਪਾਸਪੋਰਟ ਦੇ ਲਈ ਫੋਟੋ ਖਿਚਵਾਉਣ ਤੋਂ ਭੋਰਾ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਇਸਲਾਮ ਵਿਚ ਵਿਆਜ ਵੀ ਹਰਾਮ ਮੰਨਿਆ ਗਿਆ ਹੈ। ਫਿਰ ਭਾਵੇਂ ਲੈਣਾ ਹੋਵੇ ਜਾਂ ਦੇਣਾ, ਬੈਂਕਿੰਗ, ਘਰ ਅਤੇ ਕਾਰ ਦੇ ਲੋਨ ਲੈਣ ਵਿਚ ਇਹ ਸਭ ਕੁਝ ਚਲਦਾ ਹੈ।

ਇਨ੍ਹਾਂ ਮਾਮਲਿਆਂ ਵਿਚ ਮੁਸਲਿਮ ਧਰਮ ਗੁਰੂ ਕੋਈ ਫ਼ਤਵਾ ਜਾਰੀ ਨਹੀਂ ਕਰਦੇ, ਜਦੋਂਕਿ ਇਸਲਾਮ ਦੇ ਨਿਰਦੇਸ਼ ਦੇ ਬਾਵਜੂਦ ਇਨ੍ਹਾਂ ਸਾਰਿਆਂ ਨੂੰ ਮੁਸਲਿਮ ਸਮਾਜ ਅੰਦਰ ਮਾਨਤਾ ਮਿਲ ਗਈ ਹੈ, ਪਹਿਲਾਂ ਮੌਲਵੀ ਜਾਂ ਕਾਜੀ ਦੁਆਰਾ ਮੌਖਿਕ ਰੂਪ ਵਿਚ ਨਿਕਾਹ ਪੜ੍ਹ ਦਿੱਤਾ ਜਾਂਦਾ ਸੀ ਪਰ ਹੁਣ ਅਜਿਹਾ ਨਹੀਂ ਹੈ। ਨਿਕਾਹ ਨੂੰ ਪੰਜੀਕਰਨ ਨਾ ਕਰਾਏ ਜਾਣ ਨਾਲ ਜ਼ਮੀਨ ਜਾਇਦਾਦ ਅਤੇ ਪਹਿਚਾਣ ਪੱਤਰ ਹਾਸਿਲ ਕਰਨ ਵਿਚ ਸਮੱਸਿਆ ਪੇਸ਼ ਆ ਸਕਦੀ ਹੈ। ਇਸ ਵਾਸਤਵਿਕਤਾ ਨੂੰ ਦੇਖਦੇ ਹੋਏ ਇਸ ਵਿਚ ਵੀ ਬਦਲਾਅ ਆ ਗਿਆ ਹੈ। ਨਿਕਾਹ ਨਾਮੇ ਦੇ ਜ਼ਰੀਏ ਬਕਾਇਦਾ ਵਿਆਹ ਨੂੰ ਪੰਜੀਕਰਨ ਕੀਤਾ ਜਾ ਰਿਹਾ ਹੈ। ਸਹੂਲੀਅਤ ਦੇ ਹਿਸਾਬ ਨਾਲ ਸ਼ਰੀਅਤ ਕਾਨੂੰਨ ਵਿਚ ਹੇਰ-ਫੇਰ ਦੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹਨ। ਅਜਿਹੇ ਸਮੇਂ ਸਵਾਲ ਉਠਣਾ ਲਾਜ਼ਮੀ ਹੈ ਕਿ ਜੇਕਰ ਮੌਖਿਕ ਨਿਕਾਹ ਦਾ ਚਲਨ ਨਹੀਂ ਹੈ ਤਾਂ ਮੌਖਿਕ ਤਲਾਕ ਕਿਉਂ?

ਹੁਣ ਭਾਰਤੀ ਮੁਸਲਿਮ ਔਰਤਾਂ ਆਪਣੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਹੋ ਰਹੀਆਂ ਹਨ। ਇਸ ਲਈ ਤਾਂ ਮੁਰਸ਼ਿਦਾਬਾਦ ਦੀ ਰੁਕਈਆ, ਨਾਰੀ ਉਲਿਆਨ ਸਮਿਤੀ ਦੀ ਖਦੀਜਾ ਬਾਨੋ ਦਾ ਕਹਿਣਾ ਹੈ ਕਿ ਜੇਕਰ ਮੁਸਲਿਮ ਰਾਸ਼ਟਰਾਂ ਵਿਚ ਸ਼ਰੀਅਤ ਕਾਨੂੰਨ ਵਿਚ ਸੁਧਾਰ ਅਤੇ ਸੋਧ ਹੋ ਸਕਦੀ ਹੈ ਤਾਂ ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਵਿਚ ਕਿਉਂ ਨਹੀਂ। ਬੈਂਕ, ਬੀਮਾ ਜਾਂ ਫ਼ੌਜਦਾਰੀ ਮਾਮਲੇ ਵਿਚ ਜੇਕਰ ਮੁਸਲਮਾਨ ਸ਼ਰੀਅਤ ਨੂੰ ਦਰ-ਕਿਨਾਰ ਕਰਕੇ ਦੇਸ਼ ਦੇ ਕਾਨੂੰਨ ਨੂੰ ਮੰਨ ਕੇ ਚਲਦੇ ਹਨ ਤਾਂ ਤਿੰਨ ਤਲਾਕ ਦੇ ਮਾਮਲੇ ਵਿਚ ਸ਼ਰੀਅਤ ਨੂੰ ਜ਼ਿਆਦਾ ਤਰਜੀਹ ਕਿਉਂ ਦਿੱਤੀ ਜਾਂਦੀ ਹੈ?

ਇੱਥੇ ਗੌਰਤਲਬ ਇਹ ਵੀ ਹੈ ਕਿ ਸਮੇਂ ਦੇ ਹਾਣ ਦੇ ਬਣਨ ਲਈ ਕਈ ਮੁਸਲਿਮ ਰਾਸ਼ਟਰਾਂ ਨੇ ਆਪਣੇ ਸ਼ਰੀਅਤ ਕਾਨੂੰਨ ਵਿਚ ਸੁਧਾਰ ਕੀਤਾ ਹੈ। ਗੁਆਂਢੀ ਮੁਲਕ ਪਾਕਿਸਤਾਨ ਇਨ੍ਹਾਂ ਵਿੱਚੋਂ ਇਕ ਹੈ। ਸਿਰਫ਼ ਪਾਕਿਸਤਾਨ ਹੀ ਨਹੀਂ ਸਗੋਂ ਬੰਗਲਾ ਦੇਸ਼ ਵਿਚ ਵੀ ਮੌਖਿਕ ਤਲਾਕ ਦਾ ਕੋਈ ਮੁੱਲ ਨਹੀਂ। ਇਸ ਤੋਂ ਇਲਾਵਾ ਮੋਰੱਕੋ, ਟਿਊਨੀਸ਼ੀਆ, ਯਮਨ, ਤੁਰਕੀ, ਮਾਲਦੀਵ ਇਰਾਕ, ਇੰਡੋਨੇਸ਼ੀਆ, ਮਿਸਰ, ਅਲਜ਼ੀਰੀਆ ਵਰਗੇ ਬਹੁਤ ਸਾਰੇ ਦੇਸ਼ਾਂ ਵਿਚ ਸਮੇਂ ਦੇ ਮੁਤਾਬਿਕ ਬਦਲਾਅ ਕੀਤੇ ਗਏ ਹਨ। ਇਸ ਲਈ ਅੱਤਿਆਚਾਰ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਵਾਲੀਆਂ ਭਾਰਤ ਦੀਆਂ 93 ਹਜ਼ਾਰ ਔਰਤਾਂ ਨੂੰ ਅਸੀਂ ਸਲਾਮ ਕਰਦੇ ਹਾਂ। ਦੇਖਦੇ ਹਾਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂ.ਪੀ. ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਨੂੰ ਤਿੰਨ ਤਲਾਕ ਦੇ ਮੁੱਦੇ 'ਤੇ ਲਗਾਈ ਇਨ੍ਹਾਂ ਮੁਸਲਿਮ ਔਰਤਾਂ ਦੀ ਗੁਹਾਰ ਦਾ ਕੀ ਮੁੱਲ ਪੈਂਦਾ ਹੈ।

ਜਦ ਤਾਜ ਤਖ਼ਤ ਦੀ ਛਾਂ ਹੇਠਾਂ
ਲੋਕਾਂ ਦੀ ਸੰਘੀ ਘੁਟਦੀ ਏ
ਤਾਂ ਫੇਰ ਬਗ਼ਾਵਤ ਉਠਦੀ ਏ.....

# ਯਾਦਾਂ

ਨੀਟਾ ਮਾਛੀਕੇ

**1977 ਤੋਂ 1993 ਤੱਕ ਪੰਜਾਬ ਵਿੱਚ ਧਾਰਮਿਕ ਫ਼ਿਕਾਪ੍ਰਸਤੀ ਦੀ ਹਨੇਰੀ ਝੁਲਦੀ ਰਹੀ। ਇਸ ਪੂਰੇ ਦੌਰ ਦੌਰਾਨ ਵੀਹ ਹਜ਼ਾਰ ਦੇ ਕਰੀਬ ਪੰਜਾਬੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣੇਂ ਪਏ। ਖਾਲਿਸਤਾਨੀਆਂ ਦੀਆਂ ਮੰਗਾਂ ਕਿੰਨੀਆਂ ਕੁ ਜਾਇਜ ਸਨ ਜਾਂ ਨਜਾਇਜ ਇਹ ਇੱਕ ਵੱਖਰਾ ਮੁੱਦਾ ਹੈ। ਅਸੀਂ 'ਵਿਗਿਆਨ ਜੋਤ' ਦੇ ਪਾਠਕਾਂ ਲਈ ਇੱਕ ਨਵਾਂ ਕਾਲਮ 'ਯਾਦਾਂ' ਸ਼ੁਰੂ ਕਰਨ ਜਾ ਰਹੇ ਹਾਂ। ਇਸ ਕਾਲਮ ਅਧੀਨ ਪਾਠਕ ਉਸ ਦੌਰ ਦੀ ਕੋਈ ਵੀ ਖੱਟੀ ਮਿੱਠੀ ਯਾਦ ਸਾਂਝੀ ਕਰ ਸਕਦੇ ਹੋ। ਤੁਸੀਂ ਆਪਣੀ ਰਚਨਾ 'ਵਿਗਿਆਨ ਜੋਤ' ਦੇ ਪਤੇ 'ਤੇ ਭੇਜ ਸਕਦੇ ਹੋ।**

ਪੰਜਾਬ ਵਿੱਚ 1988-89 ਵਿੱਚ ਖਾੜਕੂਵਾਦ ਪੂਰੇ ਜੋਬਨ ਤੇ ਸੀ। ਮੇਰੇ ਗਵਾਂਢੀ ਪਿੰਡ ਦੀਵਾਨੇ ਵਿੱਚ ਦਿਨ ਦਿਹਾੜੇ ਟੂਰਨਾਮੈਂਟ ਤੇ ਗੋਲੀ ਚਲਾਕੇ ਖਾੜਕੂਆਂ ਨੇ ਛੇ-ਸੱਤ ਪੁਲਿਸ ਵਾਲੇ ਮੌਤ ਦੇ ਘਾਟ ਉਤਾਰ ਦਿੱਤੇ। ਅਸੀਂ ਵੀ ਪੰਜ ਛੇ ਜਾਣੇ ਟੂਰਨਾਮੈਂਟ ਵੇਖਣ ਗਏ ਹੋਏ ਸੀ। ਸ਼ਾਮ ਦੇ ਤਕਰੀਬਨ ਚਾਰ ਕੁ ਵਜੇ ਜਿੱਥੇ ਜਿੱਥੇ ਪੁਲਿਸ ਵਾਲੇ ਖੜ੍ਹੇ ਸੀ ਉਹਨਾਂ ਦੇ ਮਗਰ ਬਦੂਕਾਂ ਤਾਣਕੇ ਖਾੜਕੂ ਖੜ੍ਹ ਗਏ ਤੇ ਪਹਿਲੇ ਫਾਇਰ ਦੇ ਨਾਲ ਹੀ ਬਾਕੀ ਦਿਆਂ ਨੇ ਵੀ ਘੋੜੇ ਨੱਪ ਦਿੱਤੇ, ਪੁਲਿਸ ਵਾਲੇ ਥਾਂਏ ਢੇਰ ਹੋ ਗਏ। ਟੂਰਨਾਮੈਂਟ ਦੇ ਮੈਦਾਨ ਵਿੱਚ ਭਗਦੜ ਮੱਚ ਗਈ। ਕਿਸੇ ਦੀ ਸੋਟੀ ਰਹਿ ਗਈ, ਕਿਸੇ ਦੀਆਂ ਚੱਪਲਾਂ..! ਕੋਈ ਫਸਲਾਂ 'ਚ ਲੰਮਾ ਪਿਆ, ਕੋਈ ਆਂਢ ਗੁਆਂਢ ਦੇ ਘਰਾਂ ਵਿੱਚ ਜਾ ਲੁਕਿਆ। ਅਸੀਂ ਖੇਤੋ ਖੇਤ ਹੁੰਦੇ ਕੱਸੀ ਦੀ ਡੰਡੀ-ਡੰਡੀ ਸਾਹੋ ਸਾਹ ਹੋਏ ਪਿੰਡ ਪਹੁੰਚ ਗਏ। ਘਰਦਿਆਂ ਨੇ ਗਾਲਾਂ ਦਿੱਤੀਆਂ, ਮਾਰੇ ਗਏ ਪੁਲਸੀਆਂ ਵਿੱਚ ਸਾਡੇ ਪਿੰਡ ਦਾ ਰਮਦਾਸੀਆਂ ਦਾ ਸਾਬਕਾ ਫੌਜੀ ਜਿਹੜਾ ਪੈਨਸ਼ਨ ਮਗਰੋਂ ਪੁਲਿਸ ਵਿੱਚ ਹੋਮਗਾਰਡ ਭਰਤੀ ਹੋ ਗਿਆ ਸੀ ਉਹ ਵੀ ਸ਼ਾਮਲ ਸੀ। ਸਾਰਾ ਪਿੰਡ ਸਦਮੇਂ ਵਿੱਚ ਸੀ ਕਿ ਜੀਹਨੇ ਕਦੇ ਕੁੱਤੇ ਦੇ ਸੋਟੀ ਨਹੀਂ ਸੀ ਮਾਰੀ ਅੱਜ ਉਹ ਵੀ ਕਾਲੇ ਦੌਰ ਦੀ ਬਲੀ ਚੜ੍ਹ ਗਿਆ। ਓਹਦੇ ਛੋਟੇ ਛੋਟੇ ਬੱਚੇ ਘਰਵਾਲੀ ਨੇ ਮਸਾਂ ਲੋਕਾਂ ਦਾ ਗੋਹਾ ਕੂੜਾ ਕਰ-ਕਰ ਪਾਲੇ। ਇਹਨਾਂ ਬੱਚਿਆਂ ਦਾ ਕਸੂਰ ਸਿਰਫ਼ ਇਹ ਸੀ ਬਈ ਇਹਨਾਂ ਦਾ ਬਾਪ ਰੋਜ਼ੀ ਰੋਟੀ ਲਈ ਹੋਮਗਾਰਡ 'ਚ ਭਰਤੀ ਹੋਇਆ ਸੀ...?



2

1991-92 ਵਿੱਚ ਦੀਵਾਨੇ ਪਿੰਡ ਵਿੱਚ ਇੱਕ ਵਾਰ ਫੇਰ ਕਹਿਰ ਵਾਪਰਿਆ ਤੇ ਖਾੜਕੂਆਂ ਨੇ ਇਸੇ ਪਿੰਡ ਦੇ ਦੋ ਹੋਰ ਘਰ ਉਜਾੜੇ..! ਇਸ ਪਿੰਡ ਦੇ ਬੇਹੱਦ ਸ਼ਰੀਫ ਸਧਾਰਨ ਕਿਸਾਨ ਪਰਿਵਾਰਾਂ ਦੇ ਦੋ ਮੁੰਡੇ ਪੁਲਿਸ ਵਿੱਚ ਸਿਪਾਹੀ ਭਰਤੀ ਹੋਏ ਸਨ ਤੇ ਦੋਵਾਂ ਦੀ ਡਿਊਟੀ ਜਗਰਾਓ ਪੁਲਿਸ ਲਾਈਨ ਵਿੱਚ ਲੱਗੀ ਹੋਈ ਸੀ। ਰਾਤ ਨੂੰ ਖਾੜਕੂ ਇਹਨਾਂ ਦੇ ਘਰ ਕਾਲ ਬਣਕੇ ਆਣ ਵੜੇ। ਦੋਵਾਂ ਪਰਿਵਾਰਾਂ ਦੇ ਮਰਦਾ ਨੂੰ ਇਕੱਠੇ ਕਰਕੇ ਬਾਂਹਾਂ ਮਗਰ ਬੰਨਕੇ ਸੂਏ ਦੇ ਪੁਲ਼ ਤੇ ਲੈ ਗਏ, ਉਹਨਾਂ ਬੇਵੱਸ ਤੇ ਲਾਚਾਰ ਬੰਦਿਆਂ ਨੇ ਖਾੜਕੂਆਂ ਦੀਆਂ ਬਥੇਰੀਆਂ ਮਿੰਨਤਾਂ ਤਰਲੇ ਕੀਤੇ ਪਰ ਉਹਨਾਂ ਪੱਥਰ ਦਿਲ ਹੈਵਾਨਾਂ ਨੂੰ ਰਤਾ ਤਰਸ ਨਾ ਆਇਆ ਤੇ ਏ.ਕੇ.-37 ਦਾ ਬ੍ਰਸਟ ਮਾਰਕੇ ਸਾਰੇ ਸਦਾ ਦੀ ਨੀਂਦ ਸਵਾ ਦਿੱਤੇ। ਸਾਡੇ ਆਂਢ ਗੁਆਂਢ ਦੇ ਪਿੰਡਾਂ ਵਿੱਚ ਓਸ ਦਿਨ ਕਿਸੇ ਨੇ ਚੁਲ੍ਹਾ ਨਾ ਬਾਲਿਆ ਅਤੇ ਇਸ ਘਟਨਾਂ ਨੇ ਜਿਵੇਂ ਪੇਂਡੂ ਲੋਕਾਂ ਦੀ ਖਾੜਕੂਆਂ ਪ੍ਰਤੀ ਹਮਦਰਦੀ ਨੂੰ ਵੱਡੀ ਢਾਹ ਲਾਈ। ਹੁਣ ਬਹੁਤ ਸਾਰੇ ਲੋਕ ਇਹ ਵੀ ਕਹਿੰਦੇ ਹਨ ਕਿ ਇਹ ਕਾਰਾ ਏਜੰਸੀਆਂ ਦਾ ਸੀ, ਪਰ ਓਸ ਸਮੇਂ ਖਾੜਕੂਆਂ ਨੇ ਇਸ ਘਟਨਾਂ ਦੀ ਜੁੰਮੇਵਾਰੀ ਅਖਵਾਰਾਂ ਵਿੱਚ ਕਬੂਲੀ ਸੀ। ਜਿਸ ਕਿਸੇ ਨੇ ਵੀ ਇਸ ਦਿਲ ਦਿਹਲਾਉਣ ਵਾਲੀ ਸ਼ਰਮਨਾਕ ਘਟਨਾਂ ਨੂੰ ਅੰਜ਼ਾਮ ਦਿੱਤਾ ਉਹ ਇਨਸਾਨੀਅਤ ਦੇ ਨਾਮ ਤੇ ਧੱਬਾ ਹਨ। ਸ਼ਾਇਦ ਇਸ ਘਟਨਾਂ ਵਿੱਚ ਤਿੰਨ ਸਕੇ ਭਰਾ, ਪਿਉ-ਪੁੱਤ ਤੇ ਚਾਚਾ ਮਾਰ ਮੁਕਾਏ ਗਏ ਸੀ..! ਕਸੂਰ ਕਿ ਇਹਨਾਂ ਦੇ ਮੁੰਡੇ ਪੁਲਿਸ ਵਿੱਚ ਭਰਤੀ ਸਨ..!

3

ਸਾਡੇ ਪਿੰਡ ਦਾ ਹੀ ਇੱਕ ਰਵਦਾਸੀਆਂ ਦਾ ਚੱਕਵਾਂ ਜਿਹਾ ਮੁੰਡਾ ਸੀ ਜੀਹਨੇ ਸਾਰੇ ਪਿੰਡ ਦਾ ਜਿਉਣਾ ਦੁੱਭਰ ਕੀਤਾ ਹੋਇਆ ਸੀ। ਪਹਿਲੋ ਪਹਿਲ ਲੁੱਟਾਂ ਖੋਹਾਂ ਕਰਿਆ ਕਰਦਾ ਸੀ, ਬਾਅਦ ਵਿੱਚ ਮਹਿੰਦਰ ਸਿੰਘ ਸਟੀਰਿਓ ਦੇ ਨਾਮ ਨਾਲ ਮਸ਼ਹੂਰ ਹੋਇਆ ਸੀ। ਪਹਿਲੇ ਦਿਨ ਤੋਂ ਹੀ ਇਹ ਬੰਦਾ ਕਲੇਸ਼ ਦੀ ਜੜ੍ਹ ਰਿਹਾ ਸੀ। ਸਕੂਲ ਟਾਇਮ ਕਦੇ ਕਿਸੇ ਨਾਲ ਲੜ ਪਿਆ, ਕਦੇ ਮਾਸਟਰਾਂ ਨਾਲ ਪੰਗਾ ਲਈ ਰੱਖਣਾ..! ਇਹਦਾ ਬਾਪ ਪ੍ਰੀਤਮ ਸਿੰਘ ਸਿਰੇ ਦਾ ਹਾਲ੍ਹੀ, ਬੇਹੱਦ ਭਲਾ ਤੇ ਪੁੱਜਕੇ ਮਿਹਨਤੀ ਇਨਸਾਨ ਸੀ। ਖਾੜਕੂਵਾਦ ਦੇ ਦੌਰ ਵਿੱਚ ਲੁੱਟਾਂ ਖੋਹਾਂ ਨੂੰ ਇੰਜ਼ਾਮ ਦਿੰਦਾ ਦਿੰਦਾ ਇਹ ਖਾੜਕੂ ਸਫਾਂ ਵਿੱਚ ਵਿਚਰਨ ਲੱਗਾ, ਪਿੰਡ ਦੇ ਚੰਗੇ ਚੰਗੇ ਘਰਾਂ ਵਿੱਚ ਅਕਸਰ ਰਾਤ ਬਰਾਤੇ ਇਹਦਾ ਆਉਣਾ ਜਾਣਾ ਲੱਗਿਆ ਰਹਿੰਦਾ ਸੀ। ਕਦੇ ਕਿਸੇ ਦਿਓ ਰੋਟੀ ਖਾ ਗਿਆ ਕਦੇ ਕਿਸੇ ਦੇ ਘਰ ਹਥਿਆਰ ਰੱਖ ਗਿਆ ਕਈਆ ਦੇ ਘਰਾਂ ਵਿੱਚ ਲੁੱਟ ਦਾ ਮਾਲ ਵੀ ਛੱਡ ਜਾਂਦਾ ਸੀ। ਇੱਕ ਦਿਨ ਅੱਧੀ ਰਾਤੋਂ ਇਹਨੇ ਸਾਡੇ ਪਿੰਡ ਦੇ ਸਰਪੰਚ ਨੂੰ ਸੁੱਤੇ ਪਏ ਨੂੰ ਘਰੋਂ ਜਗਾ ਲਿਆ ਅਤੇ ਸਾਡੇ ਹੀ ਪਿੰਡ ਦਾ ਇੱਕ ਹੋਰ ਅਗਾਂਹ ਵਧੂ ਖਿਆਲਾ ਦਾ ਮੁੰਡਾ ਸੀ ਬਚਿਤਰ ਸਿੰਘ। ਸਰਪੰਚ ਤੋਂ ਅਵਾਜ ਮਾਰਕੇ ਓਹਦਾ ਦਰਵਾਜਾ ਜਾ ਖੁਲਵਾਇਆ। ਸਰਪੰਚ ਨੂੰ ਓਥੋਂ ਫਾਰਗ ਕਰਕੇ ਆਪ ਬਚਿਤਰ ਨੂੰ ਲੈਕੇ ਪਿੰਡ ਦੇ ਅੱਡੇ ਵਿੱਚ ਆ ਗਿਆ, ਇਥੋਂ ਸਵੇਰ ਨੂੰ ਬਚਿਤਰ ਦੀ ਲਾਸ਼ ਬਰਾਮਦ ਹੋਈ। ਪੁਲਿਸ ਵਾਲਿਆ ਕੁੱਟ-ਕੁੱਟਕੇ ਸਰਪੰਚ ਦਾ ਚੂਲ੍ਹਾ ਤੋੜ ਸੁਟਿਆ, ਕਾਂਗਰਸੀ ਵਧਾਇਕ ਬਰਾੜ ਨੇ ਸਰਪੰਚ ਨੂੰ ਜੋਰ ਜੂਰ ਪਾਕੇ ਛਡਵਾਇਆ। ਇਸ ਪਿੱਛੋਂ ਸਟੀਰਿਓ ਸਾਡੇ ਨੇੜਲੇ ਪਿੰਡ ਮੂਮ ਕਲਾਂ ਵਿੱਚ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਤੇ ਸਾਡੇ ਪਿੰਡ ਅਤੇ ਆਸ ਪਾਸ ਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਜਿਨਾਂ ਘਰਾਂ ਵਿੱਚ ਇਹਦਾ ਲੁੱਟ ਦਾ ਮਾਲ ਰਹਿ ਗਿਆ ਸੀ ਉਹਨਾਂ ਦੀ ਜੂਨ ਚੰਗੀ ਸੁਧਰ ਗਈ ਹੈ।

4

ਇਸ ਤੋਂ ਪਿਛੋਂ ਪੁਲਿਸ ਨੇ ਆਪਣੇ ਕੈਟ ਖਾੜਕੂ ਸਫਾਂ ਵਿੱਚ ਵਾੜਕੇ ਕਈ ਚੰਗੇ ਚੰਗੇ ਖਾੜਕੂ ਮਾਰ ਮਕਾਏ ਸਨ। ਸਾਡੇ ਪਿੰਡ ਦੇ ਹਰੀ ਸਿਓਂਕੇ ਪਿੰਡ ਦੀ ਫਿਰਨੀ ਤੇ ਰਹਿੰਦੇ ਸਨ। ਉਹਨਾਂ ਦੇ ਘਰੋਂ ਖਾੜਕੂ ਕਈ ਵਾਰੀ ਰਾਤ ਨੂੰ ਪ੍ਰਸ਼ਾਦਾ ਵਗੈਰਾ ਛਕ ਜਾਂਦੇ ਸੀ, ਨਾ ਚਾਹਕੇ ਵੀ ਖਵਾਉਣਾ ਪੈਂਦਾ ਸੀ। ਮੌਤ ਮੂਹਰੇ ਬੰਦਾ ਕੀ ਭੂਤਨੇ ਵੀ ਨੱਚਣ ਲੱਗਦੇ ਨੇ..! ਮਾੜੀ ਕਿਸਮਤ ਇਹਨਾਂ ਖਾੜਕੂਆਂ ਚੋਂ ਇੱਕ ਪੁਲਿਸ ਦੇ ਹੱਥ ਲੱਗ ਗਿਆ। ਕਸਾਈਆਂ ਵਾਲੀ ਕੁੱਟ ਮੂਹਰੇ ਕੰਧਾਂ ਬੋਲਣ ਲੱਗ ਜਾਂਦੀਆਂ ਨੇ, ਉਹ ਬੰਦੇ ਨੇ ਸਾਡੇ ਪਿੰਡ ਵਾਲੇ ਹਰੀ ਸਿਓਂ ਕਾ ਨਾਮ ਵੀ ਲੈ ਦਿੱਤਾ ਕਿ ਅਸੀਂ ਓਥੇ ਵੀ ਰਹਿੰਦੇ ਰਹੇ ਹਾਂ।



ਕੁਝ ਦਿਨਾਂ ਮਗਰੋਂ ਰਾਤ ਨੂੰ ਪੁਲਿਸ ਵਾਲੇ ਭੇਸ ਬਦਲਕੇ ਹਰੀ ਸਿਓਂ ਦੇ ਘਰ ਪਹੁੰਚ ਗਏ, ਓਹਦਾ ਵਿਚਾਲੜਾ ਮੁੰਡਾ ਸੇਵਕ ਸਿੰਘਾਂ ਦੀ ਵਾਹਵਾ ਆਓ ਭਗਤ ਕਰਦਾ ਹੁੰਦਾ ਸੀ। ਉਹਨੇ ਖੁੱਲ੍ਹੀਆਂ ਦਾਹੜੀਆਂ ਵਾਲੇ ਸਰਦਾਰਾ ਦੀ ਚੰਗੀ ਆਓ ਭਗਤ ਕੀਤੀ ਅਤੇ ਨਾਲੇ ਕਹਿੰਦਾ ਸਿੰਘੋ ਪਹਿਲਾਂ ਕਦੇ ਤੁਹਾਨੂੰ ਵੇਖਿਆ ਨਹੀ ਅੱਗੇ ਤਾਂ ਹੋਰ ਜਥੇਦਾਰ ਸਹਿਬ ਆਉਂਦੇ ਹੁੰਦੇ ਸੀ ਤੁਸੀਂ ਇਸ ਇਲਾਕੇ ਵਿੱਚ ਨਵੇਂ ਆਏ ਲਗਦੇ ਹੋਂ..? ਖੁੱਲ੍ਹੀ ਦਾਹੜੀ ਵਾਲਾ ਸਰਦਾਰ ਕਹਿੰਦਾ ਸਾਰਾ ਪੰਜਾਬ ਸਾਡਾ, ਜਦੋਂ ਜੀ ਕਰਦਾ ਕਿਤੇ ਵੀ ਚਲੇ ਜਾਈਦਾ। ਚਲੋ ਪ੍ਰਸ਼ਾਦਾ ਪਾਣੀ ਛਕਕੇ ਓਹ ਚਲੇ ਗਏ ਤੇ ਦੂਸਰੇ ਦਿਨ ਸਵੇਰਿਓ ਲਾਲ ਪੱਗਾਂ ਵਾਲਿਆ ਆਣ ਹਰੀ ਸਿਓ ਦੇ ਘਰ ਦਾ ਚੁਫੇਰਾ ਮੱਲਿਆ..! ਕੰਧ ਟੱਪਕੇ ਇੱਕ ਪੁਲਿਸ ਵਾਲਾ ਅੰਦਰ ਵੜ ਗਿਆ, ਓਹਨੇ ਮੇਨ ਦਰਵਾਜੇ ਦੀ ਅਰਲ ਖੋਲ੍ਹ ਦਿੱਤੀ। ਇੰਨੇ ਨੂੰ ਦਗੜ ਦਗੜ ਕਰਦੀ ਪੁਲਿਸ ਘਰ ਅੰਦਰ ਦਾਖਲ ਹੋ ਗਈ। ਅੱਧ ਸੁੱਤੇ ਟੱਬਰ ਨੂੰ ਪੁਲਿਸ ਨੇ ਬਿਸਤਰਿਆਂ ਵਿੱਚ ਹੀ ਦਬੋਚ ਲਿਆ। ਪੁਲਿਸ ਨੇ ਘਰ ਦਾ ਚੱਪਾ-ਚੱਪਾ ਛਾਣ ਮਾਰਿਆ, ਲੇਕਿਨ ਪੁਲਿਸ ਦੇ ਹੱਥ ਕੁਝ ਵੀ ਨਾਂ ਲੱਗਾ..! ਠਾਣੇਦਾਰ ਕੜਕਕੇ ਕਹਿੰਦਾ ਹਰਾਮ ਖੋਰੋ ਸਾਡੇ ਕਾਤਲਾਂ ਨੂੰ ਲੰਗਰ ਖਵਾਉਨੇ ਓ..... ਦੱਸੋ ਕੌਣ ਕੌਣ ਆਉਂਦਾ ਰਿਹਾ ਤੁਹਾਡੇ ਕੋਲ, ਨਾਲੇ ਕਿੱਥੇ ਆ ਓਹ ਜਿਹੜਾ ਪੁੱਛਦਾ ਸੀ ਤੁਸੀਂ ਨਵੇ ਆਏ ਲਗਦੇ ਓ ਜਥੇਦਾਰ ਜੀ?

ਥਾਣੇਦਾਰ ਦਾ ਭ੍ਰਿਸ਼ਟ ਚਿਹਰਾ ਗੁੱਸੇ ਵਿੱਚ ਹੋਰ ਡਰਾਉਣਾ ਹੁੰਦਾ ਜਾ ਰਿਹਾ ਸੀ। ਹਰੀ ਸਿਓ ਦਾ ਗੱਲ ਸੁਣਕੇ ਤਰਾਹ ਨਿੱਕਲ ਗਿਆ ਕਿ ਇਹ ਤਾਂ ਓਹੋ ਰਾਤ ਵਾਲੇ ਹੀ ਪਹੁੰਚ ਗਏ ਨੇ ਵਰਦੀਆਂ ਪਾਕੇ। ਇੰਨੇ ਨੂੰ ਪੁਲਿਸ ਵਾਲੇ ਸੇਵਕ ਨੂੰ ਮੁਰਗਾ ਬਣਾ ਚੱਕ ਲਿਆਏ। ਸੇਵਕ ਨੂੰ ਓਹੀ ਖੁੱਲ੍ਹੀ ਦਾਹੜੀ ਵਾਲਾ ਜਥੇਦਾਰ ਪੁਲਿਸ ਵਰਦੀ ਵਿੱਚ ਜਮਦੂਤ ਪ੍ਰਤੀਤ ਹੋਇਆ, ਉਹਨੂੰ ਲੱਗਿਆ ਕਿ ਸ਼ਾਇਦ ਬਾਪੂ ਹੋਰਾਂ ਨਾਲ ਓਹਦੀ ਆਖਰੀ ਮਿਲਣੀ ਹੀ ਹੈ। ਸੇਵਕ ਥਾਣੇਦਾਰ ਦੇ ਤਰਲੇ ਕਰਨ ਲੱਗਿਆ ਕਹਿੰਦਾ ਮਾਈ ਬਾਪ ਮੇਰੇ ਨਿੱਕੇ ਨਿੱਕ ਨਿਆਣੇ ਰੁਲ ਜਾਣਗੇ, ਅਸੀਂ ਕੀ ਕਰੀਏ ਰਾਤ ਨੂੰ ਜਦੋਂ ਦਸ ਜਾਣੇ ਆ ਖੜ੍ਹਦੇ ਨੇ ਕੀ ਜਵਾਬ ਦੇਈਏ..? ਠਾਣੇਦਾਰ ਲੋਹੇ ਦੇ ਗੇਟ ਤੇ ਜ਼ੋਰ ਦੀ ਮੁੱਠੀ ਮਾਰਕੇ ਕਹਿੰਦਾ ਸਾਰੀ ਰਾਤ ਪ੍ਰਹੁਣਿਆਂ ਵਾਂਗੂੰ ਸੇਵਾ ਕਰਦੇ ਹੋ ਹੁਣ ਚਲਾਕ ਬਣਦਾ, ਸਾਲਿਓ ਪੁਲਿਸ ਨੂੰ ਇਤਲਾਹ ਤੁਹਾਡੇ ਪਿਤਰਾਂ ਕਰਨੀ ਆ..! ਪੁਤ ਠਾਣੇ ਲਿਜਾਕੇ ਜਦੋਂ ਤੇਰਾ ਮੋਰ ਬਣਾਇਆ ਤੂੰ ਤਾਂ ਭੁਟ ਭੁਟ ਬੋਲੇਂਗਾ। ਹਰੀ ਸਿਓ ਠਾਣੇਦਾਰ ਦੇ ਪੈਰੀ ਪੱਗ ਧਰੇ, ਪਰ ਹੰਕਾਰੇ ਅਫਸਰ ਨੇ ਠੁੱਡ ਮਾਰਕੇ ਓਹਦੀ ਪੱਗ ਵਗਾਹ ਮਾਰੀ, ਨਾਲੇ ਕਹਿੰਦਾ ਐਵੇਂ ਬੁੱਢੇ ਬਾਰੇ ਹੱਡ ਤੁੜਾਏਂਗਾ, ਚਲੋ ਓਏ ਮੁੰਡਿਓ ਸਿੱਟੋ ਜੀਪੇ 'ਚ ਇਹਨੂੰ ਵੱਡੇ ਹਮਦਰਦ ਨੂੰ..! ਸੇਵਕ ਨੂੰ ਗੱਡੀ ਵਿੱਚ ਸਿੱਟ ਪੁਲਿਸ ਦੀ ਜੀਪ ਧੂੜ ਉਡਾਉਦੀ ਫਿਰਨੀ ਵਾਲਾ ਮੋੜ ਕੱਟ ਅਲੋਪ ਹੋ ਗਈ...।

## ਪਰੀ ਕਹਾਣੀਆਂ

ਪ੍ਰਸਿੱਧ ਵਿਗਿਆਨੀ ਅਲਬਰਟ ਆਈਨਸਟੀਨ ਦੀ ਇੱਕ ਜਾਣੂ ਔਰਤ ਚਾਹੁੰਦੀ ਸੀ ਕਿ ਉਸਦਾ ਬੇਟਾ ਵਿਗਿਆਨੀ ਬਣੇ। ਇੱਕ ਦਿਨ ਉਹ ਆਈਨਸਟੀਨ ਨੂੰ ਮਿਲਣ ਗਈ ਤੇ ਉਹਨਾਂ ਤੋਂ ਸਲਾਹ ਮੰਗੀ ਕਿ ਉਸਦਾ ਬੇਟਾ ਕੀ ਪੜ੍ਹੇ ਜੋ ਉਸਨੂੰ ਵਿਗਿਆਨੀ ਬਣਾਉਣ ਵਿੱਚ ਮਦਦਗਾਰ ਹੋਵੇ। ਉਸਨੂੰ ਹੈਰਾਨ ਕਰਦੇ ਹੋਏ ਵਿਗਿਆਨੀ ਨੇ ਜੁਆਬ ਦਿੱਤਾ, "ਪਰੀ ਕਹਾਣੀਆਂ ਤੇ ਹੋਰ ਜ਼ਿਆਦਾ ਪਰੀ ਕਹਾਣੀਆਂ। "ਮਾਂ ਨੇ ਵਿਰੋਧ ਕੀਤਾ ਕਿ ਉਹ ਗੰਭੀਰਤਾ ਨਾਲ਼ ਗੱਲ ਕਰ ਰਹੀ ਹੈ ਤੇ ਇੱਕ ਸੰਜੀਦਾ ਜੁਆਬ ਚਾਹੁੰਦੀ ਹੈ, ਪਰ ਆਈਨਸਟੀਨ ਆਪਣੀ ਗੱਲ 'ਤੇ ਅੜੇ ਰਹੇ ਤੇ ਆਪਣੀ ਗੱਲ ਵਿੱਚ ਵਾਧਾ ਕੀਤਾ ਕਿ "ਇੱਕ ਸੱਚੇ ਵਿਗਿਆਨੀ ਦੀ ਦਿਮਾਗ਼ੀ ਸਮਰੱਥਾ ਵਿੱਚ ਰਚਨਾਤਮਕ ਕਲਪਨਾਸ਼ੀਲਤਾ ਅਹਿਮ ਸਥਾਨ ਰੱਖਦੀ ਹੈ ਅਤੇ ਪਰੀ ਕਹਾਣੀਆਂ ਬਚਪਨ ਵਿੱਚ ਇਸ ਗੁਣ ਨੂੰ ਨਿਖਾਰਦੀਆਂ ਹਨ।" ਜਾਣਕਾਰੀ ਹਿੱਤ - ਪਰੀ ਕਹਾਣੀਆਂ ਦਾ ਮਤਲਬ ਸਿਰਫ਼ ਉਹ ਕਹਾਣੀਆਂ ਨਹੀਂ ਹੁੰਦੀਆਂ ਜਿਹਨਾਂ ਵਿੱਚ ਪਰੀਆਂ ਹੋਣ, ਸਗੋਂ ਉਹ ਸਭ ਕਹਾਣੀਆਂ ਹੁੰਦੀਆਂ ਹਨ ਜਿਹਨਾਂ ਵਿੱਚ ਕੁਦਰਤ ਤੇ ਜਾਨਵਰਾਂ ਨੂੰ ਮਨੁੱਖੀ ਗੁਣ ਦਿੱਤੇ ਜਾਂਦੇ ਹਨ ਤੇ ਕਾਲਪਨਿਕ ਪਾਤਰ ਘੜੇ ਜਾਂਦੇ ਹਨ। ?

### ਵਿਗਿਆਨ

ਵਿਗਿਆਨ ਸਭ ਦਾ ਸਾਂਝਾ ਹੈ।
ਵਿਗਿਆਨ ਤੱਥਾਂ 'ਤੇ ਆਧਾਰਿਤ ਹੈ।
ਵਿਗਿਆਨ ਸੋਚ ਦਾ ਖੇਤਰ ਹੈ।
ਵਿਗਿਆਨ ਵਿਸ਼ਵਾਸ ਤੋਂ ਵਿਵੇਕ ਵੱਲ ਤੁਰਦਾ ਹੈ।
ਵਿਗਿਆਨ ਸੋਚ ਨੂੰ ਸੁਤੰਤਰ ਬਣਾਉਂਦਾ ਹੈ।
ਵਿਗਿਆਨ ਭਵਿੱਖ ਸੰਵਾਰਨ ਵਿੱਚ ਯਤਨਸ਼ੀਲ ਹੈ।
ਵਿਗਿਆਨ ਜਦੋਂ ਵੀ ਦੱਸਦਾ ਹੈ, ਸੰਸਾਰ ਨੂੰ ਜਿਊਣ ਲਈ ਸਭ ਤੋਂ ਬਿਹਤਰ ਥਾਂ ਦੱਸਦਾ ਹੈ।
ਵਿਗਿਆਨ ਨੇ ਆਦਿ ਮਨੁੱਖ ਨੂੰ ਜੰਗਲਾਂ ਤੋਂ ਵਿਕਾਸ ਵੱਲ ਤੋਰਿਆ ਹੈ।
ਵਿਗਿਆਨ ਵਿੱਚ ਬਹਿਸ ਤਰਕ ਦੇ ਆਧਾਰ ਤੇ ਕੀਤੀ ਜਾਂਦੀ ਹੈ।
ਨਾ ਮੰਦਰਾਂ, ਨਾ ਮਸਜਿਦਾਂ, ਨਾ ਗੁਰਦੁਆਰਿਆਂ, ਨਾ ਗਿਰਜਿਆਂ ਦੀ ਲੋੜ ਹੈ ਪੰਛੀਆਂ ਨੂੰ ਪਿੰਜਰਿਆਂ ਦੀ ਥਾਂ, ਪਰਾਂ ਦੀ ਲੋੜ ਹੈ।

### ਧਰਮ

ਧਰਮ ਹਰ ਥਾਂ ਵੰਡਿਆ ਹੋਇਆ ਹੈ।
ਧਰਮ ਵਿਸ਼ਵਾਸ 'ਤੇ ਆਧਾਰਿਤ ਹੈ।
ਧਰਮ ਮੰਨਣ ਦਾ ਖੇਤਰ ਹੈ।
ਧਰਮ ਵਿਵੇਕ ਤੋਂ ਵਿਸ਼ਵਾਸ ਵੱਲ ਤੁਰਦਾ ਹੈ।
ਧਰਮ ਸੋਚ ਨੂੰ ਕੁਚਲਦਾ ਹੈ।
ਧਰਮ ਅਤੀਤ ਵਿੱਚ ਗਵਾਚਿਆ ਰਹਿੰਦਾ ਹੈ।
ਧਰਮ ਜਦੋਂ ਵੀ ਦੱਸਦਾ ਹੈ, ਸੰਸਾਰ ਨੂੰ ਨਾਸ਼ਵਾਨ ਹੀ ਦੱਸਦਾ ਹੈ।
ਧਰਮ ਵਿਕਾਸ ਕਰਦੇ ਮਨੁੱਖਾਂ ਨੂੰ ਜੰਗਲਾਂ ਵੱਲ ਤੋਰਦਾ ਹੈ।
ਧਰਮ ਵਿੱਚ ਬਹਿਸ ਪੱਖਪਾਤ ਦੇ ਆਧਾਰ ਤੇ ਕੀਤੀ ਜਾਂਦੀ ਹੈ।

## ਪੰਜਾਲੀ ਜੁੜੇ ਬਲਦ

ਪੰਜਾਲੀ ਜੁੜੇ ਬਲਦ ਨੂੰ ਹਿਰਨ ਆਵਾਰਾ ਪਸ਼ੂ ਲਗਦੇ ਹਨ ....ਖਲੀਲ ਜ਼ਿਬਰਾਨ. ਇਸ ਸ਼ਬਦ ਵਿਚ ਬਾਬਾ ਖਲੀਲ ਜਿਬਰਾਨ ਜੀ ਸੰਗਤਾਂ ਨੂੰ ਫਰਮਾ ਰਹੇ ਹਨ ਕਿ ਧਰਮੀ ਬੰਦਾ ਇਕ ਪੰਜਾਲੀ ਜੁੜੇ ਬਲਦ ਵਾਂਗ ਜਾਂ ਇਕ ਪਿੰਜਰੇ ਦੇ ਤੋਤੇ ਵਾਂਗ ਹੁੰਦਾ ਹੈ .. ਧਰਮੀ ਬੰਦਾ ਉਪਰੋਂ ਜਿੰਨੇ ਮਰਜੀ ਦਿਖਾਵੇ ਕਰੇ ਕਿ ਉਸ ਨੂੰ ਉਸ ਦਾ ਧਰਮ ਸਹਿਣਸ਼ੀਲਤਾ ਸਿਖਾਉਂਦਾ ਹੈ ਨਿਮਰਤਾ ਸਿਖਾਉਂਦਾ ਹੈ ਪਰ ਅਸਲ ਚ ਉਹ ਬੰਦਾ ਅੰਦਰੋਂ ਓਨਾ ਹੀ ਜ਼ਹਿਰੀ ਹੁੰਦਾ ਹੈ ..ਧਰਮ ਦੇ ਨਾਮ ਉੱਤੇ ਉਹ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ.. ਧਰਮ ਦੇ ਨਾਮ ਉੱਤੇ ਕਰੀ ਕਤਲੋ ਗਾਰਤ ਨੂੰ ਵੀ ਉਹ ਰੱਬ ਦਾ ਹੁਕਮ ਈ ਸਮਝਦਾ ਹੈ...ਧਰਮੀ ਆਪਣੇ ਧਰਮ ਨੂੰ ਸਭ ਤੋਂ ਉੱਤਮ ਦੱਸਦਾ ਹੈ ਦੂਜੇ ਦੇ ਧਰਮ ਨੂੰ ਨੀਵਾਂ..ਆਪਣੇ ਧਰਮ ਦਾ ਪਸਾਰਾ ਉਹ ਦੂਜੇ ਧਰਮ ਨੂੰ ਲਤਾੜ ਕੇ ਹੀ ਕਰਦਾ ਹੈ..ਬਾਬਾ ਜੀ ਅੱਗੇ ਦਸਦੇ ਹਨ ਕਿ ਨਾਸਤਿਕ ਬੰਦਾ ਇਕ ਆਜ਼ਾਦ ਹਵਾ ਚ ਉਡਾਰੀਆਂ ਮਾਰਨ ਵਰਗੇ ਹਿਰਨ ਵਾਂਗ ਹੁੰਦਾ ਹੈ ਜਿਸ ਉੱਤੇ ਕੋਈ ਬੰਦਿਸ਼ ਨਹੀ ਹੁੰਦੀ.. ਉਹ ਆਪਣੀ ਮਰਜੀ ਦਾ ਖਾ ਸਕਦਾ ਹੈ ਆਪਣੀ ਮਰਜੀ ਦਾ ਪੀ ਸਕਦਾ ਹੈ. ਜਦ ਕਿ ਧਰਮ ਧਰਮੀ ਬੰਦੇ ਦੀ ਖਾਣ ਪੀਣ ਦੀ ਆਜ਼ਾਦੀ ਵੀ ਖੋਹ ਲੈਂਦਾ ਹੈ।